ਗਉੜੀ ਕੀ ਵਾਰ ਮਹਲਾ ੪ ॥ ੴ ਸਤਿਗੁਰ ਪ੍ਰਸਾਦਿ ॥

ਇਹ ਵਾਰ ਸ਼੍ਰੀ ਗੁਰੂ ਰਾਮਦਾਸ ਜੀ ਦੀ ਉਚਾਰਨ ਕੀਤੀ ਹੋਈ ਹੈ। ਇਸ ਵਾਰ ਦੇ ਬਹੁਤੇ ਸਲੋਕ ਗੋਇੰਦਵਾਲ ਦੇ ਮਰਵਾਹੇ ਖਤ੍ਰੀਆਂ ਪ੍ਰਤੀ ਉਚਾਰੇ ਹੋਏ ਹਨ, ਜੋ ਗੁਰੂ ਅਮਰਦਾਸ ਜੀ ਦਾ ਵਿਰੋਧ ਕਰਦੇ ਸਨ। ਵਾਰ ਪਉੜੀਆਂ ਵਿਚ ਹੁੰਦੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਹਰੇਕ ਪਉੜੀ ਦੇ ਨਾਲ ਮਹੱਲਾ ਨਹੀਂ ਲਿਖਿਆ ਹੋਇਆ। ਵਾਰ ਦੇ ਅਰੰਭ ਵਿਚ ਲਿਖਿਆ ਹੁੰਦਾ ਹੈ ਕਿ ਇਹ ਵਾਰ ਕਿਸ ਮਹੱਲੇ ਦੀ ਹੈ। ਜਿਸ ਮਹੱਲੇ ਦਾ ਪਤਾ ਮੁੱਢ ਵਿਚ ਦਿਤਾ ਹੁੰਦਾ ਹੈ, ਸਾਰੀਆਂ ਪਉੜੀਆਂ ਉਸੇ ਮਹੱਲੇ ਦੀਆਂ ਹੁੰਦੀਆਂ ਹਨ। ਇਸ ਵਾਰ ਦੀਆਂ ੩੩ ਪਉੜੀਆਂ ਹਨ, ਜਿਨ੍ਹਾਂ ਵਿਚੋਂ ੨੮ ਪਉੜੀਆਂ ਚੌਥੇ ਪਾਤਸ਼ਾਹ ਦੀਆਂ ਹਨ। ਪੰਜਵੇਂ ਪਾਤਸ਼ਾਹ ਦੀਆਂ ੫ ਪਉੜੀਆਂ ਹਨ, ਜਿਨ੍ਹਾਂ ਦੇ ਅੱਗੇ ਮਹੱਲਾ ੫ ਜਾਂ ਪਉੜੀ ੫ ਲਿਖਿਆ ਹੋਇਆ ਹੈ। ਸਾਰੇ ਸਲੋਕਾਂ ਦੀ ਗਿਣਤੀ ੬੮ ਹੈ, ਮਹੱਲਾ ੪ ਦੇ ੫੩ ਸਲੋਕ ਹਨ, ਮਹਲਾ ੩ ਦੇ ੭ ਸਲੋਕ ਹਨ ਤੇ ਮਹੱਲਾ ੫ ਦੇ ੮ ਸਲੋਕ ਹਨ। ਅੰਗ ੩੦੬ ਤੇ ਜੋ ਬਾਰ੍ਹਵੀਂ ਪਉੜੀ ਹੈ, ਉਹ ਹੀ ਪਉੜੀ ਕੁਝ ਫਰਕ ਨਾਲ ੩੧੬ ਅੰਗ ਉਤੇ ਮਃ ੫ ਦੇ ਸਿਰਲੇਖ ਹੇਠ ਲਿਖੀ ਹੋਈ ਹੈ। ਗੁਰੂ ਅਰਜਨ ਦੇਵ ਜੀ ਨੇ ਪਿਤਾ ਗੁਰੂ ਰਾਮਦਾਸ ਜੀ ਦੇ ਬਚਨਾਂ ਨੂੰ ਹੀ ਮੁੜ ਦੁਹਰਾਇਆ ਹੈ। ਗਾਉਣ ਵਾਲੇ ਰਾਗੀ ਪਉੜੀਆਂ ਦੇ ਭਾਵ ਨਾਲ ਮਿਲਦੇ ਕੁਝ ਸਲੋਕ ਨਾਲ ਨਾਲ ਗਾ ਲਿਆ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ੨੨ ਵਾਰਾਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵੇਲੇ ਗੁਰੂ ਅਰਜਨ ਦੇਵ ਜੀ ਨੇ ਵਾਰਾਂ ਦੀਆਂ ਪਉੜੀਆਂ ਦੇ ਭਾਵ ਨਾਲ ਮਿਲਦੇ ਸਲੋਕ ਪਉੜੀਆਂ ਦੇ ਨਾਲ ਲਿਖਵਾ ਦਿਤੇ ਸਨ। ਸਾਰੀਆਂ ਵਾਰਾਂ ਵਿਚ ਲਿਖਵਾਏ ਸਲੋਕਾਂ ਵਿਚੋਂ ਜੋ ਸਲੋਕ ਬਚੇ, ਉਹ ਅਖੀਰ ਵਿਚ '**ਸਲੋਕ ਵਾਰਾਂ ਤੇ ਵਧੀਕ**' ਦੇ ਸਿਰਲੇਖ ਹੇਠ ਲਿਖਵਾ ਦਿਤੇ ਸਨ।

ਵਾਰ = ਯੁੱਧ ਸਬੰਧੀ ਉਹ ਕਾਵਿ ਰਚਨਾ ਜਿਸ ਵਿਚ ਸੂਰਵੀਰਤਾ ਦਾ ਵਰਨਣ ਹੁੰਦਾ ਹੈ। ਜਿਵੇਂ 'ਵਾਰ ਸ੍ਰੀ ਭਗਉਤੀ ਜੀ ਕੀ' (ਪਾਃ ੧੦)। ਵਾਰ ਦਾ ਅਰਥ ਪਉੜੀ ਛੰਦ ਵੀ ਹੋ ਗਿਆ, ਕਿਉਂਕਿ ਯੋਧਿਆਂ ਦੀ ਬਹਾਦਰੀ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਰਤਾਰ ਦੀ ਮਹਿਮਾਂ ਭਰੀ ਬਾਣੀ, ਜੋ ਪਉੜੀ ਛੰਦਾਂ ਨਾਲ ਸਲੋਕ ਮਿਲਾ ਕੇ ਲਿਖੀ ਗਈ ਹੈ। ਐਸੀਆਂ ਵਾਰਾਂ ਸ੍ਰੀ ਗੁਰੂ ਗੰਥ ਸਾਹਿਬ ਵਿਚ ੨੨ ਹਨ। (ਮਹਾਨ ਕੋਸ਼)

ੴ ਸਤਿਗੁਰ ਪ੍ਰਸਾਦਿ = ਸਰਬ ਸ਼ਕਤੀ ਮਾਨ ਵੈਰਾਟ ਰੂਪ ਅਦੁਤੀ ਪ੍ਰਮਾਤਮਾ, ਜੋ ਸੱਚੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਸਲੋਕ ਮਃ ੪ ॥ ਸਤਿਗੁਰੁ ਪੁਰਖੁ ਦਇਆਲੁ ਹੈ, ਜਿਸਨੋ ਸਮਤੁ ਸਭੁ ਕੋਇ ॥ ਏਕ ਦ੍ਰਿਸਟਿ ਕਰਿ ਦੇਖਦਾ, ਮਨ ਭਾਵਨੀ ਤੇ ਸਿਧਿ ਹੋਇ ॥ ਸਤਿਗੁਰ ਵਿਚਿ ਅੰਮ੍ਰਿਤੁ ਹੈ, ਹਰਿ ਉਤਮੁ ਹਰਿ ਪਦੁ ਸੋਇ ॥ ਨਾਨਕ ਕਿਰਪਾ ਤੇ ਹਰਿ ਧਿਆਈਐ, ਗੁਰਮੁਖਿ ਪਾਵੈ ਕੋਇ ॥੧॥ ਸਤਿਗੁਰੂ ਦਿਆਲੂ ਪੁਰਖ ਹੈ, ਜਿਸ ਨੂੰ ਸਭ ਕੋਈ (ਜੀਵ) ਇਕ ਬਰਾਬਰ ਹੈ। (ਕਿਉਂਕਿ ਉਹ ਸਭ ਨੂੰ) ਇਕ ਨਜਰ ਕਰਕੇ ਦੇਖਦਾ ਹੈ, (ਦੁਖ ਸੁਖ ਦੀ) ਪ੍ਰਾਪਤੀ ਮਨ ਦੀ ਭਾਵਨਾ ਅਨੁਸਾਰ ਹੁੰਦੀ ਹੈ (ਸਤਿਗੁਰੂ ਵਰਤਾਓ ਤਾਂ ਸਭ ਨਾਲ ਇਕੋ ਜਿਹਾ ਕਰਦਾ ਹੈ ,ਪਰ ਹਰੇਕ ਜੀਵ ਆਪੋ ਅਪਣੀ ਮਨ ਦੀ ਭਾਵਨਾ ਅਨੁਸਾਰ ਫਲ ਪ੍ਰਾਪਤ ਕਰਦਾ ਹੈ)। ਉਤਮ ਪਦਵੀ ਦੀ ਪ੍ਰਾਪਤੀ ਕਰਾਉਣ ਵਾਲਾ ਜੋ ਹਰਿ ਹਰਿ ਨਾਮ ਹੈ, ਉਹ ਨਾਮ ਅੰਮ੍ਰਿਤ ਸਤਿਗੁਰੂ ਦੇ ਹਿਰਦੇ ਵਿਚ ਹੈ; ਸਤਿਗੁਰੂ ਦੇ ਅੰਦਰ ਨਾਮ ਅੰਮ੍ਰਿਤ ਹੈ, ਉਹ ਹਰੀ ਵਾਂਗ ਉਤਮ ਹੈ ਤੇ ਹਰੀ ਵਾਲੀ ਪਦਵੀ ਰਖਦਾ ਹੈ (ਇੰਗਲਿਸ਼ ਟੀਕਾ S.G.P.C.)। ਹੇ ਨਾਨਕ! (ਅਜੇਹੇ ਮਹਾਨ ਗੁਰੂ ਦੀ) ਕ੍ਰਿਪਾ ਨਾਲ ਹਰੀ (ਦਾ ਨਾਮ) ਧਿਆਈਦਾ ਹੈ, (ਗੁਰੂ ਤੋਂ ਨਾਮ ਦੀ ਦਾਤ) ਕੋਈ ਵਿਰਲਾ ਗੁਰਮੁਖ ਪ੍ਰਾਪਤ ਕਰਦਾ ਹੈ।੧।

ਮਃ ੪ ॥ ਹਉਮੈ ਮਾਇਆ ਸਭ ਬਿਖੁ ਹੈ, ਨਿਤ ਜਗਿ ਤੋਟਾ ਸੰਸਾਰਿ ॥ ਲਾਹਾ ਹਰਿ ਧਨ ਖਟਿਆ, ਗੁਰਮੁਖਿ ਸਬਦੁ ਵੀਚਾਰਿ ॥ ਹਉਮੈ ਮੈਲੁ ਬਿਖੁ ਉਤਰੈ, ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥ ਹਉਮੈ ਤੇ ਮਾਇਆ ਸਭ ਜਹਿਰ ਰੂਪ ਹੈ, (ਜਿਸ ਕਰਕੇ ਮਨੁੱਖ ਨੂੰ) ਸੰਸਾਰ ਵਿਚ ਰਹਿੰਦਿਆਂ ਨਿਤ ਘਾਟਾ ਹੀ ਪੈਂਦਾ ਹੈ। (ਪਰ) ਗੁਰਮੁਖਾਂ ਨੇ ਸ਼ਬਦ ਨੂੰ ਵਿਚਾਰ ਕੇ ਹਰੀ ਦੇ ਨਾਮ ਧਨ ਦਾ ਲਾਹਾ ਖੱਟਿਆ ਹੈ। (ਕਿਉਂਕਿ) ਹਰੀ ਨੂੰ ਤੇ ਹਰੀ ਦੇ ਨਾਮ ਅੰਮ੍ਰਿਤ ਨੂੰ ਹਿਰਦੇ ਵਿਚ ਧਾਰ ਲੈਣ ਨਾਲ ਹਉਮੈ ਦੀ ਮੈਲ ਤੇ ਜਹਿਰ ਉਤਰ ਜਾਂਦੀ ਹੈ।

ਅੰਗ ੩੦੧ = ਸਭਿ ਕਾਰਜ ਤਿਨ ਕੇ ਸਿਧ ਹਹਿ, ਜਿਨ ਗੁਰਮੁਖਿ ਕਿਰਪਾ ਧਾਰਿ ॥ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ, ਹਰਿ ਮੇਲੇ ਸਿਰਜਣਹਾਰਿ ॥੨॥ ਉਨ੍ਹਾਂ (ਪਰਖਾਂ) ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ, ਜਿਨ੍ਹਾਂ ਗੁਰਮੁਖਾਂ ਉਪਰ (ਹਰੀ) ਕਿਰਪਾ ਕਰਦਾ ਹੈ ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ (ਪੁਰਖ ਗੁਰੂ ਨਾਲ) ਸ਼ੁਰੂ ਤੋਂ ਮਿਲੇ ਹੋਏ ਹਨ ਤੇ ਹੁਣ ਵੀ ਉਹ ਮਿਲ ਰਹੇ ਹਨ, (ਉਨ੍ਹਾਂ ਨੂੰ) ਸਿਰਜਣਹਾਰ ਹਰੀ ਨੇ (ਅਪਣੇ ਨਾਲ) ਮਿਲਾ ਲਿਆ ਹੈ।੨।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਸਮਤ-ਇਕੋ ਜਿਹਾ; ਬਰਾਬਰ। ਏਕ ਦ੍ਰਿਸਟਿ-ਇਕੋ ਨਿਗ੍ਹਾ ਨਾਲ। ਭਾਵਨੀ-ਭਾਵਨਾ; ਸ਼ਰਧਾ। ਸਿਧਿ-ਪ੍ਰਾਪਤੀ; ਸਫਲਤਾ। ਸੋਇ-ਉਹ।੧। ਬਿਖੁ-ਜਹਿਰ। ਨਿਤ-ਹਰ ਰੋਜ। ਤੋਟਾ-ਘਾਟਾ। ਜਗਿ-ਜਗਤ ਵਿਚ; ਜੀਵ (ਸੰ.ਸ.; ਟਕਸਾਲ; ਫ.ਸ.)। ਲਾਹਾ-। ਉਰ-ਹਿਰਦਾ। ਧਾਰਿ-ਟਿਕਾ ਕੇ। ਤਿਨ ਕੇ-ਉਨ੍ਹਾਂ ਦੇ। ਸਿਧਿ-ਸਫਲ। ਹਹਿ-ਹਨ। ਧੁਰਿ-ਧੁਰ ਤੋਂ; ਸ਼ੁਰੂ ਤੋਂ। ਸੇ-ਉਹ।੨।

ਹਰਿ ਉਤਮੁ ਹਰਿ ਪਦੁ = ਵਾਹਿਗੁਰੂ ਉਤਮ ਹੈ ਅਤੇ ਗੁਰੂ ਦੀ ਪਦਵੀ ਹਰੀ ਦੀ ਪਦਵੀ ਵਰਗੀ ਹੀ ਹੈ ਭਾਵ ਸਤਿਗੁਰੂ ਨੂੰ ਗੁਰੂ ਪਦਵੀ ਵਾਹਿਗੁਰੂ ਵਲੋਂ ਮਿਲੀ ਹੋਈ ਹੈ ਤੇ ਵਾਹਿਗੁਰੂ ਸਤਿਗੁਰੂ ਦੇ ਰੋਮ ਰੋਮ ਵਿਚ ਸਮਾਇਆ ਹੋਇਆ ਹੈ ਤੇ ਗੁਰੂ ਹਰੀ ਰੂਪ ਹੀ ਹੈ।

ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ, ਸਚੁ ਸਚਾ ਗੋਸਾਈ ॥ ਤੁਧੁਨੋ ਸਭ ਧਿਆਇਦੀ, ਸਭ ਲਗੈ ਤੇਰੀ ਪਾਈ ॥ ਤੇਰੀ ਸਿਫਤਿ ਸੁਆਲਿਓ ਸਰੂਪ ਹੈ, ਜਿਨਿ ਕੀਤੀ ਤਿਸੁ ਪਾਰਿ ਲਘਾਈ ॥ ਗੁਰਮੁਖਾ ਨੋ ਫਲੁ ਪਾਇਦਾ, ਸਚਿ ਨਾਮਿ ਸਮਾਈ ॥ ਵਡੇ ਮੇਰੇ ਸਾਹਿਬਾ ,ਵਡੀ ਤੇਰੀ ਵਡਿਆਈ ॥੧॥ ਹੇ ਸੱਚ ਸਰੂਪ ਗੁਸਾਈਂ (ਪ੍ਰਭੂ)! ਤੂੰ ਸੱਚ ਸਰੂਪ ਹੈਂ, (ਜਗਤ ਦਾ) ਸੱਚਾ ਮਾਲਕ ਹੈਂ। ਸਾਰੀ ਸ੍ਰਿਸਟੀ ਤੈਨੂੰ ਸਿਮਰਦੀ ਹੈ ਅਤੇ ਸਾਰੀ ਲੋਕਾਈ ਤੇਰੇ ਚਰਨਾਂ ਨਾਲ ਲਗਦੀ (ਜੁੜਦੀ) ਹੈ। ਤੇਰੀ ਸਿਫਤ ਸੁੰਦਰ ਰੂਪ ਵਾਲੀ ਹੈ, ਜਿਸ ਨੇ (ਇਹ ਸਿਫਤ) ਕੀਤੀ ਹੈ, ਉਸ ਨੂੰ (ਇਹ ਸਿਫਤ ਭਵ ਸਾਗਰ ਤੋਂ) ਪਾਰ ਲੰਘਾ ਦਿੰਦੀ ਹੈ। ਗੁਰਮੁਖਾਂ ਨੂੰ ਤੂੰ ਫਲ ਪ੍ਰਾਪਤ ਕਰਾ ਦੇਂਦਾ ਹੈਂ ਅਤੇ (ਉਨ੍ਹਾਂ ਨੂੰ) ਨਾਮ ਦੁਆਰਾ ਅਪਣੇ ਸੱਚ ਸਰੂਪ ਵਿਚ ਸਮਾ ਲੈਂਦਾ ਹੈਂ। ਹੇ ਮੇਰੇ ਵੱਡੇ ਸਾਹਿਬ! ਤੇਰੀ ਵਡਿਆਈ (ਸਭ ਤੋਂ) ਵਡੀ ਹੈ।੧।

ਪਦਾਰਥ = ਸਚਾ-ਸਦਾ ਥਿਰ ਰਹਿਣ ਵਾਲਾ ਵਾਹਿਗੁਰੂ। ਸਾਹਿਬੁ-ਮਾਲਕ। ਗੋਸਾਈ-ਧਰਤੀ ਦਾ ਮਾਲਕ। ਤੁਧੁਨੋ-ਤੈਨੂੰ। ਪਾਈ-ਪੈਰੀਂ (ਚਰਨਾਂ ਨਾਲ)। ਸੁਆਲਿਓ ਸਰੂਪ-ਸੁੰਦਰ ਰੂਪ ਵਾਲੀ; ਸਲਾਹੁਣ ਯੋਗ (ਸੰ.ਸ.)। ਪਾਇਦਾ-ਪ੍ਰਾਪਤ ਕਰਾ ਦੇਂਦਾ ਹੈਂ। ਸਚਿ ਨਾਮਿ-ਨਾਮ ਦੁਆਰਾ; ਨਾਮ ਜਪਾ ਕੇ ਸੱਚ ਵਿਚ। ਸਮਾਈ-ਲੀਨਤਾ; ਅਭੇਦਤਾ।੧।

ਸਲੋਕ ਮਃ ੪ ॥ ਵਿਣੁ ਨਾਵੈ ਹੋਰੁ ਸਲਾਹਣਾ, ਸਭੁ ਬੋਲਣੁ ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ, ਹਉਮੈ ਮਮਤਾ ਵਾਦੁ ॥ ਜਿਨ ਸਾਲਾਹਨਿ ਸੇ ਮਰਹਿ, ਖਪਿ ਜਾਵੈ ਸਭੁ ਅਪਵਾਦੁ ॥ ਜਨ ਨਾਨਕ ਗੁਰਮੁਖਿ ਉਬਰੇ, ਜਪਿ ਹਰਿ ਹਰਿ ਪਰਮਾਨਾਦੁ ॥੧॥ ਨਾਮ ਤੋਂ ਬਿਨਾ (ਜਿਹੜਾ ਕਿਸੇ) ਹੋਰ ਨੂੰ ਸਲਾਹੁਣਾ ਹੈ, (ਉਹ) ਬੋਲਣਾ ਸਭ ਫਿੱਕਾ ਸੁਆਦ ਹੈ (ਹੰਕਾਰੀ ਬੰਦਿਆਂ ਦੀ ਵਡਿਆਈ ਬੇਸੁਆਦੀ ਹੈ)। ਮਨਮੁਖ ਹੰਕਾਰ ਵਾਲੇ ਬੰਦੇ ਨੂੰ ਹੀ ਸਲਾਹੁੰਦੇ ਹਨ, (ਜਿਨ੍ਹਾਂ ਦੇ ਸਲਾਹੁਣ ਵਿਚ) ਮੈ ਮੇਰੀ ਤੇ ਵਾਦ ਵਿਵਾਦ ਹੁੰਦਾ ਹੈ; (ਇਸ ਸਲਾਹੁਣ ਦੀ) ਮੈਂ ਮੇਰੀ ਬੇਅਰਥ ਹੈ। ਜਿਨ੍ਹਾਂ ਹੰਕਾਰੀਆਂ ਨੂੰ ਸਲਾਹੁੰਦੇ ਹਨ, ਉਹ ਮਰ ਖਪ ਜਾਂਦੇ ਹਨ, (ਤੇ ਉਨ੍ਹਾਂ ਦੇ ਮਰਨ ਪਿੱਛੋਂ) ਸਾਰਾ ਝਗੜਾ ਹੀ ਮੁੱਕ ਜਾਂਦਾ ਹੈ। ਦਾਸ ਨਾਨਕ ਆਖਦਾ ਹੈ ਕਿ ਪਰਮ ਅਨੰਦ ਸਰੂਪ ਹਰਿ ਹਰਿ ਨੂੰ ਜਪ ਕੇ ਗੁਰਮੁਖ ਭਵ ਸਾਗਰ ਤੋਂ ਤਰ ਗਏ ਹਨ; ਗੁਰਮੁਖ (ਹੰਕਾਰੀ ਲੋਕਾਂ ਦੀ ਝੂਠੀ ਵਡਿਆਈ ਕਰਨ ਤੋਂ) ਬਚ ਗਏ ਹਨ।੧।

ਮਃ ੪ ॥ ਸਤਿਗੁਰ ਹਰਿ ਪ੍ਰਭੁ ਦਸਿ, ਨਾਮੁ ਧਿਆਈ ਮਨਿ ਹਰੀ ॥ ਨਾਨਕ ਨਾਮੁ ਪਵਿਤੁ ਹਰਿ, ਮੁਖਿ ਬੋਲੀ ਸਭਿ ਦੁਖ ਪਰਹਰੀ ॥੨॥ ਹੇ ਸਤਿਗੁਰੂ! ਹਰੀ ਪ੍ਰਭੂ (ਦਾ ਪਤਾ ਮੈਨੂੰ) ਦੱਸੋ, ਤਾਂ ਜੋ ਮੈਂ ਮਨ ਵਿਚ ਹਰੀ ਦਾ ਨਾਮ ਧਿਆਵਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਪਵਿਤ੍ਰ ਹੈ, (ਉਸ ਨਾਮ ਨੂੰ ਮੈਂ) ਮੂੰਹ ਨਾਲ ਉਚਾਰਨ ਕਰਾਂ ਤੇ ਸਾਰੇ ਦੁਖ ਦੂਰ ਕਰ ਲਵਾਂ।੨।

ਪਦਾਰਥ = ਵਿਣੁ-ਬਿਨਾ। ਫਿਕਾ-ਬੇ ਰਸਾ। ਸਾਦੁ-ਸੁਆਦ। ਸਲਾਹਦੇ-ਵਡਿਆਈ ਕਰਦੇ ਹਨ। ਹਉਮੈ ਮਮਤਾ-ਮੈਂ ਮੇਰੀ (ਮ.ਕੋ.)। ਵਾਦੁ-ਬੇਅਰਥ; ਝਗੜਾ। ਸੇ-ਉਹ। ਅਪਵਾਦੁ-ਨਿੰਦਾ; ਝਗੜੇ ਵਾਲੀ ਬਹਿਸ। ਉਬਰੇ-ਤਰ ਗਏ; ਬਚ ਗਏ। ਪਰਮਾਨਾਦੁ-ਪਰਮ ਅਨੰਦ ਸਰੂਪ; ਆਦਿ ਰਹਿਤ ਪਰਮ ਹਸਤੀ।੧। ਧਿਆਈ-ਮੈਂ ਸਿਮਰਾਂ। ਮਨਿ-ਮਨ ਵਿਚ। ਮੁਖਿ-ਮੂੰਹ ਨਾਲ। ਪਰਹਰੀ-ਦੂਰ ਕਰਾਂ।੨।

ਪਉੜੀ ॥ ਤੂ ਆਪੇ ਆਪਿ ਨਿਰੰਕਾਰੁ ਹੈ, ਨਿਰੰਜਨ ਹਰਿ ਰਾਇਆ ॥ ਜਿਨੀ ਤੂ ਇਕ ਮਨਿ ਸਚੁ ਧਿਆਇਆ, ਤਿਨ ਕਾ ਸਭੁ ਦੁਖੁ ਗਵਾਇਆ ॥ ਤੇਰਾ ਸਰੀਕੁ ਕੋ ਨਾਹੀ, ਜਿਸ ਨੋ ਲਵੈ ਲਾਇ ਸੁਣਾਇਆ ॥ ਤੁਧੁ ਜੇਵਡੁ ਦਾਤਾ ਤੂ ਹੈ ਨਿਰੰਜਨਾ, ਤੂ ਹੈ ਸਚੁ ਮੇਰੈ ਮਨਿ ਭਾਇਆ ॥ ਸਚੇ ਮੇਰੇ ਸਾਹਿਬਾ, ਸਚੇ ਸਚੁ ਨਾਇਆ ॥੨॥ ਹੇ ਹਰੀ ਰਾਜੇ! ਤੂੰ ਅਪਣੇ ਆਪ ਵਿਚ ਅਕਾਰ ਰਹਿਤ ਤੇ ਮਾਇਆ ਤੋਂ ਰਹਿਤ ਹੈਂ। ਜਿਨਾਂ ਪੁਰਖਾਂ ਨੇ ਇਕ ਮਨ ਹੋ ਕੇ ਤੈਨੂੰ ਸੱਚ ਸਰੂਪ ਨੂੰ ਜਪਿਆ ਹੈ, ਉਨ੍ਹਾਂ ਦਾ ਤੈਂ ਸਾਰਾ ਦੁਖ ਮਿਟਾ ਦਿਤਾ ਹੈ। ਤੇਰਾ ਸਰੀਕ ਕੋਈ ਨਹੀਂ, ਜਿਸ ਨੂੰ ਤੇਰੇ ਬਰਾਬਰ ਲਗਾ ਕੇ ਸੁਣਾਇਆ ਜਾ ਸਕੇ। ਹੇ ਨਿਰੰਜਨ ਪ੍ਰਭੂ! ਤੇਰੇ ਜਿਤਨਾ ਵੱਡਾ ਦਾਤਾ ਵੀ ਤੂੰ ਹੀ ਹੈਂ, ਤੂੰ ਸੱਚ ਸਰੂਪ ਹੈਂ, ਮੇਰੇ ਮਨ ਨੂੰ ਪਸੰਦ ਆਇਆ ਹੈਂ। ਹੇ ਮੇਰੇ ਸੱਚੇ ਸਾਹਿਬ! ਤੂੰ ਸੱਚਾ ਹੈਂ ਤੇ ਤੇਰਾ ਨਾਮ ਵੀ ਸੱਚਾ ਹੈ।੨।

ਪਦਾਰਥ = ਨਿਰੰਕਾਰੁ-ਅਕਾਰ ਰਹਿਤ। ਨਿਰੰਜਨ-ਮਾਇਆ ਰਹਿਤ। ਰਾਇਆ-ਰਾਜਾ। ਜਿਨੀ-ਜਿਨ੍ਹਾਂ ਨੇ। ਗਵਾਇਆ-ਦੂਰ ਕਰ ਦਿਤਾ। ਸਰੀਕ-ਬਰਾਬਰੀ ਕਰਨ ਵਾਲਾ। ਕੋ ਨਾਹੀ-ਕੋਈ ਨਹੀਂ। ਲਵੈ ਲਾਇ-ਬਰਾਬਰ ਲਗਾ ਕੇ; ਬਰਾਬਰ ਦਾ ਕਹਿ ਕੇ। ਤੁਧੁ ਜੇਵਡੁ-ਤੇਰੇ

www.gurugranthvakhyaan.org

ਜਿਤਨਾ ਵੱਡਾ।ਭਾਇਆ–ਪਸੰਦ ਆਇਆ; ਚੰਗਾ ਲੱਗਾ।ਨਾਇਆ–ਨਾਮ; ਵਡਿਆਈ।੨।

ਵਿਆਖਿਆ = ਅਕਾਲ ਪੁਰਖ ਸੱਚ ਹੈ, ਉਸ ਦਾ ਨਾਮ ਵੀ ਉਸ ਵਾਂਗ ਸੱਚਾ ਹੈ।ਉਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਤੇ ਉਸਦੇ ਜਿਤਨਾ ਵੱਡਾ ਦਾਤਾ ਵੀ ਹੋਰ ਕੋਈ ਨਹੀਂ।ਅਕਾਲ ਪੁਰਖ ਤੋਂ ਬਿਨਾ ਹੋਰ ਕੋਈ ਸੱਚ ਨਹੀਂ, ਇਸ ਲਈ ਉਹ ਵਾਹਿਗੁਰੂ ਸਲਾਹੁਣ ਯੋਗ ਹੈ।ਵਾਹਿਗੁਰੂ ਦੀ ਸਿਫਤ ਸਲਾਹ ਮਨੁੱਖ ਨੂੰ ਵਾਹਿਗੁਰੂ ਤਕ ਪਹੁੰਚਾ ਦੇਂਦੀ ਹੈ।ਵਾਹਿਗੁਰੂ ਤੋਂ ਬਿਨਾ ਹੋਰ ਕਿਸੇ ਹਸਤੀ ਦੀ ਸਿਫਤ ਅਨੰਦ ਦੇਣ ਵਾਲੀ ਨਹੀਂ ਹੁੰਦੀ, ਕਿਉਂਕਿ ਉਹ ਸੱਚੇ ਨਹੀਂ ਹਨ।ਇਨ੍ਹਾਂ ਦੀ ਸਿਫਤਾਂ ਕਰਨ ਵਾਲੇ ਮਨਮੁਖ ਹਨ, ਇਨ੍ਹਾਂ ਦੀ ਸਿਫਤਾਂ ਹਉਮੈ ਮਮਤਾ ਦੇ ਕਾਰਣ ਹੀ ਹੁੰਦੀਆਂ ਹੈ ਤੇ ਵਾਦ ਵਿਵਾਦ ਦਾ ਕਾਰਣ ਬਣਦੀਆਂ ਹਨ।ਜਿਨ੍ਹਾਂ ਦੀਆਂ ਸਿਫਤਾਂ ਕੀਤੀਆਂ ਜਾਂਦੀਆਂ ਹਨ, ਉਹ ਸਦੀਵੀ ਨਹੀਂ ਹਨ ਤੇ ਨਾ ਹੀ ਸਿਫਤਾਂ ਕਰਨ ਵਾਲੇ ਸਦੀਵੀ ਹਨ, ਦੋਵੇਂ ਹੀ ਮਰ ਜਾਂਦੇ ਹਨ।ਸੱਚੇ ਵਾਹਿਗੁਰੂ ਦੀਆਂ ਸਿਫਤਾਂ ਕਰਨ ਨਾਲ ਮਨੁੱਖ ਅਨੰਦ ਪ੍ਰਾਪਤ ਕਰਦਾ ਹੈ ਤੇ ਭਵਜਲ ਤੋਂ ਪਾਰ ਲੰਘ ਜਾਂਦਾ ਹੈ।

ਸਲੋਕ ਮਃ ੪ ॥ ਮਨ ਅੰਤਰਿ ਹਉਮੈ ਰੋਗੁ ਹੈ, ਭ੍ਰਮਿ ਭੂਲੇ ਮਨਮੁਖ ਦੁਰਜਨਾ ॥ ਨਾਨਕ ਰੋਗੁ ਗਵਾਇ, ਮਿਲਿ ਸਤਿਗੁਰ ਸਾਧੂ ਸਜਨਾ ॥੧॥ (ਜਿਨ੍ਹਾਂ ਦੇ) ਮਨ ਦੇ ਅੰਦਰ ਹਉਮੈ ਦਾ ਰੋਗ ਹੈ, (ਉਹ) ਮਨਮੁਖ ਖੋਟੇ ਪੁਰਖ ਹਨ ਤੇ ਭਰਮ ਵਿਚ ਭੁੱਲੇ ਹੋਏ ਹਨ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ!) ਸਤਿਗੁਰੂ, ਸਾਧੂਆਂ ਤੇ ਨੇਕ ਪੁਰਖਾਂ ਨੂੰ ਮਿਲ ਕੇ (ਅਪਣਾ) ਰੋਗ ਦੂਰ ਕਰ ਲੈ।੧।(ਇਹ ਸਲੋਕ ਅੰਗ ੧੩੧੭ ਉਤੇ 'ਕਾਨੜੇ ਦੀ ਵਾਰ' ਵਿਚ ਅਤੇ ਅੰਗ ੧੪੨੪ ਉਤੇ 'ਸਲੋਕ ਵਾਰਾਂ ਤੇ ਵਧੀਕ' ਵਿਚ ਵੀ ਆਉਂਦਾ ਹੈ)।

ਮਃ ੪ ॥ ਮਨੁ ਤਨੁ ਰਤਾ ਰੰਗ ਸਿਉ ,ਗੁਰਮੁਖਿ ਹਰਿ ਗੁਣ ਤਾਸੁ ॥ ਜਨ ਨਾਨਕ ਹਰਿ ਸਰਣਾਗਤੀ, ਹਰਿ ਮੇਲੇ ਗੁਰ ਸਾਬਾਸਿ ॥੨॥ ਗੁਰਮੁਖਾਂ ਦਾ ਮਨ ਤੇ ਤਨ ਗੁਣਾਂ ਦੇ ਖਜਾਨੇ ਹਰੀ ਦੇ ਪ੍ਰੇਮ ਰੰਗ ਨਾਲ ਰੰਗਿਆ ਪਿਆ ਹੈ।ਦਾਸ ਨਾਨਕ (ਗੁਰੂ ਰਾਮਦਾਸ) ਹਰੀ ਦੀ ਸ਼ਰਣ ਵਿਚ ਆਇਆ ਹੈ ਅਤੇ ਗੁਰੂ ਦੀ ਅਸ਼ੀਰਵਾਦ ਨਾਲ ਹਰੀ ਨੇ (ਮੈਨੂੰ ਅਪਣੇ ਨਾਲ) ਮਿਲਾ ਲਿਆ ਹੈ; ਦਾਸ ਨਾਨਕ ਆਖਦਾ ਹੈ ਕਿ (ਜੋ ਮਨੁੱਖ) ਹਰੀ ਦੀ ਸ਼ਰਣ ਵਿਚ ਆਏ ਹਨ, (ਉਨ੍ਹਾਂ ਨੂੰ) ਗੁਰੂ ਦੀ ਅਸੀਸ ਨਾਲ ਹਰੀ ਨੇ ਅਪਣੇ ਨਾਲ ਮਿਲਾ ਲਿਆ ਹੈ।੨।

ਪਦਾਰਥ = ਅੰਤਰਿ–ਅੰਦਰ।ਦੁਰਜਨਾ–ਖੋਟੇ ਪੁਰਖ।ਸਜਨਾ–ਨੇਕ ਪੁਰਖ।੧।ਰਤਾ–ਰੰਗਿਆ ਹੈ।ਰੰਗ ਸਿਉ–ਪ੍ਰੇਮ ਦੇ ਰੰਗ ਨਾਲ। ਗੁਣ ਤਾਸੁ–ਗੁਣਾਂ ਦਾ ਖਜਾਨਾ।ਸਰਣਾਗਤੀ–ਸ਼ਰਣ ਵਿਚ ਆਇਆ ਹੈ।ਸਾਬਾਸਿ–ਅਸ਼ੀਰਵਾਦ ਨਾਲ।੨।

ਪਉੜੀ ॥ ਤੂ ਕਰਤਾ ਪੁਰਖੁ ਅਗੰਮੁ ਹੈ, ਕਿਸੁ ਨਾਲਿ ਤੂ ਵੜੀਐ ॥ ਤੁਧੁ ਜੇਵਡ ਹੋਇ ਸੁ ਆਖੀਐ, ਤੁਧੁ ਜੇਹਾ ਤੂ ਹੈ ਪੜੀਐ ॥ ਤੂ ਘਟਿ ਘਟਿ ਇਕੁ ਵਰਤਦਾ, ਗੁਰਮੁਖਿ ਪਰਗੜੀਐ ॥ ਤੂ ਸਚਾ ਸਭਸ ਦਾ ਖਸਮੁ ਹੈ, ਸਭਦੂ ਤੂ ਚੜੀਐ ॥ ਤੂ ਕਰਹਿ ਸੁ ਸਚੇ ਹੋਇਸੀ, ਤਾ ਕਾਇਤੁ ਕੜੀਐ ॥੩॥ (ਹੇ ਪ੍ਰਭੂ! ਸਭ ਦੀ) ਤੂੰ ਰਚਨਾ ਕਰਨ ਵਾਲਾ ਪੁਰਖ ਹੈਂ, (ਜੀਵਾਂ ਦੀ) ਪਹੁੰਚ ਤੋਂ ਪਰੇ ਹੈਂ, ਤੈਨੂੰ ਕਿਸ ਨਾਲ ਵਡਿਆਈ ਦੇਈਏ; ਕਿਸ ਨਾਲ ਤੇਰੀ ਤੁਲਨਾ ਕਰੀਏ? (ਜੇ ਕੋਈ ਹੋਰ) ਤੇਰੇ ਜਿੱਡਾ ਵੱਡਾ ਹੋਵੇ ਤਾਂ ਅਖੀਏ ਕਿ ਉਹ (ਤੇਰੇ ਬਰਾਬਰ ਦਾ) ਹੈ, ਤੇਰੇ ਜੇਹਾ ਤੂੰ ਹੀ (ਧਰਮ ਗ੍ਰੰਥਾਂ ਵਿਚੋਂ) ਪੜ੍ਹੀਦਾ ਹੈ।ਹਰੇਕ ਜੀਵ ਵਿਚ ਇਕ ਤੂੰ ਹੀ ਵਰਤ ਰਿਹਾ ਹੈਂ, (ਪਰ ਇਹ ਭੇਤ) ਗੁਰੂ ਦੁਆਰਾ ਪ੍ਰਗਟ ਹੁੰਦਾ ਹੈ; (ਪਰ ਤੂੰ) ਗੁਰਮੁਖਾਂ ਨੂੰ ਪ੍ਰਗਟ ਹੁੰਦਾ ਹੈਂ।ਸਾਰੇ ਜੀਵਾਂ ਦਾ ਤੂੰ ਸੱਚਾ ਖਸਮ ਹੈਂ, ਤੂੰ ਸਭ ਤੋਂ ਚੜ੍ਹਤ (ਵੱਡਾ; ਉਚਾ) ਹੈਂ।ਹੇ ਸੱਚੇ ਪ੍ਰਭੂ! ਜੋ ਤੂੰ ਕਰਦਾ ਹੈਂ, ਉਹ ਹੀ ਹੁੰਦਾ ਹੈ, ਤਾਂ (ਫਿਰ ਅਸੀਂ) ਕਿਉਂ ਦੁਖੀ ਹੋਈਏ?।੩।

ਪਦਾਰਥ = ਕਰਤਾ–ਸਿਰਜਨਹਾਰ।ਪੁਰਖੁ–ਸਭ ਵਿਚ ਵਿਆਪਕ।ਅਗੰਮੁ–ਅਪਹੁੰਚ।ਵੜੀਐ–ਵਡਿਆਈ ਦੇਈਏ; ਤੁਲਨਾ ਕਰੀਏ। ਜੇਵਡ–ਜਿੱਡਾ ਵਡਾ।ਪੜੀਐ–ਪੜ੍ਹੀਦਾ; (ਗ੍ਰੰਥਾਂ ਦੇ ਪਾਠ ਤੋਂ) ਜਾਣੀਦਾ ਹੈ (ਮ.ਕੋ)।ਘਟਿ ਘਟਿ–ਹਰੇਕ ਜੀਵ ਵਿਚ।ਪਰਗੜੀਐ–ਪ੍ਰਗਟ ਹੁੰਦਾ ਹੈ।ਸਭਦੂ–ਸਭ ਤੋਂ।ਚੜੀਐ–ਚੜ੍ਹਤ ਵਾਲਾ; ਵੱਡਾ; ਉਚਾ।ਕਾਇਤ–ਕਿਉਂ।ਕੜੀਐ–ਝੂਰੀਏ; ਦੁਖੀ ਹੋਈਏ।੩।

ਸਲੋਕ ਮਃ੪ ॥ ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ, ਅਠੇ ਪਹਰ ਲਗੰਨਿ ॥ ਜਨ ਨਾਨਕ ਕਿਰਪਾ ਧਾਰਿ ਪ੍ਰਭ, ਸਤਿਗੁਰ ਸੁਖਿ ਵਸੰਨਿ ॥੧॥ ਮੇਰੇ ਮਨ ਵਿਚ ਤੇ ਤਨ ਵਿਚ ਪਿਆਰੇ ਪ੍ਰਭੂ ਦਾ ਪ੍ਰੇਮ ਹੈ, (ਮੇਰਾ ਤਨ ਤੇ ਮਨ ਪ੍ਰੇਮ ਵਿਚ) ਅੱਠੇ ਪਹਿਰ ਲੱਗੇ ਰਹਿੰਦੇ ਹਨ।ਦਾਸ ਨਾਨਕ ਦੀ ਅਰਦਾਸ ਹੈ ਕਿ ਹੇ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ, (ਮੇਰਾ ਤਨ ਮਨ) ਸਤਿਗੁਰੂ ਦੇ ਸੁਖ ਵਿਚ ਵਸਦੇ ਰਹਿਣ (ਜਿਵੇਂ ਸਤਿਗੁਰੂ ਕੁਦਰਤੀ ਸੁਖ ਵਿਚ ਵਸਦਾ ਹੈ, ਤਿਵੇਂ ਮੈਂ ਵੀ ਉਸੇ ਸੁਖ ਵਿਚ ਵਸਦਾ ਰਹਾਂ)।੧।

ਮਃ ੪ ॥ ਜਿਨ ਅੰਦਰਿ ਪ੍ਰੀਤਿ ਪਿਰੰਮ ਕੀ, ਜਿਉ ਬੋਲਨਿ ਤਿਵੈ ਸੋਹੰਨਿ ॥ ਨਾਨਕ ਹਰਿ ਆਪੇ ਜਾਣਦਾ, ਜਿਨਿ ਲਾਈ ਪ੍ਰੀਤਿ ਪਿਰੰਨਿ ॥੨॥ ਜਿਨ੍ਹਾਂ ਪੁਰਖਾਂ ਦੇ ਅੰਦਰ ਪਿਆਰੇ ਪ੍ਰਭੂ ਦੀ ਪ੍ਰੀਤ ਹੈ, (ਉਹ) ਜਿਵੇਂ ਬੋਲਣ ਤਿਵੇਂ ਹੀ ਸੋਹਣੇ ਲਗਦੇ ਹਨ।ਨਾਨਕ ਗੁਰੂ ਜੀ ਆਖ ਰਹੇ ਹਨ ਕਿ ਜਿਸ ਪਿਆਰੇ ਪ੍ਰਭੂ ਨੇ (ਉਨ੍ਹਾਂ ਦੇ ਅੰਦਰ ਇਹ) ਪ੍ਰੀਤ ਲਾਈ ਹੈ, ਉਹ ਹਰੀ ਆਪੇ (ਉਨ੍ਹਾਂ ਦੇ ਅੰਦਰਲੇ ਪਿਆਰ ਭਰੇ

www.gurugranthvakhyaan.org

ਭਾਵ ਨੂੰ) ਜਾਣਦਾ ਹੈ।੨। ਜੇ ਬਾਹਰਹੁ ਭੁਲਿ ਚੁਕਿ ਬੋਲਦੇ, ਭੀ ਖਰੇ ਹਰਿ ਭਾਣੇ।(੪੫੦)

ਪਦਾਰਥ = ਮੈ ਮਨਿ–ਮੇਰੇ ਮਨ ਵਿਚ।ਪਿਰੰਮ–ਪਿਆਰਾ (ਪ੍ਰਭੂ)।ਲਗੰਨਿ–ਲੱਗਾ ਰਹਿੰਦਾ ਹੈ।ਧਾਰਿ–ਧਾਰ (ਕਰ)।ਵਸੰਨਿ–ਵਸਦੇ ਰਹਿਣ।੧।ਤਿਵੈ–ਤਿਵੇਂ।ਸੋਹੰਨਿ–ਸੋਭਦੇ ਹਨ; ਸੋਹਣੇ ਲਗਦੇ ਹਨ।ਪਿਰੰਨਿ–ਪਿਆਰੇ (ਪ੍ਰਭੂ) ਨੇ।੨।

ਪਉੜੀ ॥ ਤੂ ਕਰਤਾ ਆਪਿ ਅਭੁਲੁ ਹੈ, ਭੁਲਣ ਵਿਚਿ ਨਾਹੀ ॥ ਤੂ ਕਰਹਿ ਸੁ ਸਚੇ ਭਲਾ ਹੈ, ਗੁਰ ਸਬਦਿ ਬੁਝਾਹੀ ॥ ਤੂ ਕਰਣ ਕਾਰਣ ਸਮਰਥੁ ਹੈ, ਦੂਜਾ ਕੋ ਨਾਹੀ ॥ ਤੂ ਸਾਹਿਬੁ ਅਗਮੁ ਦਇਆਲੁ ਹੈ, ਸਭਿ ਤੁਧੁ ਧਿਆਹੀ ॥ ਹੇ ਕਰਤਾਰ! ਤੂੰ ਆਪ ਅਭੁੱਲ ਹੈਂ ਤੇ ਭੁੱਲਣ ਵਿਚ ਨਹੀਂ ਆਉਂਦਾ।ਹੇ ਸੱਚੇ ਪ੍ਰਭੂ! ਜੋ ਕੁਛ ਤੂੰ ਕਰਦਾ ਹੈਂ, ਉਹ ਭਲਾ ਹੀ ਹੁੰਦਾ ਹੈ, (ਇਹ ਗੱਲ ਤੂੰ) ਗੁਰੂ ਦੇ ਸ਼ਬਦ ਦੁਆਰਾ ਸਮਝਾ ਦੇਂਦਾ ਹੈਂ।ਤੂੰ (ਸਾਰੇ) ਕਾਰਣਾਂ ਦੇ ਕਰਨ ਵਾਲਾ ਸ਼ਕਤੀਵਾਨ ਹੈਂ, (ਤੇਰੇ ਵਰਗਾ ਸਮਰੱਥ ਹੋਰ) ਦੂਜਾ ਕੋਈ ਨਹੀਂ।ਤੂੰ ਅਪਹੁੰਚ (ਮਨ ਦੀ ਪਹੁੰਚ ਤੋਂ ਪਰੇ) ਹੈਂ, ਦਇਆ ਕਰਨ ਵਾਲਾ ਮਾਲਕ ਹੈਂ, ਸਾਰੇ ਤੈਨੂੰ ਸਿਮਰਦੇ ਹਨ।

ਅੰਗ ੩੦੨ = ਸਭਿ ਜੀਅ ਤੇਰੇ ਤੂ ਸਭਸ ਦਾ, ਤੂ ਸਭ ਛਡਾਹੀ ॥੪॥ ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ, ਤੂੰ ਸਭ ਦਾ ਮਾਲਕ ਹੈਂ, (ਇਸ ਲਈ) ਤੂੰ ਸਭ ਨੂੰ ਜਮਾਂ ਤੋਂ ਛਡਾਉਣ ਵਾਲਾ ਹੈਂ (ਕਿਉਂਕਿ ਰਚਨਹਾਰ ਨੂੰ ਰਚਨਾ ਪਿਆਰੀ ਹੁੰਦੀ ਹੈ)।੪।

ਪਦਾਰਥ = ਕਰਤਾ–ਸਿਰਜਨਹਾਰ।ਅਭੁਲੁ–ਜੋ ਭੁੱਲਦਾ ਨਹੀਂ।ਸੁ–ਉਹ।ਬੁਝਾਹੀ–ਸਮਝਾ ਦੇਂਦਾ ਹੈਂ।ਕਰਣ ਕਾਰਣ–ਜਗਤ ਦਾ ਮੂਲ ਕਾਰਣ; ਸਾਰੇ ਕਾਰਣਾਂ ਦਾ ਕਰਤਾ।ਸਮਰਥੁ–ਸ਼ਕਤੀਵਾਨ।ਕੋ–ਕੋਈ।ਅਗਮ–ਅਪਹੁੰਚ।ਤੁਧੁ–ਤੈਨੂੰ।ਧਿਆਹੀ–ਸਿਮਰਦੇ ਹਨ।ਜੀਅ–ਜੀਵ।ਸਭਸ ਦਾ–ਸਭ ਦਾ (ਮਾਲਕ)।ਛਡਾਹੀ–(ਜਮਾਂ; ਦੁਖਾਂ ਤੋਂ) ਛਡਾਉਣ ਵਾਲਾ।੪।

ਸਲੋਕ ਮਃ ੪ ॥ ਸੁਣਿ ਸਾਜਨ ਪ੍ਰੇਮ ਸੰਦੇਸਰਾ, ਅਖੀ ਤਾਰ ਲਗੰਨਿ ॥ ਗੁਰਿ ਤੁਠੈ ਸਜਣੁ ਮੇਲਿਆ, ਜਨ ਨਾਨਕ ਸੁਖਿ ਸਵੰਨਿ ॥੧॥ ਸੱਜਣ ਦਾ ਪ੍ਰੇਮ ਭਰਿਆ ਸੁਨੇਹਾ ਸੁਣ ਕੇ (ਸਾਡੀ) ਅੱਖਾਂ ਦੀ ਨੀਝ (ਸੱਜਣ ਦੇ ਉਡੀਕ ਵਿਚ) ਲਗ ਗਈ ਹੈ।ਗੁਰੂ ਨੇ ਪ੍ਰਸੰਨ ਹੋ ਕੇ ਸੱਜਣ ਮਿਲਾ ਦਿਤਾ ਹੈ, ਦਾਸ ਨਾਨਕ (ਹੁਣ) ਸੁੱਖ ਵਿਚ ਸੌਂਦਾ ਹੈ (ਅੱਖਾਂ ਜੋ ਉਡੀਕ ਵਿਚ ਬੇਚੈਨ ਸਨ, ਹੁਣ ਅਨੰਦ ਵਿਚ ਹਨ)।੧।

ਮਃ ੪ ॥ ਸਤਿਗੁਰੁ ਦਾਤਾ ਦਇਆਲ ਹੈ, ਜਿਸ ਨੋ ਦਇਆ ਸਦਾ ਹੋਇ ॥ ਸਤਿਗੁਰੁ ਅੰਦਰਹੁ ਨਿਰਵੈਰੁ ਹੈ, ਸਭੁ ਦੇਖੈ ਬ੍ਰਹਮੁ ਇਕੁ ਸੋਇ ॥ ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ, ਤਿਨ ਵਿਚਹੁ ਤਿਸਟਿਆ ਨ ਕੋਇ ॥ ਸਤਿਗੁਰੁ ਸਭਨਾ ਦਾ ਭਲਾ ਮਨਾਇਦਾ, ਤਿਸ ਦਾ ਬੁਰਾ ਕਿਉ ਹੋਇ ॥ ਸਤਿਗੁਰ ਨੋ ਜਿਹਾ ਕੋ ਇਛਦਾ, ਤੇਹਾ ਫਲੁ ਪਾਏ ਕੋਇ ॥ ਨਾਨਕ ਕਰਤਾ ਸਭੁ ਕਿਛੁ ਜਾਣਦਾ, ਜਿਦੂ ਕਿਛੁ ਗੁਝਾ ਨ ਹੋਇ ॥੨॥ ਸਤਿਗੁਰੂ (ਅਜੇਹਾ) ਦਇਆ ਕਰਨ ਵਾਲਾ ਦਾਤਾ ਹੈ, ਜਿਸ ਨੂੰ ਸਦਾ ਹੀ ਦਇਆ ਹੁੰਦੀ ਹੈ (ਉਸ ਦੇ ਦਿਲ ਵਿਚ ਸਦਾ ਦਇਆ ਰਹਿੰਦੀ ਹੈ।ਕਿਉਂਕਿ) ਸਤਿਗੁਰੂ ਅੰਦਰੋਂ ਨਿਰਵੈਰ ਹੈ, ਉਹ ਸਭ ਨੂੰ ਇਕ ਬ੍ਰਹਮ ਰੂਪ ਹੀ ਦੇਖਦਾ ਹੈ (ਇਸ ਲਈ ਉਹ ਕਿਸੇ ਨਾਲ ਵੈਰ ਨਹੀਂ ਕਰਦਾ।ਕੁਦਰਤੀ ਨਿਯਮ ਹੈ ਕਿ) ਜੋ ਮਨੁੱਖ ਨਿਰਵੈਰਾਂ ਨਾਲ ਵੈਰ ਚਲਾਉਂਦੇ (ਕਰਦੇ) ਹਨ, ਉਨ੍ਹਾਂ (ਵੈਰੀਆਂ) ਵਿਚੋਂ ਕੋਈ ਵੀ (ਸਤਿਗੁਰੂ ਦੇ ਤੇਜ ਅੱਗੇ) ਠਹਿਰ ਨਹੀਂ ਸਕਿਆ।ਸਤਿਗੁਰੂ ਸਭਨਾ ਦਾ ਭਲਾ ਮਨਾਉਂਦਾ (ਮੰਗਦਾ) ਹੈ, ਉਸ (ਸਤਿਗੁਰੂ) ਦਾ ਬੁਰਾ ਕਿਵੇਂ ਹੋ ਸਕਦਾ ਹੈ? ਸਤਿਗੁਰੂ ਨੂੰ ਜਿਹੋ ਜਿਹਾ ਕੋਈ ਮਨੁੱਖ ਚਾਹੁੰਦਾ ਹੈ (ਜਿਸ ਭਾਵਨਾ ਨਾਲ ਕੋਈ ਗੁਰੂ ਕੋਲ ਜਾਂਦਾ ਹੈ), ਓਹੋ ਜਿਹਾ ਕੋਈ ਫਲ ਪਾ ਲੈਂਦਾ ਹੈ (ਵੈਰੀ ਅਪਣੇ ਕੀਤੇ ਦਾ ਫਲ ਆਪੇ ਭੋਗਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਕਰਤਾਰ ਸਭ ਕੁਛ ਜਾਣਦਾ ਹੈ, ਜਿਸ (ਕਰਤਾਰ) ਤੋਂ ਕੁਛ ਲੁਕਿਆ ਹੋਇਆ ਨਹੀਂ ਹੈ।੨।(ਇਸ ਸਲੋਕ ਵਿਚ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਗੱਦੀ ਮਿਲਣ ਸਮੇਂ ਬਾਬਾ ਦਾਤੂ ਜੀ ਤੇ ਦਾਸੂ ਜੀ ਦੀ ਵਿਰੋਧਤਾ ਵੱਲ ਇਸ਼ਾਰਾ ਹੈ)।

ਪਦਾਰਥ = ਸਾਜਨ–ਹਰੀ ਸੱਜਣ।ਸੰਦੇਸਰਾ–ਸੁਨੇਹਾ।ਤਾਰ–ਬ੍ਰਿਤੀ; ਨੀਝ (ਪੂਰੇ ਧਿਆਨ ਨਾਲ ਦੇਖਣ ਦਾ ਭਾਵ)।ਤੁਠੈ–ਪ੍ਰਸੰਨ ਹੋ ਕੇ।ਸਵੰਨਿ–ਸੌਂਦਾ ਹੈ (ਅੱਖਾਂ ਸੁੱਖ ਵਿਚ ਟਿਕੀਆਂ ਹੋਈਆਂ ਹਨ)।੧।ਸੋਇ–ਉਹ ਹੀ।ਜਿ–ਜਿਹੜੇ।ਤਿਨ ਵਿਚਹੁ–ਉਨ੍ਹਾਂ ਵਿਚੋਂ।ਕੋ–ਕੋਈ।ਤਿਸਟਿਆ–ਠਹਿਰਿਆ; ਟਿਕਿਆ (ਸ਼ਾਂਤ ਚਿਤ ਹੋਇਆ)।ਇਛਦਾ–ਚਾਹੁੰਦਾ ਹੈ।ਜਿਦੂ–ਜਿਸ ਤੋਂ।ਗੁਝਾ–ਲੁਕਿਆ।੨।

ਪਉੜੀ ॥ ਜਿਸ ਨੋ ਸਾਹਿਬੁ ਵਡਾ ਕਰੇ, ਸੋਈ ਵਡ ਜਾਣੀ ॥ ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ, ਸੋ ਸਾਹਿਬ ਮਨਿ ਭਾਣੀ ॥ ਜੇ ਕੋ ਓਸ ਦੀ ਰੀਸ ਕਰੇ, ਸੋ ਮੂੜ ਅਜਾਣੀ ॥ ਜਿਸ ਨੋ ਸਤਿਗੁਰੁ ਮੇਲੇ ਸੁ ਗੁਣ ਰਵੈ, ਗੁਣ ਆਖਿ ਵਖਾਣੀ ॥ ਨਾਨਕ ਸਚਾ ਸਚੁ ਹੈ, ਬੁਝਿ ਸਚਿ ਸਮਾਣੀ ॥੫॥ ਜਿਸ ਪੁਰਖ ਨੂੰ ਮਾਲਕ ਵਾਹਿਗੁਰੂ ਵੱਡਾ ਕਰਦਾ ਹੈ, ਉਹ ਹੀ ਵੱਡਾ ਜਾਣਿਆ ਜਾਂਦਾ ਹੈ।ਮਾਲਕ ਜਿਸ ਨੂੰ ਭਾਵੇ, ਉਸ ਨੂੰ ਬਖਸ਼ ਲੈਂਦਾ ਹੈ ਅਤੇ ਉਹ ਹੀ ਸਾਹਿਬ ਦੇ ਮਨ ਨੂੰ ਚੰਗਾ ਲਗਦਾ ਹੈ।ਜਿਹੜਾ ਕੋਈ ਉਸ (ਬਖਸ਼ੇ ਹੋਏ ਪੁਰਖ) ਦੀ

ਰੀਸ ਕਰਦਾ ਹੈ, ਉਹ ਮੂਰਖ ਤੇ ਅਣਜਾਣ ਹੈ। ਜਿਸ (ਪੁਰਖ) ਨੂੰ ਸਤਿਗੁਰੂ (ਪ੍ਰਭੂ ਨਾਲ) ਮੇਲਦਾ ਹੈ, ਉਹ (ਪ੍ਰਭੂ ਦੇ) ਗੁਣ ਗਾਉਂਦਾ ਹੈ ਅਤੇ (ਲੋਕਾਂ ਨੂੰ ਪ੍ਰਭੂ ਦੇ) ਗੁਣ ਦਸ ਕੇ ਵਖਿਆਨ ਕਰਦਾ ਹੈ (ਆਪ ਗੁਣ ਗਾਉਂਦਾ ਹੈ ਤੇ ਹੋਰਨਾਂ ਨੂੰ ਗੁਣ ਗਾਉਣ ਨੂੰ ਆਖਦਾ ਹੈ) ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪ੍ਰਭੂ ਸੱਚਾ ਹੈ, ਉਸ ਸੱਚੇ ਨੂੰ ਬੁਝ ਕੇ ਸਚ ਵਿਚ ਸਮਾ ਜਾਈਦਾ ਹੈ।੫।

ਪਦਾਰਥ = ਸਾਹਿਬ–ਮਾਲਕ (ਵਾਹਿਗੁਰੂ)। ਸੋਈ–ਉਹ ਹੀ। ਭਾਣੀ–ਚੰਗਾ; ਪਿਆਰਾ ਲਗਦਾ ਹੈ। ਜੇ ਕੋ–ਜਿਹੜਾ ਕੋਈ। ਸੋ–ਉਹ। ਮੂੜ –ਮੂਰਖ। ਅਜਾਣੀ–ਅਣਜਾਣ। ਰਵੈ–ਉਚਾਰਦਾ (ਗਾਉਂਦਾ) ਹੈ। ਸਚਿ ਸਮਾਣੀ–ਸੱਚ ਵਿਚ ਸਮਾ ਜਾਈਦਾ ਹੈ।੫।

ਵਿਆਖਿਆ = ਚੌਥੇ ਪਾਤਸ਼ਾਹ ਉਨ੍ਹਾਂ ਨੂੰ ਸਮਝਾ ਰਹੇ ਹਨ, ਜੋ ਲੋਕ ਗੁਰੂ ਅਮਰਦਾਸ ਜੀ ਦੀ ਗੁਰਿਆਈ ਦਾ ਵਿਰੋਧ ਕਰਦੇ ਸਨ। ਪ੍ਰਭੂ ਜਿਸ ਨੂੰ ਗੁਰੂ ਗੱਦੀ ਬਖਸ ਕੇ ਵੱਡਾ ਕਰੇ, ਉਸ ਅੱਗੇ ਝੁਕ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਰੀਸ ਕਰਨੀ ਮੂਰਖਤਾ ਹੈ, ਕਿਉਂਕਿ ਉਹ ਪ੍ਰਭੂ ਦੇ ਦਰ ਤੋਂ ਪਰਵਾਨ ਹਨ। ਵਿਰੋਧੀਆਂ ਨੂੰ ਸਿਖਿਆ ਦੇਂਦੇ ਹਨ ਕਿ ਤੁਸੀਂ ਵੀ ਪ੍ਰਭੂ ਦੇ ਬਖਸੇ ਹੋਏ ਗੁਰੂ ਦੇ ਗੁਣ ਗਾਓ, ਗੁਣ ਗਾਉਣ ਨਾਲ ਤੁਸੀਂ ਪ੍ਰਭੂ ਨੂੰ ਪ੍ਰਵਾਨ ਹੋ ਜਾਓਗੇ। ਸੱਚ ਨੂੰ ਬੁਝ ਕੇ ਉਸ ਸਚ ਵਿਚ ਮਿਲ ਜਾਓਗੇ।

ਸਲੋਕ ਮਃ ੪ ॥ ਹਰਿ ਸਤਿ ਨਿਰੰਜਨ ਅਮਰੁ ਹੈ, ਨਿਰਭਉ ਨਿਰਵੈਰੁ ਨਿਰੰਕਾਰੁ ॥ ਜਿਨ ਜਪਿਆ ਇਕ ਮਨਿ ਇਕ ਚਿਤਿ, ਤਿਨ ਲਥਾ ਹਉਮੈ ਭਾਰੁ ॥ ਜਿਨ ਗੁਰਮੁਖਿ ਹਰਿ ਆਰਾਧਿਆ, ਤਿਨ ਸੰਤ ਜਨਾ ਜੈਕਾਰੁ ॥ ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ, ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥ ਸਤਿਗੁਰ ਵਿਚਿ ਆਪਿ ਵਰਤਦਾ, ਹਰਿ ਆਪੇ ਰਖਣਹਾਰੁ ॥ ਧਨੁ ਧੰਨੁ ਗੁਰੂ ਗੁਣ ਗਾਵਦਾ, ਤਿਸ ਨੋ ਸਦਾ ਸਦਾ ਨਮਸਕਾਰੁ ॥ ਜਨ ਨਾਨਕ ਤਿਨ ਕਉ ਵਾਰਿਆ, ਜਿਨ ਜਪਿਆ ਸਿਰਜਣਹਾਰੁ ॥੧॥ ਸੱਤ ਸਰੂਪ ਹਰੀ ਮਾਇਆ ਤੋਂ ਰਹਿਤ ਤੇ ਮੌਤ ਤੋਂ ਰਹਿਤ ਹੈ, (ਉਹ ਹਰੀ) ਡਰ ਰਹਿਤ, ਵੈਰ ਰਹਿਤ ਤੇ ਅਕਾਰ ਰਹਿਤ ਹੈ। ਜਿਨ੍ਹਾਂ (ਪੁਰਖਾਂ) ਨੇ ਇਕ ਮਨ ਇਕ ਚਿਤ ਹੋ ਕੇ (ਹਰੀ ਨੂੰ) ਜਪਿਆ ਹੈ, ਉਨ੍ਹਾਂ ਦੇ ਮਨ ਤੋਂ ਹਉਮੈ ਦਾ ਭਾਰ ਲਹਿ ਗਿਆ ਹੈ। ਜਿਨ੍ਹਾਂ (ਮਨੁੱਖਾਂ) ਨੇ ਗੁਰੂ ਦੁਆਰਾ ਹਰੀ ਨੂੰ ਜਪਿਆ ਹੈ, ਉਨ੍ਹਾਂ ਸੰਤ ਜਨਾਂ ਦੀ (ਹਰ ਜਗ੍ਹਾ) ਜੈ ਜੈ ਕਾਰ ਹੁੰਦੀ ਹੈ। (ਜੇ ਕੋਈ ਮਨੁੱਖ) ਪੂਰੇ ਗੁਰੂ ਦੀ ਨਿੰਦਿਆ ਕਰਦਾ ਹੈ, ਉਸ ਨੂੰ ਸਾਰਾ ਸੰਸਾਰ ਫਿਟੇ ਮੂੰਹ ਫਿਟੇ ਮੂੰਹ ਕਹਿੰਦਾ ਹੈ। (ਨਿੰਦਕ ਸਤਿਗੁਰੂ ਦਾ ਕੁਛ ਬਿਗਾੜ ਨਹੀਂ ਸਕਦੇ, ਕਿਉਂਕਿ) ਸਤਿਗੁਰੂ ਵਿਚ ਹਰੀ ਆਪ ਵਰਤਦਾ ਹੈ, ਹਰੀ ਆਪੇ (ਸਤਿਗੁਰੂ ਦੀ) ਰੱਖਿਆ ਕਰਨ ਵਾਲਾ ਹੈ। (ਜੋ ਮਨੁੱਖ) ਗੁਰੂ ਦੇ ਗੁਣ ਗਾਉਂਦਾ ਹੈ, ਉਹ ਧੰਨਤਾ ਦੇ ਯੋਗ ਹੈ ,ਉਸ (ਮਨੁੱਖ) ਨੂੰ ਸਦਾ ਨਮਸ਼ਕਾਰ ਹੈ (ਸੰ.ਪੋ.; ਸੰ.ਸ.); ਗੁਰੂ ਧੰਨ ਹੈ ਧੰਨ ਹੈ, (ਜਿਹੜਾ ਸਦਾ) ਹਰੀ ਦੇ ਗੁਣ ਗਾਉਂਦਾ ਹੈ, ਉਸ ਨੂੰ (ਮੇਰੀ) ਸਦਾ ਸਦਾ ਨਮਸ਼ਕਾਰ ਹੈ (ਫ.ਸ.; ਸ਼ਬਦਾਰਥ; ਟਕਸਾਲ)। ਦਾਸ ਨਾਨਕ ਉਨ੍ਹਾਂ (ਪੁਰਖਾਂ) ਤੋਂ ਸਦਾ ਕੁਰਬਾਨ ਜਾਂਦਾ ਹੈ, ਜਿਨ੍ਹਾਂ ਨੇ ਸਿਰਜਨਹਾਰ ਵਾਹਿਗੁਰੂ ਨੂੰ ਜਪਿਆ ਹੈ।੧।

ਮਃ ੪ ॥ ਆਪੇ ਧਰਤੀ ਸਾਜੀਅਨੁ ,ਆਪੇ ਆਕਾਸੁ ॥ ਵਿਚਿ ਆਪੇ ਜੰਤ ਉਪਾਇਅਨੁ ,ਮੁਖਿ ਆਪੇ ਦੇਇ ਗਿਰਾਸੁ ॥ ਸਭੁ ਆਪੇ ਆਪਿ ਵਰਤਦਾ, ਆਪੇ ਹੀ ਗੁਣਤਾਸੁ ॥ ਜਨ ਨਾਨਕ ਨਾਮੁ ਧਿਆਇ ਤੂ ,ਸਭਿ ਕਿਲਵਿਖ ਕਟੇ ਤਾਸੁ ॥੨॥ ਹਰੀ ਨੇ ਆਪੇ ਧਰਤੀ ਸਾਜੀ ਹੈ ਅਤੇ ਆਪੇ (ਉਸ ਨੇ) ਅਕਾਸ਼ ਬਣਾਇਆ ਹੈ। (ਧਰਤੀ ਤੇ ਅਕਾਸ਼) ਵਿਚ ਉਸ ਨੇ ਆਪੇ ਜੀਵ ਪੈਦਾ ਕੀਤੇ ਹਨ ਤੇ ਆਪੇ (ਸਭ ਦੇ) ਮੂੰਹ ਵਿਚ ਭੋਜਨ ਦੇਂਦਾ ਹੈ। (ਹਰੀ) ਆਪੇ ਆਪ ਸਭ (ਜੀਵਾਂ ਦੇ ਅੰਦਰ) ਵਰਤ ਰਿਹਾ ਹੈ ਅਤੇ ਆਪੇ ਗੁਣਾਂ ਦਾ ਖਜਾਨਾ ਹੈ। ਦਾਸ ਨਾਨਕ ਆਖਦਾ ਹੈ (ਕਿ ਹੇ ਭਾਈ!) ਤੂੰ ਹਰੀ ਦਾ ਨਾਮ ਸਿਮਰ, ਉਹ (ਤੇਰੇ) ਸਾਰੇ ਪਾਪ ਕੱਟ ਦੇਵੇਗਾ।੨।

ਪਦਾਰਥ = ਨਿਰੰਜਨ–ਮਾਇਆ ਤੋਂ ਰਹਿਤ। ਅਮਰੁ–ਮੌਤ ਰਹਿਤ। ਨਿਰਭਉ–ਡਰ ਰਹਿਤ। ਨਿਰਵੈਰੁ–ਵੈਰ ਰਹਿਤ। ਨਿਰੰਕਾਰੁ–ਅਕਾਰ ਰਹਿਤ। ਇਕ ਮਨਿ–ਇਕਾਗਰ ਮਨ ਨਾਲ। ਇਕ ਚਿਤਿ–ਇਕ ਹਰੀ ਵਿਚ ਚਿਤ ਜੋੜ ਕੇ। ਲਥਾ–ਲਹਿ ਗਿਆ। ਭਾਰੁ–ਬੋਝ। ਫਿਟੁ ਫਿਟੁ ਕਹੈ–ਲਾਹਣਤਾਂ ਪਾਉਂਦਾ ਹੈ। ਵਾਰਿਆ–ਸਦਕੇ ਜਾਂਦਾ ਹੈ।੧। ਸਾਜੀਅਨੁ–ਸਾਜੀ+ਉਨ–ਉਸ (ਹਰੀ) ਨੇ ਸਾਜੀ। ਉਪਾਇਅਨੁ–ਉਸ ਨੇ ਪੈਦਾ ਕੀਤੇ। ਜੰਤ–ਜੀਵ। ਮੁਖਿ–ਮੂੰਹ ਵਿਚ। ਗਿਰਾਸੁ–ਭੋਜਨ। ਸਭੁ–ਸਾਰੇ ਜੀਵਾਂ ਵਿਚ; ਸਭ ਜਗ੍ਹਾ। ਵਰਤਦਾ–ਵਿਆਪਕ ਹੈ; ਵਰਤ ਰਿਹਾ ਹੈ। ਗੁਣਤਾਸੁ–ਗੁਣਾਂ ਦਾ ਖਜਾਨਾ। ਕਿਲਵਿਖ–ਪਾਪ। ਤਾਸੁ–ਉਹ; ਤਿਸ ਦੇ (ਪਾਪ ਕੱਟੇ ਗਏ, ਜਿਸ ਨੇ ਜਪਿਆ ਹੈ)।੨।

ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ, ਸਚੁ ਸਚੇ ਭਾਵੈ ॥ ਜੋ ਤੁਧੁ ਸਚੁ ਸਲਾਹਦੇ, ਤਿਨ ਜਮ ਕੰਕਰੁ ਨੇੜਿ ਨ ਆਵੈ ॥ ਤਿਨ ਕੇ ਮੁਖ ਦਰਿ ਉਜਲੇ, ਜਿਨ ਹਰਿ ਹਿਰਦੈ ਸਚਾ ਭਾਵੈ ॥ ਕੂੜਿਆਰ ਪਿਛਾਹਾ ਸਟੀਅਨਿ, ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥ ਮੁਹ ਕਾਲੇ ਕੂੜਿਆਰੀਆ, ਕੂੜਿਆਰ ਕੂੜੋ ਹੋਇ ਜਾਵੈ ॥੬॥ ਹੇ ਸੱਚ ਸਰੂਪ ਪ੍ਰਭੂ! ਤੂੰ ਸੱਚਾ ਮਾਲਕ ਹੈਂ, (ਤੈਨੂੰ) ਸੱਚੇ ਨੂੰ ਸਚਾ (ਪੁਰਖ) ਚੰਗਾ ਲਗਦਾ ਹੈ। ਜੋ (ਪੁਰਖ) ਤੈਨੂੰ ਸੱਚ ਸਰੂਪ ਜਾਣ ਕੇ ਸਲਾਹੁੰਦੇ ਹਨ, ਉਨ੍ਹਾਂ ਦੇ ਨੇੜੇ ਜਮ ਦੂਤ ਨਹੀਂ ਆਉਂਦਾ। ਉਨ੍ਹਾਂ ਦੇ ਮੂੰਹ (ਰੱਬ ਦੇ)

All Rights Reserved by Harjinder Singh Gyani | www.GuruGranthVakhyaan.org

ਦਰ ਤੇ ਉਜਲ ਹੋਣਗੇ, ਜਿਨ੍ਹਾਂ ਦੇ ਹਿਰਦੇ ਵਿਚ ਸੱਚਾ ਹਰੀ ਚੰਗਾ (ਪਿਆਰਾ) ਲਗਦਾ ਹੈ।ਕੂੜਿਆਰ ਮਨੁੱਖ ਪਿੱਛੇ (ਦਰਗਾਹ ਤੋਂ ਜਨਮ ਮਰਨ ਦੇ ਗੇੜ ਵਿਚ) ਸੁੱਟ ਦਿਤੇ ਜਾਂਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਕੂੜ ਤੇ ਕਪਟ ਹੈ, ਉਹ ਬਹੁਤ ਦੁਖ ਪਾਉਂਦੇ ਹਨ।ਝੂਠੇ ਮਨੁੱਖਾਂ ਦੇ ਮੂੰਹ (ਲੋਕ ਪ੍ਰਲੋਕ ਵਿਚ) ਕਾਲੇ ਹੁੰਦੇ ਹਨ, ਝੂਠਿਆਂ ਦਾ (ਸਭ ਕੁਝ ਕੀਤਾ) ਝੂਠਾ ਹੋ ਜਾਂਦਾ ਹੈ।੬।

ਪਦਾਰਥ = ਭਾਵੈ–ਚੰਗਾ ਲਗਦਾ ਹੈ।ਤੁਧੁ–ਤੈਨੂੰ।ਸਲਾਹਦੇ–ਸਿਫਤ ਸਲਾਹ ਕਰਦੇ ਹਨ।ਜਮ ਕੰਕਰੁ–ਜਮ ਦੂਤ।ਦਰਿ–ਦਰਗਾਹ ਵਿਚ।ਉਜਲ–ਨਿਰਮਲ (ਬੇਦਾਗ); ਖਿੜੇ ਹੋਏ।ਪਿਛਾਹਾ–ਪਿਛੇ (ਜਨਮ ਮਰਨ; ਨਰਕਾਂ ਵਿਚ)।ਸਟੀਅਨਿ–ਸੁੱਟੇ ਜਾਂਦੇ ਹਨ।੬।

ਸਲੋਕ ਮਃ ੪ ॥ ਸਤਿਗੁਰੁ ਧਰਤੀ ਧਰਮ ਹੈ, ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥ ਗੁਰਸਿਖੀ ਅੰਮ੍ਰਿਤੁ ਬੀਜਿਆ, ਤਿਨ ਅੰਮ੍ਰਿਤ ਫਲੁ ਹਰਿ ਪਾਏ ॥ ਓਨਾ ਹਲਤਿ ਪਲਤਿ ਮੁਖ ਉਜਲੇ, ਓਇ ਹਰਿ ਦਰਗਹ ਸਚੀ ਪੈਨਾਏ ॥ ਸਤਿਗੁਰੂ ਧਰਮ ਦੀ ਧਰਤੀ ਹੈ, (ਜਿਵੇਂ ਧਰਤੀ ਵਿਚ ਜੇਹਾ ਬੀਜੋ, ਉਹ ਹੀ ਉਗਦਾ ਹੈ, ਤਿਵੇਂ ਗੁਰੂ ਰੂਪ) ਉਸ ਧਰਤੀ ਵਿਚ ਜਿਹੋ ਜਿਹੀ ਭਾਵਨਾ ਦਾ ਕੋਈ ਬੀਜ ਬੀਜਦਾ ਹੈ, (ਉਹ) ਉਹੋ ਜਿਹਾ ਫਲ ਪਾ ਲੈਂਦਾ ਹੈ।ਗੁਰ ਸਿੱਖਾਂ ਨੇ ਅੰਮ੍ਰਿਤ ਨਾਮ ਬੀਜਿਆ ਹੈ, (ਜਿਸ ਤੋਂ) ਉਨ੍ਹਾਂ ਨੇ ਹਰੀ ਦੀ ਪ੍ਰਾਪਤੀ ਰੂਪ ਅੰਮ੍ਰਿਤ ਫਲ ਪਾ ਲਿਆ ਹੈ।(ਜਿਸ ਕਰਕੇ) ਲੋਕ ਪ੍ਰਲੋਕ ਵਿਚ ਉਨ੍ਹਾਂ ਦੇ ਮੂੰਹ ਉਜਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਹਰੀ ਦੀ ਸੱਚੀ ਦਰਗਾਹ ਵਿਚ ਸਿਰੋਪਾਉ ਪਹਿਨਾਏ ਜਾਂਦੇ ਹਨ (ਸਨਮਾਨ ਮਿਲਦਾ ਹੈ)।

ਅੰਗ ੩੦੩ = ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ, ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥ ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ, ਸੁਆਰਥੀ ਸਭਿ ਉਘੜਿ ਆਏ ॥ ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ, ਓਇ ਤੇਹੋ ਜੇਹੇ ਦਯਿ ਵਜਾਏ ॥ ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ, ਨਿਤ ਕਰਿ ਕਰਿ ਦੇਖੈ ਚਲਤ ਸਬਾਏ ॥੧॥ ਇਕਨਾ (ਕਈ ਮਨੁੱਖਾਂ) ਦੇ ਅੰਦਰ ਖੋਟ ਹੁੰਦਾ ਹੈ, ਉਹ (ਬਾਹਰ ਵੀ) ਨਿਤ ਖੋਟ ਕਮਾਉਂਦੇ ਹਨ, ਉਹ ਜੈਸਾ (ਖੋਟ ਰੂਪ ਬੀਜ) ਬੀਜਦੇ ਹਨ, ਤੈਸਾ (ਦੁੱਖ ਰੂਪ) ਫਲ ਖਾਂਦੇ ਹਨ।ਜਦ ਸਤਿਗੁਰੂ ਸਰਾਫ ਨਜਰ ਕਰਕੇ ਦੇਖਦਾ ਹੈ (ਸੱਚ ਝੂਠ ਨੂੰ ਪਰਖਦਾ ਹੈ, ਤਾਂ) ਮਤਲਬੀ ਲੋਕ ਸਭ ਪ੍ਰਗਟ ਹੋ ਆਏ ਹਨ।ਉਹ (ਖੋਟੇ ਲੋਕ) ਨਿਤ ਜਿਹੋ ਜਿਹਾ ਚਿਤਵਦੇ ਹਨ, ਉਹੋ ਜਿਹਾ ਫਲ ਪਾ ਲੈਂਦੇ ਹਨ, ਉਹ ਜਿਹੋ ਜਿਹੇ ਹਨ, ਹਰੀ ਨੇ ਉਹੋ ਜਿਹੇ ਪ੍ਰਗਟ ਕਰ ਦਿਤੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ ਦੋਹਾਂ ਸਿਰਿਆਂ (ਗੁਰਮੁਖਾਂ ਤੇ ਮਨਮੁਖਾਂ) ਵਿਚ ਆਪ ਹੀ ਵਰਤਦਾ ਹੈ ਤੇ (ਉਹ ਅਜੇਹੇ) ਸਾਰੇ ਚੋਜ ਨਿਤ ਕਰ ਕਰ ਕੇ ਦੇਖਦਾ ਹੈ।੧।

ਮਃ੪ ॥ ਇਕੁ ਮਨੁ ਇਕੁ ਵਰਤਦਾ, ਜਿਤੁ ਲਗੈ ਸੋ ਥਾਇ ਪਾਇ ॥ ਕੋਈ ਗਲਾ ਕਰੇ ਘਨੇਰੀਆ, ਜਿ ਘਰਿ ਵਥੁ ਹੋਵੈ ਸਾਈ ਖਾਇ ॥ ਬਿਨੁ ਸਤਿਗੁਰ ਸੋਝੀ ਨ ਪਵੈ, ਅਹੰਕਾਰੁ ਨ ਵਿਚਹੁ ਜਾਇ ॥ ਅਹੰਕਾਰੀਆ ਨੋ ਦੁਖੁ ਭੁਖੁ ਹੈ, ਹਥੁ ਤਡਹਿ ਘਰਿ ਘਰਿ ਮੰਗਾਇ ॥ ਕੂੜੁ ਠਗੀ ਗੁਝੀ ਨ ਰਹੈ, ਮੁਲੰਮਾ ਪਾਜੁ ਲਹਿ ਜਾਇ ॥ ਜਿਸੁ ਹੋਵੈ ਪੂਰਬਿ ਲਿਖਿਆ, ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥ ਜਿਉ ਲੋਹਾ ਪਾਰਸਿ ਭੇਟੀਐ, ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥ ਜਨ ਨਾਨਕ ਕੇ ਪ੍ਰਭ ਤੂ ਧਣੀ, ਜਿਉ ਭਾਵੈ ਤਿਵੈ ਚਲਾਇ ॥੨॥ (ਜੀਵ ਦਾ) ਮਨ ਇਕ ਹੈ ਤੇ ਇਕ ਪਾਸੇ ਹੀ ਵਰਤਦਾ ਹੈ, ਜਿਸ ਪਾਸੇ (ਮਨ) ਲਗਦਾ ਹੈ, ਉਹ ਥਾਂ ਪਾ ਲੈਂਦਾ ਹੈ (ਜਿਸ ਚੰਗੀ ਜਾਂ ਮੰਦੀ ਚੀਜ ਵੱਲ ਮਨ ਦੀ ਲਗਨ ਹੁੰਦੀ ਹੈ, ਉਹ ਚੀਜ ਪਾ ਲੈਂਦਾ ਹੈ।ਮੂੰਹ ਨਾਲ ਭਾਵੇਂ) ਕੋਈ ਮਨੁੱਖ ਘਨੇਰੀਆਂ ਗੱਲਾਂ ਕਰਦਾ ਰਹੇ, (ਪਰ ਉਸ ਦੇ) ਦਿਲ ਵਿਚ ਜਿਹੜੀ ਵਸਤੂ ਹੁੰਦੀ ਹੈ, ਉਹ ਹੀ ਖਾਂਦਾ ਹੈ (ਮਨ ਵਿਚ ਜੋ ਕੁਛ ਹੈ, ਉਸਦਾ ਫਲ ਖਾਂਦਾ ਹੈ, ਗੱਲਾਂ ਨਾਲ ਕੁਛ ਨਹੀਂ ਬਣਦਾ)।ਸਤਿਗੁਰੂ ਤੋਂ ਬਿਨਾ ਸਮਝ ਨਹੀਂ ਪੈਂਦੀ ਤੇ ਨਾ ਹੀ ਮਨ ਅੰਦਰੋਂ ਹੰਕਾਰ ਜਾਂਦਾ ਹੈ।ਹੰਕਾਰੀ ਮਨੁੱਖਾਂ ਨੂੰ (ਜਨਮ ਮਰਨ ਦਾ) ਦੁਖ ਤੇ (ਪਦਾਰਥਾਂ ਦੀ) ਭੁੱਖ ਹੈ, (ਤੇ ਉਹ) ਹੱਥ ਤੱਡਦੇ ਹਨ ਤੇ ਘਰ ਘਰ ਮੰਗਦੇ ਫਿਰਦੇ ਹਨ।ਕੂੜ ਤੇ ਠੱਗੀ ਲੁਕੇ ਨਹੀਂ ਰਹਿੰਦੇ, ਬਾਹਰਲਾ ਦਿਖਾਵਾ (ਉਨ੍ਹਾਂ ਦਾ) ਲਹਿ ਜਾਂਦਾ ਹੈ (ਝੂਠ ਤੇ ਪਖੰਡ ਛੇਤੀ ਪ੍ਰਗਟ ਹੋ ਜਾਂਦਾ ਹੈ)।ਜਿਸ ਪੁਰਖ ਦੇ ਮੱਥੇ ਉਤੇ ਪਿਛਲੇ ਕੀਤੇ ਚੰਗੇ ਕਰਮਾਂ ਦਾ ਲੇਖ ਲਿਖਿਆ ਹੋਵੇ, ਉਸ ਨੂੰ ਪ੍ਰਭੂ ਰੂਪ ਸਤਿਗੁਰੂ ਆ ਮਿਲਦਾ ਹੈ।(ਉਸ ਸਤਿਗੁਰੂ ਦੀ) ਸੰਗਤ ਵਿਚ ਮਿਲ ਕੇ (ਪਾਪੀ ਮਨੁੱਖ ਵੀ ਗੁਰਮੁਖ) ਬਣ ਜਾਂਦਾ ਹੈ, ਜਿਵੇਂ ਲੋਹਾ ਪਾਰਸ ਨਾਲ ਛੁਹਾਇਆਂ ਸੋਨਾ ਹੋ ਜਾਂਦਾ ਹੈ।ਹੇ ਪ੍ਰਭੂ! ਦਾਸ ਨਾਨਕ ਦਾ ਤੂੰ ਮਾਲਕ ਹੈਂ, ਜਿਵੇਂ (ਤੈਨੂੰ) ਚੰਗਾ ਲਗਦਾ ਹੈ, ਤਿਵੇਂ (ਮੈਨੂੰ) ਚਲਾ।੨।

ਪਦਾਰਥ = ਜੇਹਾ–ਜੈਸਾ।ਕੋ–ਕੋਈ (ਮਨੁੱਖ)।ਤੇਹਾ–ਤੈਸਾ।ਗੁਰ ਸਿਖੀ–ਗੁਰ ਸਿੱਖਾਂ ਨੇ।ਓਇ–ਉਹ (ਉਨ੍ਹਾਂ ਦਾ)।ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਪੈਨਾਏ–ਸਿਰੋਪੇ ਪਹਿਨਾਏ ਜਾਂਦੇ ਹਨ।ਉਜਲੇ–ਖਿੜੇ ਹੋਏ; ਬੇਦਾਗ।ਸਰਾਫੁ–ਸੋਨੇ ਚਾਂਦੀ (ਸੱਚ ਝੂਠ) ਨੂੰ

ਪਰਖਣ ਵਾਲਾ। ਸੁਆਵਗੀਰ-ਸੁਆਰਥੀ ਲੋਕ; ਸੁਆਂਗੀ ਲੋਕ, ਜਿਹੜੇ ਅੰਦਰੋਂ ਹੋਰ ਤੇ ਬਾਹਰੋਂ ਹੋਰ ਹਨ। ਉਘੜਿ ਆਏ-ਪ੍ਰਗਟ ਹੋ ਆਏ। ਚਿਤਵਹਿ-ਸੋਚਦੇ ਹਨ। ਨਿਤ-ਰੋਜ; ਸਦਾ। ਪਾਇਨਿ-ਪਾਉਂਦੇ ਹਨ। ਦਯਿ-ਪ੍ਰਭੂ ਨੇ। ਵਜਾਏ-ਪਰਗਟ ਕੀਤੇ (ਡੌਂਡੀ ਪਿਟਾ ਕੇ ਭੰਡੇ ਜਾਂਦੇ ਹਨ)। ਦੁਹੀ ਸਿਰੀ-ਦੋਹਾਂ ਸਿਰਿਆਂ (ਮਨਮੁਖਾਂ ਅਤੇ ਗੁਰਮੁਖਾਂ) ਵਿਚ। ਚਲਤ-ਕੌਤਕ। ਸਬਾਏ-ਸਾਰੇ।੧। ਥਾਇ-ਥਾਂ। ਘਨੇਰੀਆ-ਬਹੁਤੀਆਂ। ਜਿ-ਜਿਹੜੀ। ਵਥੁ-ਵਸਤੂ। ਸਾਈ-ਉਹ ਹੀ। ਸੋਝੀ-ਸਮਝ; ਗਿਆਨ। ਤਡਹਿ-ਟੱਡਦੇ ਫਿਰਦੇ ਹਨ। ਗੁਝੀ-ਲੁਕੀ। ਮੁਲੰਮਾ ਪਾਜੁ-ਬਾਹਰਲਾ ਦਿਖਾਵਾ; ਬਨਾਉਟੀ ਭੇਖ। ਭੇਟੀਐ-ਮਿਲਾ (ਛੁਹਾ) ਦੇਈਏ। ਸੁਵਰਨੁ-ਸੋਨਾ। ਧਣੀ-ਮਾਲਕ।੨।

ਵਿਆਖਿਆ = ਠੱਗੀ ਕਰਨ ਵਾਲਾ ਸਦਾ ਠੱਗੀ ਨਹੀਂ ਨਿਭਾ ਸਕਦਾ, ਸਮਾਂ ਆਉਣ ਤੇ ਉਸ ਦੀ ਠੱਗੀ ਦੁਨੀਆਂ ਅੱਗੇ ਜਾਹਰ ਹੋ ਜਾਂਦੀ ਹੈ। ਜਿਵੇਂ ਤਾਂਬੇ ਉਤੇ ਚੜ੍ਹੀ ਹੋਈ ਸੋਨੇ ਦੀ ਝਾਲ ਸਮਾਂ ਪਾ ਕੇ ਲਹਿ ਜਾਂਦੀ ਹੈ। ਤਿਵੇਂ ਕਪਟੀ ਮਨੁੱਖ ਦਾ ਬਣਾਇਆ ਬਨਾਉਟੀ ਭੇਖ ਸਮਾਂ ਪੈਣ ਨਾਲ ਉਘੜ ਆਉਂਦਾ ਹੈ। ਪਰ ਜੇ ਸੱਚੇ ਗੁਰੂ ਦੀ ਸ਼ਰਣ ਵਿਚ ਆਵੇ ਤਾਂ ਸੱਚਾ ਗੁਰੂ ਮੁਲੰਮਾ ਨਹੀਂ ਚਾੜ੍ਹਦਾ, ਉਹ ਪਾਰਸ ਦੀ ਛੋਹ ਵਾਂਗ ਅਸਲਾ ਹੀ ਬਦਲ ਦੇਂਦਾ ਹੈ। ਝੂਠਾ ਗੁਰੂ ਮੁਲੰਮਾ ਚਾੜ੍ਹਦਾ ਹੈ। ਜਿਵੇਂ ਪਾਰਸ ਲੋਹੇ ਨੂੰ ਸੋਨਾ ਬਣਾਉਂਦਾ ਹੈ, ਤਿਵੇਂ ਸੱਚਾ ਗੁਰੂ ਖੋਟਿਆਂ ਨੂੰ ਗੁਰਮੁਖ ਬਣਾ ਦੇਂਦਾ ਹੈ {ਸਤਿਗੁਰੁ ਖੋਟਿਅਹੁ ਖਰੇ ਕਰੇ, ਸਬਦਿ ਸਵਾਰਣਹਾਰੁ ੧੪੩}। ਸਤਿਗੁਰੂ ਮਨੁੱਖ ਦੇ ਔਗਣਾਂ ਨੂੰ ਗੁਣਾਂ ਵਿਚ ਬਦਲ ਕੇ ਸੰਤ ਬਣਾ ਦੇਂਦਾ ਹੈ।

ਪਉੜੀ ॥ ਜਿਨ ਹਰਿ ਹਿਰਦੈ ਸੇਵਿਆ, ਤਿਨ ਹਰਿ ਆਪਿ ਮਿਲਾਏ ॥ ਗੁਣ ਕੀ ਸਾਝਿ ਤਿਨ ਸਿਉ ਕਰੀ, ਸਭਿ ਅਵਗਣ ਸਬਦਿ ਜਲਾਏ ॥ ਅਉਗਣ ਵਿਕਣਿ ਪਲਰੀ, ਜਿਸੁ ਦੇਹਿ ਸੁ ਸਚੇ ਪਾਏ ॥ ਬਲਿਹਾਰੀ ਗੁਰ ਆਪਣੇ, ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥ ਵਡੀ ਵਡਿਆਈ ਵਡੇ ਕੀ, ਗੁਰਮੁਖਿ ਆਲਾਏ ॥੭॥ ਜਿਨ੍ਹਾਂ ਪੁਰਖਾਂ ਨੇ ਅਪਣੇ ਹਿਰਦੇ ਵਿਚ ਹਰੀ ਨੂੰ ਸੇਵਿਆ ਹੈ, ਉਨ੍ਹਾਂ ਨੂੰ ਹਰੀ ਨੇ ਆਪ (ਅਪਣੇ ਨਾਲ) ਮਿਲਾ ਲਿਆ ਹੈ। ਉਨ੍ਹਾਂ (ਮਿਲਿਆਂ ਹੋਇਆਂ) ਨਾਲ (ਜਿਨ੍ਹਾਂ ਮਨੁੱਖਾਂ ਨੇ ਦੈਵੀ) ਗੁਣਾਂ ਦੀ ਸਾਂਝ ਕੀਤੀ ਹੈ, (ਉਨ੍ਹਾਂ ਨੇ) ਗੁਰੂ ਦੇ ਸ਼ਬਦ ਦੁਆਰਾ ਸਾਰੇ ਔਗਣ ਜਲਾ ਦਿਤੇ ਹਨ। (ਉਨ੍ਹਾਂ ਦੇ) ਔਗਣ ਫੂਸ ਦੇ ਬਰਾਬਰ ਵਿਕਦੇ ਹਨ (ਔਗਣ ਸੌਖੇ ਹੀ ਦੂਰ ਹੋ ਗਏ), ਹੇ ਸੱਚੇ ਪ੍ਰਭੂ ! ਜਿਸ ਨੂੰ (ਤੂੰ ਗੁਣਾਂ ਦੀ ਦਾਤ) ਦੇਵੇਂ, ਉਹ ਹੀ ਪ੍ਰਾਪਤ ਕਰਦਾ ਹੈ। (ਮੈਂ) ਅਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ (ਗੁਰੂ) ਨੇ ਮੇਰੇ ਔਗਣ ਮੇਟ ਕੇ (ਮੇਰੇ ਵਿਚ) ਗੁਣ ਪ੍ਰਗਟ ਕਰ ਦਿਤੇ ਹਨ। ਵੱਡੇ (ਸਤਿਗੁਰੂ) ਦੀ ਵੱਡੀ ਵਡਿਆਈ ਹੈ, (ਪਰ ਇਹ ਵਡਿਆਈ) ਗੁਰਮੁਖ ਹੀ ਉਚਾਰਦਾ ਹੈ।੭।

ਪਦਾਰਥ = ਸੇਵਿਆ-ਸਿਮਰਿਆ। ਸਾਝਿ-ਭਾਈਵਾਲੀ; ਲੈਣ ਦੇਣ। ਸਿਉ-ਨਾਲ। ਕਰੀ-ਕੀਤੀ। ਵਿਕਣਿ-ਬਿਕਦੇ ਹਨ। ਪਲਰੀ-ਫੂਸ; ਪਰਾਲੀ ਦੇ ਭਾ। ਵਡੇ ਕੀ-ਵਡੇ (ਸਤਿਗੁਰੂ; ਪ੍ਰਭੂ) ਦੀ। ਆਲਾਏ-ਉਚਾਰਦਾ ਹੈ।੭।

ਸਲੋਕ ਮਃ ੪ ॥ ਸਤਿਗੁਰ ਵਿਚਿ ਵਡੀ ਵਡਿਆਈ, ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥ ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ,ਹਰਿ ਨਾਮੇ ਹੀ ਤ੍ਰਿਪਤਾਵੈ ॥ ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ,ਹਰਿ ਨਾਮੋ ਰਖ ਕਰਾਵੈ ॥ ਜੋ ਚਿਤੁ ਲਾਇ ਪੂਜੇ ਗੁਰ ਮੂਰਤਿ, ਸੋ ਮਨ ਇਛੇ ਫਲ ਪਾਵੈ ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ, ਤਿਸੁ ਕਰਤਾ ਮਾਰ ਦਿਵਾਵੈ ॥ ਫੇਰਿ ਓਹ ਵੇਲਾ ਓਸੁ ਹਥਿ ਨ ਆਵੈ, ਓਹੁ ਆਪਣਾ ਬੀਜਿਆ ਆਪੇ ਖਾਵੈ ॥ ਨਰਕ ਘੋਰਿ ਮੁਹਿ ਕਾਲੈ ਖੜਿਆ, ਜਿਉ ਤਸਕਰੁ ਪਾਇ ਗਲਾਵੈ ॥ ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ, ਜਾ ਹਰਿ ਹਰਿ ਨਾਮੁ ਧਿਆਵੈ ॥ ਹਰਿ ਬਾਤਾ ਆਖਿ ਸੁਣਾਏ ਨਾਨਕ, ਹਰਿ ਕਰਤੇ ਏਵੈ ਭਾਵੈ ॥੧॥ ਸਤਿਗੁਰੂ ਵਿਚ ਵਡੀ ਵਡਿਆਈ ਹੈ, ਜੋ ਕਿ ਹਰ ਵੇਲੇ ਹਰਿ ਹਰਿ ਨਾਮ ਧਿਆਉਂਦਾ ਹੈ। ਹਰਿ ਹਰਿ ਨਾਮ ਸਿਮਰਦਿਆਂ (ਗੁਰੂ ਜੀ ਦੇ ਅੰਦਰ) ਸੁੱਚਮਤਾ ਤੇ ਸੰਜਮ ਆਪੇ ਪ੍ਰਾਪਤ ਹੋ ਜਾਂਦੇ ਹਨ ਅਤੇ ਹਰੀ ਦੇ ਨਾਮ ਦੁਆਰਾ (ਅਪਣੇ ਮਨ ਨੂੰ) ਰਜਾਉਂਦੇ ਹਨ। ਹਰੀ ਦਾ ਨਾਮ (ਸਤਿਗੁਰੂ ਦਾ) ਬਲ ਹੈ ਤੇ ਹਰੀ ਦਾ ਨਾਮ ਹੀ (ਉਸਦਾ) ਆਸਰਾ ਹੈ; ਦਰਬਾਰ ਹੈ (ਜਿਥੇ ਜ਼ੁਲਮ ਦੇ ਖਿਲਾਫ ਫਰਿਆਦ ਸੁਣੀ ਜਾਂਦੀ ਹੈ) ਅਤੇ ਹਰੀ ਦਾ ਨਾਮ ਹੀ (ਉਸ ਦੀ) ਰਖਿਆ ਕਰਾਉਂਦਾ ਹੈ। ਜੋ ਮਨੁੱਖ ਚਿਤ ਲਾ ਕੇ ਗੁਰੂ ਪੁਰਖ ਨੂੰ ਪੂਜਦਾ ਹੈ, ਉਹ ਮਨ ਇਛੇ ਫਲ ਪਾ ਲੈਂਦਾ ਹੈ। ਜਿਹੜਾ ਮਨੁੱਖ ਪੂਰੇ ਸਤਿਗੁਰੂ ਦੀ ਨਿੰਦਾ ਕਰਦਾ ਹੈ, ਉਸ ਨੂੰ ਕਰਤਾਰ ਮਾਰ ਦਿਵਾਉਂਦਾ (ਭਾਰੀ ਸਜਾ ਦਿਵਾਉਂਦਾ) ਹੈ। ਫਿਰ ਉਸ ਮਨੁੱਖ ਦੇ ਉਹ ਵੇਲਾ ਹੱਥ ਨਹੀਂ ਆਉਂਦਾ (ਜਦ ਨਿੰਦਾ ਕੀਤੀ ਸੀ, ਹੁਣ) ਉਹ ਅਪਣੇ ਬੀਜੇ ਦਾ (ਫਲ) ਆਪੇ ਖਾਂਦਾ ਹੈ। ਕਾਲੇ ਮੂੰਹ ਵਾਲੇ (ਜਮਦੂਤ ਉਸ ਨਿੰਦਕ ਨੂੰ) ਘੋਰ ਨਰਕ ਵਿਚ ਲੈ ਜਾਣਗੇ, ਜਿਵੇਂ ਚੋਰ ਨੂੰ ਗਲ ਵਿਚ ਵਿਚ ਰੱਸਾ ਪਾ ਕੇ ਲਿਜਾਇਆ ਜਾਂਦਾ ਹੈ। ਜੇ (ਉਹ) ਫਿਰ ਸਤਿਗੁਰੂ ਦੀ ਸ਼ਰਣ ਵਿਚ ਆ ਪਵੇ ਤੇ ਹਰਿ ਹਰਿ ਨਾਮ ਨੂੰ ਧਿਆਵੇ ਤਾਂ ਬਚ ਜਾਏਗਾ। ਹਰੀ (ਦੀ ਦਰਗਾਹ ਵਿਚ ਨਿੰਦਕਾਂ ਨੂੰ ਦੰਡ ਦੇਣ) ਦੀਆਂ ਗੱਲਾਂ ਨਾਨਕ ਬੋਲ ਕੇ ਸੁਣਾ ਰਿਹਾ ਹੈ, ਸਿਰਜਣਹਾਰ ਹਰੀ ਨੂੰ ਇਸੇ ਤਰ੍ਹਾਂ ਭਾਉਂਦਾ ਹੈ।੧।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਅਨਦਿਨ–ਦਿਨ ਰਾਤ; ਹਰ ਵੇਲੇ। ਰਮਤ–ਜਪਦਿਆਂ। ਸੁਚ–ਸੁੱਚਮਤਾ। ਸੰਜਮ–ਮਨ ਨੂੰ ਵਿਸ਼ਿਆਂ ਤੋਂ ਰੋਕ ਕੇ ਰੱਖਣਾ। ਤ੍ਰਿਪਾਤਾਵੈ–ਰਜਾਉਂਦਾ ਹੈ (ਮਨ ਨੂੰ)। ਤਾਣੁ–ਤਾਕਤ। ਦੀਬਾਣੁ–ਆਸਰਾ; (ਲੋਕਾਂ ਦੀ ਪੁਕਾਰ ਸੁਣਨ ਲਈ) ਦਰਬਾਰ। ਰਖ–ਰੱਖਿਆ। ਗੁਰ ਮੂਰਤਿ–ਗੁਰੂ ਦਾ ਸਰੂਪ (ਗੁਰੂ ਪੁਰਖ)। ਸੋ–ਉਹ। ਤਿਸੁ–ਉਸ ਨੂੰ। ਕਰਤਾ–ਕਰਤਾਰ। ਮਾਰ–ਸਜਾ। ਖੜਿਆ–ਲੈ ਗਏ। ਗਲਾਵੈ–ਗਲੇ ਦੀ ਰੱਸੀ। ਉਬਰੈ–ਬਚ ਜਾਂਦਾ ਹੈ। ਬਾਤਾ–ਗੱਲਾਂ। ਕਰਤੇ–ਕਰਤਾਰ ਨੂੰ। ਏਵੈ–ਇਸੇ ਤਰ੍ਹਾਂ। ਭਾਵੈ–ਚੰਗਾ ਲਗਦਾ ਹੈ।੧।

ਮੁਹਿ ਕਾਲੈ = ਕਾਲੇ ਮੂੰਹ ਵਾਲੇ ਜਮ ਦੂਤਾਂ ਨੇ; ਕਾਲੇ ਮੂੰਹ ਵਾਲੇ ਨਿੰਦਕਾਂ ਨੂੰ (ਦੋਹਾਂ ਤਰ੍ਹਾਂ ਦੇ ਅਰਥ ਕੀਤੇ ਮਿਲਦੇ ਹਨ)।

ਮਃ ੪ ॥ ਪੂਰੇ ਗੁਰ ਕਾ ਹੁਕਮੁ ਨ ਮੰਨੈ, ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥ ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ, ਅਣਹੋਦੇ ਝਗੜੇ, ਦਯਿ ਓਸ ਦੈ ਗਲਿ ਪਾਇਆ ॥ ਓਹੁ ਗਲ ਫਰੋਸੀ ਕਰੇ ਬਹੁਤੇਰੀ, ਓਸ ਦਾ ਬੋਲਿਆ ਕਿਸੈ ਨ ਭਾਇਆ ॥ ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ, ਓਸੁ ਨਾਲਿ ਮੁਹੁ ਜੋੜੇ, ਓਸੁ ਭੀ ਲਛਣੁ ਲਾਇਆ ॥ ਗੁਰਮੁਖਿ ਹੋਇ ਸੁ ਅਲਿਪਤੋ ਵਰਤੈ, ਓਸ ਦਾ ਪਾਸੁ ਛਡਿ, ਗੁਰ ਪਾਸਿ ਬਹਿ ਜਾਇਆ ॥ (ਜਿਹੜਾ ਮਨੁੱਖ) ਪੂਰੇ ਗੁਰੂ ਦਾ ਹੁਕਮ ਨਹੀਂ ਮੰਨਦਾ, ਉਹ ਬੇਸਮਝ ਹੈ ਤੇ ਮਨਮੁਖ ਹੈ ਅਤੇ ਵਿਹੁ ਰੂਪ ਮਾਇਆ ਦਾ ਲੁੱਟਿਆ ਹੋਇਆ ਹੈ। ਉਸ ਦੇ ਅੰਦਰ ਝੂਠ ਹੁੰਦਾ ਹੈ ਅਤੇ (ਸੱਚ ਨੂੰ ਵੀ ਉਹ) ਝੂਠ ਕਰਕੇ ਹੀ ਸਮਝਦਾ ਹੈ, ਅਣਹੋਂਦੇ ਝਗੜੇ ਪ੍ਰਭੂ ਨੇ ਉਸ ਦੇ ਗਲ ਪਾਏ ਹੋਏ ਹਨ। ਉਹ (ਬਨਾਉਟੀ) ਗੱਲਾਂ ਬਾਤਾਂ ਬਹੁਤ ਕਰਦਾ ਹੈ, (ਪਰ) ਉਸ ਦਾ ਬੋਲਿਆ ਕਿਸੇ ਨੂੰ ਚੰਗਾ ਨਹੀਂ ਲਗਦਾ। ਉਹ ਘਰ ਘਰ ਵਿਚ (ਇਉਂ) ਫਿਰਦਾ ਹੈ, ਜਿਵੇਂ ਦੁਹਾਗਣ ਇਸਤ੍ਰੀ (ਫਿਰਦੀ) ਹੈ, ਉਸ (ਨਿੰਦਕ) ਨਾਲ (ਜਿਹੜਾ ਮਨੁੱਖ) ਮੂੰਹ ਜੋੜਦਾ (ਮੇਲ ਜੋਲ ਕਰਦਾ) ਹੈ, ਉਸਨੂੰ ਵੀ (ਨਿੰਦਿਆ ਦਾ) ਦਾਗ ਲਗ ਜਾਂਦਾ ਹੈ। (ਜੋ) ਗੁਰਮੁਖ ਹੁੰਦਾ ਹੈ, ਉਹ (ਨਿੰਦਕ ਤੋਂ) ਅਲੱਗ ਵਰਤਦਾ (ਦੂਰ ਰਹਿੰਦਾ) ਹੈ, ਉਸ ਦਾ ਪਾਸਾ ਛਡ ਕੇ ਗੁਰੂ ਦੇ ਪਾਸ ਜਾ ਕੇ ਬੈਠਦਾ ਹੈ।

ਅੰਗ ੩੦੪ = ਜੋ ਗੁਰੁ ਗੋਪੇ ਆਪਣਾ, ਸੁ ਭਲਾ ਨਾਹੀ ਪੰਚਹੁ ,ਓਨਿ ਲਾਹਾ ਮੂਲੁ ਸਭੁ ਗਵਾਇਆ ॥ ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ, ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥ ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ, ਮਨਮੁਖਾ ਓਹ ਵੇਲਾ ਹਥਿ ਨ ਆਇਆ ॥੨॥ ਜੋ ਮਨੁੱਖ ਅਪਣੇ ਗੁਰੂ ਨੂੰ ਲੁਕਾਉਂਦਾ ਹੈ, ਹੇ ਨੇਕ ਪੁਰਖੋ! ਉਹ (ਪੁਰਖ) ਚੰਗਾ ਨਹੀਂ ਹੈ, ਉਸ ਨੇ ਅਪਣਾ ਮੂਲ ਤੇ ਲਾਭ ਸਭ ਗਵਾ ਲਿਆ ਹੈ। ਨਾਨਕ ਗੁਰੂ ਜੀ ਆਖ ਕੇ ਸੁਣਾ ਰਹੇ ਹਨ ਕਿ ਪੂਰੇ ਗੁਰੂ ਦਾ ਉਪਦੇਸ਼ ਜੋ ਆਇਆ ਹੈ, ਉਹ ਪਹਿਲਾਂ ਦੇ ਵੇਦ ਸ਼ਾਸਤ੍ਰ ਤੋਂ ਉਪਰ (ਉਚਾ) ਹੈ। ਗੁਰੂ ਦੇ ਸਿੱਖਾਂ ਨੂੰ ਪੂਰੇ ਗੁਰੂ ਦੀ ਵਡਿਆਈ ਚੰਗੀ ਲਗਦੀ ਹੈ, (ਪਰ) ਮਨਮੁੱਖਾਂ ਨੂੰ ਉਹ (ਵਡਿਆਈ ਕਰਨ ਦਾ) ਵੇਲਾ ਮੁੜ ਹਥ ਨਹੀਂ ਆਉਂਦਾ।੨।

ਪਦਾਰਥ = ਮੁਠਾ–ਠੱਗਿਆ ਹੋਇਆ। ਬਿਖੁ–ਜਹਿਰ। ਅਣਹੋਦੈ–ਨਿਕੰਮੇ; ਅਣਹੋਣੇ (ਨਾ ਹੋਣ ਵਾਲੇ)। ਦਯਿ–ਪ੍ਰਭੂ ਨੇ। ਗਲਿ–ਗਲ ਵਿਚ। ਗਲ ਫਰੋਸੀ–ਗੱਲਾਂ ਦੀ ਖੱਟੀ ਖਾਣ ਵਾਲਾ। ਬਹੁਤੇਰੀ–ਬਹੁਤੀਆਂ। ਦੋੁਹਾਗਣਿ–ਮੰਦ ਭਾਗਣ; ਵਿਧਵਾ। ਨ ਭਾਇਆ–ਚੰਗਾ ਨਹੀਂ ਲੱਗਾ। ਹੰਢੈ–ਫਿਰਦਾ ਹੈ। ਲਛਣੁ–ਕਲੰਕ; ਦਾਗ। ਅਲਿਪਤੋ–ਅਲੱਗ। ਪਾਸੁ–ਪਾਸਾ; ਸਾਥ। ਪੰਚਹੁ–ਹੇ ਸੰਤ ਜਨੋਂ। ਓਨਿ–ਉਸ ਨੇ। ਲਾਹਾ–ਲਾਭ। ਮੂਲੁ–ਵਪਾਰ ਦੀ ਰਾਸ਼ੀ। ਆਗਮੁ–ਸ਼ਾਸਤ੍ਰ। ਨਿਗਮੁ–ਵੇਦ। ਉਪਰਿ–ਉਤੇ; ਉਚਾ।੨।

ਗੋਪੇ = ਲੁਕਾਉਂਦਾਹੈ; ਨਿੰਦਦਾ ਹੈ (ਮ.ਕੋ.); ਘ੍ਰਿਣਾ ਕਰਦਾ ਹੈ (ਜੋ ਗੁਰੂ ਤੋਂ ਬੇਮੁਖ ਹੋ ਕੇ ਅਪਣੇ ਆਪ ਨੂੰ ਗੁਰੂ ਕਹਾਉਂਦਾ ਹੈ, ਸੱਚੇ ਗੁਰੂ ਨੂੰ ਲੁਕਾਉਂਦਾ ਹੈ ਤੇ ਲੋਕਾਂ ਨੂੰ ਸੱਚੇ ਗੁਰੂ ਬਾਰੇ ਦਸਦਾ ਨਹੀਂ, ਕਿਉਂਕਿ ਉਸ ਝੂਠੇ ਗੁਰੂ ਦੀ ਪੂਜਾ ਘਟਦੀ ਹੈ)।

ਲਾਹਾ ਮੂਲੁ = ਮੂਲ ਰੂਪ ਸੁਆਸ ਨਿਸਫਲ ਗੁਆ ਲਏ, ਜਿਸ ਕਰਕੇ ਨਾਮ ਦਾ ਲਾਭ ਨਾ ਹੋਇਆ; ਮੂਲ ਰੂਪ ਨਾਮ ਨਹੀਂ ਜਪਿਆ, ਜਿਸ ਤੇ ਆਤਮਕ ਸੁਖ ਰੂਪ ਲਾਭ; ਸਵਰਗ ਦਾ ਸੁਖ ਰੂਪ ਲਾਭ; ਮੁਕਤੀ ਰੂਪ ਲਾਭ ਨਹੀਂ ਮਿਲਿਆ (ਸੰ.ਸ.)।

ਆਗਮੁ ਨਿਗਮੁ = ਪਹਿਲਾਂ (ਪੰਡਤ ਲੋਕ) ਵੇਦ ਸ਼ਾਸਤ੍ਰ ਪੜ੍ਹ ਕੇ ਸੁਣਾਉਂਦੇ ਸਨ, (ਹੁਣ ਜੋ) ਪੂਰੇ ਗੁਰੂ ਦੀ ਬਾਣੀ ਉਤਰ ਆਈ ਹੈ, (ਉਹ ਵੇਦ ਸ਼ਾਸ਼ਤ੍ਰ ਤੋਂ) ਉਪਰ ਹੈ (ਇਗਲਿਸ਼ ਟੀਕਾ ਸ਼੍ਰੋ. ਗੁ. ਪ੍ਰ. ਕ.)। ਪਹਿਲਾਂ ਤੋਂ ਵੇਦ ਸ਼ਾਸਤ੍ਰ ਇਹ ਆਖ ਕੇ ਸੁਣਾਉਂਦੇ ਆਏ ਹਨ ਕਿ ਪੂਰੇ ਗੁਰੂ ਦਾ ਉਪਦੇਸ਼ ਸਭ ਤੋਂ ਉਪਰ ਆਉਂਦਾ ਹੈ (ਸਭ ਤੋਂ ਵੱਧ ਪ੍ਰਮਾਣੀਕ ਹੈ) ਪੰ. ਨਰੈਣ ਸਿੰਘ।

ਪਉੜੀ ॥ ਸਚੁ ਸਚਾ ਸਭ ਦੂ ਵਡਾ ਹੈ, ਸੋ ਲਏ ਜਿਸੁ ਸਤਿਗੁਰੁ ਟਿਕੇ ॥ ਸੋ ਸਤਿਗੁਰੁ ਜਿ ਸਚੁ ਧਿਆਇਦਾ, ਸਚੁ ਸਚਾ ਸਤਿਗੁਰੁ ਇਕੇ ॥ ਸੋਈ ਸਤਿਗੁਰੁ ਪੁਰਖੁ ਹੈ, ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥ ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ, ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥ ਓਇ ਬੋਲੇ ਕਿਸੈ ਨ ਭਾਵਨੀ, ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥ ਸੱਚ ਸਰੂਪ ਪ੍ਰਭੂ ਸਚਾ ਤੇ ਵੱਡਾ ਹੈ,

ਉਹ ਪੁਰਖ (ਸੱਚੇ ਪ੍ਰਭੂ ਨੂੰ) ਪ੍ਰਾਪਤ ਕਰ ਲੈਂਦਾ ਹੈ, ਜਿਸ ਨੂੰ ਸਤਿਗੁਰੂ ਟਿੱਕਦਾ (ਥਾਪਦਾ) ਹੈ। ਉਹ ਸਤਿਗੁਰੂ ਹੈ, ਜਿਹੜਾ ਸਚੇ ਪ੍ਰਭੂ ਨੂੰ ਸਿਮਰਦਾ ਹੈ, ਸੱਚਾ ਪ੍ਰਭੂ ਤੇ ਸਤਿਗੁਰੂ ਇਕੋ ਰੂਪ ਹਨ। ਉਹ ਹੀ ਸਤਿਗੁਰੂ ਪੁਰਖ ਹੈ ਜਿਸ ਨੇ ਕਸ (ਬੰਨ੍ਹ) ਕੇ ਪੰਜੇ ਦੂਤ ਕਾਬੂ ਕੀਤੇ ਹੋਏ ਹਨ। ਜਿਹੜੇ (ਮਨੁੱਖ) ਸਤਿਗੁਰੂ ਦੀ ਸੇਵਾ ਕੀਤੇ ਬਿਨਾ ਅਪਣੇ ਆਪ ਨੂੰ ਗਣਾਉਂਦੇ (ਹੰਕਾਰ ਕਰਦੇ) ਹਨ, ਉਨ੍ਹਾਂ ਦੇ ਅੰਦਰ ਝੂਠ ਹੁੰਦਾ ਹੈ ਤੇ ਮੂੰਹ ਫਿੱਕੇ (ਬੇ ਰੌਣਕੇ) ਹੁੰਦੇ ਹਨ, (ਉਨ੍ਹਾਂ ਨੂੰ) ਫਿਟਕਾਰ ਹੀ ਫਿਟਕਾਰ ਪੈਂਦੀ ਹੈ। ਉਹ ਬੋਲਦੇ ਕਿਸੇ ਨੂੰ ਚੰਗੇ ਨਹੀਂ ਲਗਦੇ ,(ਕਿਉਂਕਿ ਉਹ) ਕਾਲੇ ਮੂੰਹ ਵਾਲੇ ਹਨ ਤੇ ਸਤਿਗੁਰੂ ਤੋਂ ਭੁੱਲੇ ਹੋਏ ਹਨ।੮।

ਪਦਾਰਥ = ਲਏ-ਲੈਂਦਾ (ਪ੍ਰਾਪਤ ਕਰਦਾ) ਹੈ। ਟਿਕੇ-ਟਿੱਕਦਾ (ਥਾਪਦਾ) ਹੈ; ਉਪਦੇਸ਼ ਰੂਪ ਟਿੱਕਾ ਲਾਉਂਦਾ ਹੈ। ਇਕੋ-ਇਕ ਰੂਪ। ਸੋਈ-ਉਹ ਹੀ। ਪੰਜੇ ਦੂਤ-ਪੰਜ ਕਾਮ ਆਦਿਕ ਦੂਤ। ਵਸਿ-ਕਾਬੂ ਵਿਚ। ਛਿਕੇ-ਖਿਚ (ਬੰਨ੍ਹ) ਕੇ। ਜਿ-ਜਿਹੜੇ। ਗਣਾਇਦੇ-ਗਣਾਉਂਦੇ ਹਨ (ਹੰਕਾਰ ਕਰਦੇ ਹਨ)। ਫਿਕੇ-ਬੇ ਰਸੇ; ਬਿਨਾ ਲਾਲੀ ਦੇ। ਫਿਟੁ-ਫਿਟਕਾਰ। ਨ ਭਾਵਨੀ-ਚੰਗੇ ਨਹੀਂ ਲਗਦੇ। ਚੁਕੇ-ਭੁੱਲੇ ਹੋਏ।੮।

ਸਲੋਕ ਮਃ ੪ ॥ ਹਰਿ ਪ੍ਰਭ ਕਾ ਸਭੁ ਖੇਤੁ ਹੈ, ਹਰਿ ਆਪਿ ਕਿਰਸਾਣੀ ਲਾਇਆ ॥ ਗੁਰਮੁਖਿ ਬਖਸਿ ਜਮਾਈਅਨੁ, ਮਨਮੁਖੀ ਮੂਲੁ ਗਵਾਇਆ ॥ ਸਭੁ ਕੋ ਬੀਜੇ ਆਪਣੇ ਭਲੇ ਨੋ, ਹਰਿ ਭਾਵੈ ਸੋ ਖੇਤੁ ਜਮਾਇਆ ॥ ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ, ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤ ਪਾਇਆ ॥ ਜਮੁ ਚੂਹਾ ਕਿਰਸ ਨਿਤ ਕੁਰਕਦਾ, ਹਰਿ ਕਰਤੈ ਮਾਰਿ ਕਢਾਇਆ ॥ ਕਿਰਸਾਣੀ ਜੰਮੀ ਭਾਉ ਕਰਿ, ਹਰਿ ਬੋਹਲ ਬਖਸ ਜਮਾਇਆ ॥ ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ ,ਜਿਨੀ ਸਤਿਗੁਰੁ ਪੁਰਖੁ ਧਿਆਇਆ ॥ ਜਨ ਨਾਨਕ ਨਾਮੁ ਅਰਾਧਿਆ, ਆਪਿ ਤਰਿਆ ਸਭੁ ਜਗਤੁ ਤਰਾਇਆ ॥੧॥ (ਸਾਰਾ ਸੰਸਾਰ) ਹਰੀ ਪ੍ਰਭੂ ਦਾ ਖੇਤ ਹੈ, ਹਰੀ ਨੇ ਆਪ (ਜੀਵਾਂ ਨੂੰ) ਖੇਤੀ ਕਰਨ ਦੇ ਕੰਮ ਵਿਚ ਲਾਇਆ ਹੈ (ਨਾਮ ਜਪਣ ਲਈ ਭੇਜਿਆ ਹੈ)। ਗੁਰਮੁਖਾਂ ਨੇ ਉਸ ਹਰੀ ਦੀ ਬਖਸ਼ਿਸ਼ ਨਾਲ (ਅਪਣਾ ਖੇਤ) ਉਗਾ ਲਿਆ ਹੈ, (ਪਰ) ਮਨਮੁੱਖਾਂ ਨੇ ਮੂਲ ਹੀ ਗਵਾ ਲਿਆ (ਸੁਆਸ ਨਿਸਫਲ ਗਵਾ ਲਏ)। ਸਭ ਕੋਈ ਅਪਣੇ ਭਲੇ ਲਈ ਹੀ ਬੀਜ ਬੀਜਦਾ ਹੈ (ਸੁਖ ਵਾਸਤੇ ਕਰਮ ਕਰਦਾ ਹੈ, ਪਰ ਜੋ ਖੇਤ) ਹਰੀ ਨੂੰ ਚੰਗਾ ਲਗਦਾ ਹੈ, ਉਹ ਖੇਤ ਉਗਾ ਦੇਂਦਾ ਹੈ (ਜਿਸਦਾ ਕੀਤਾ ਕਰਮ ਹਰੀ ਨੂੰ ਭਾਉਂਦਾ ਹੈ, ਉਸ ਦੇ ਹਿਰਦੇ ਵਿਚ ਗੁਣ ਪੈਦਾ ਕਰ ਦੇਂਦਾ ਹੈ)। ਗੁਰ ਦੇ ਸਿੱਖਾਂ ਨੇ ਹਰੀ ਦੇ ਅੰਮ੍ਰਿਤ ਰੂਪ ਨਾਮ ਦਾ ਬੀਜ ਬੀਜਿਆ ਹੈ (ਜਪਿਆ ਹੈ), ਹਰੀ ਦਾ ਅੰਮ੍ਰਿਤ ਮਈ ਨਾਮ (ਜਪ ਕੇ ਉਨ੍ਹਾਂ ਨੇ) ਮ੍ਰਿਤੂ ਰਹਿਤ ਹੋਣ ਦਾ ਫਲ ਪ੍ਰਾਪਤ ਕਰ ਲਿਆ ਹੈ। ਜਮ ਰੂਪ ਚੂਹਾ (ਸੁਆਸਾਂ; ਸ਼ੁੱਭ ਗੁਣਾਂ ਦੀ) ਖੇਤੀ ਨੂੰ ਨਿਤ ਕੁਤਰਦਾ ਸੀ, ਸਿਰਜਨਹਾਰ ਹਰੀ ਨੇ ਮਾਰ ਕੇ ਕਢਵਾ ਦਿਤਾ (ਜਮ ਜੀਵ ਦੇ ਸੁਆਸਾਂ ਨੂੰ ਗਿਣਦਾ ਸੀ ਕਿ ਕਦੋਂ ਇਸ ਨੂੰ ਨੱਪ ਲਵਾਂ। ਹੁਣ ਸੁਆਸ ਭਜਨ ਵਿਚ ਲਗਣ ਕਰਕੇ ਜਮਾਂ ਦੀ ਪਹਿਰੇਦਾਰੀ ਹਰੀ ਨੇ ਖਤਮ ਕਰ ਦਿਤੀ। ਕਿਸਾਨ ਖੇਤੀ ਨੂੰ ਪ੍ਰੇਮ ਕਰਦਾ ਹੈ) ਪ੍ਰੇਮ ਕਰਨ ਨਾਲ ਖੇਤੀ ਉਗ ਪਈ ਹੈ, ਹਰੀ ਦੀ ਬਖਸ਼ਿਸ਼ ਦੇ ਬਹਿਲ ਜਮ੍ਹਾਂ ਹੋ ਗਏ ਹਨ; ਹਰੀ ਨੇ ਐਸਾ ਖੇਤ ਉਗਾਇਆ ਹੈ ਕਿ ਬਖਸ਼ਿਸ਼ ਦਾ ਬੋਹਲ ਲਗ ਗਿਆ ਹੈ। ਜਿਨ੍ਹਾਂ (ਪੁਰਖਾਂ) ਨੇ ਸਤਿਗੁਰੂ ਪੁਰਖ ਨੂੰ ਧਿਆਇਆ ਹੈ, ਉਨ੍ਹਾਂ ਦਾ (ਬਾਣੀਆਂ ਦੇ ਹਿਸਾਬ ਕਿਤਾਬ ਦਾ) ਝੋਰਾ ਤੇ ਫਿਕਰ ਉਸ ਹਰੀ ਨੇ ਦੂਰ ਕਰ ਦਿਤਾ ਹੈ। ਦਾਸ ਨਾਨਕ ਆਖਦਾ ਹੈ (ਕਿ ਜਿਸ ਪੁਰਖ ਨੇ) ਨਾਮ ਜਪਿਆ ਹੈ, ਉਹ ਆਪ ਵੀ (ਭਵਜਲ ਤੋਂ) ਤਰ ਗਿਆ ਤੇ (ਉਸ ਨੇ) ਸਾਰੇ ਜਗਤ ਨੂੰ ਵੀ ਤਾਰ ਦਿਤਾ ਹੈ।੧।

ਪਦਾਰਥ = ਕਿਰਸਾਣੀ-ਖੇਤ ਵਾਹੁਣ (ਖੇਤੀ ਕਰਨ ਦਾ) ਕੰਮ। ਬਖਸਿ-ਬਖਸ਼ਿਸ਼ ਨਾਲ। ਜਮਾਈਅਨੁ-ਉਸ ਨੇ ਉਗਾ ਦਿਤੀ। ਸਭੁ ਕੋ -ਸਭ ਕੋਈ (ਹਰੇਕ ਜੀਵ)। ਭਲੇ ਨੋ-ਭਲੇ ਲਈ। ਭਾਵੈ-ਚੰਗਾ ਲਗਦਾ ਹੈ। ਸੋ-ਉਹ। ਜਮਾਇਆ-ਉਗਾ ਦਿਤਾ। ਕਿਰਸ-ਖੇਤੀ ਨੂੰ। ਨਿਤ -ਹਰ ਰੋਜ। ਕੁਰਕਦਾ-ਕੁਤਰਦਾ ਹੈ। ਜੰਮੀ-ਉਗੀ ਹੈ। ਭਾਉ ਕਰਿ-ਪ੍ਰੇਮ ਕਰਨ ਨਾਲ। ਬੋਹਲ-ਅਨਾਜ ਦਾ ਢੇਰ। ਜਮਾਇਆ-ਜਮ੍ਹਾ ਕਰ ਦਿਤਾ; ਉਗਾ ਦਿਤਾ। ਤਿਨ ਕਾ-ਉਨ੍ਹਾਂ ਦਾ। ਕਾੜਾ ਅਦੇਸਾ-ਚਿੰਤਾ ਫਿਕਰ। ਲਾਹਿਓਨੁ-ਲਾਹ ਦਿਤਾ ਉਸ ਹਰੀ ਨੇ।੧।

ਮਃ੪ ॥ ਸਾਰਾ ਦਿਨੁ ਲਾਲਚਿ ਅਟਿਆ, ਮਨਮੁਖਿ ਹੋਰੇ ਗਲਾ ॥ ਰਾਤੀ ਊਘੈ ਦਬਿਆ, ਨਵੇ ਸੋਤ ਸਭਿ ਢਿਲਾ ॥ ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ, ਨਿਤ ਦੇਵਹਿ ਭਲਾ ॥ ਜੋਰਾ ਦਾ ਆਖਿਆ ਪੁਰਖ ਕਮਾਵਦੇ, ਸੇ ਅਪਵਿਤ ਅਮੇਧ ਖਲਾ ॥ ਕਾਮਿ ਵਿਆਪੇ ਕੁਸੁਧ ਨਰ, ਸੇ ਜੋਰਾ ਪੁਛਿ ਚਲਾ ॥ ਸਤਿਗੁਰ ਕੈ ਆਖਿਐ ਜੋ ਚਲੈ, ਸੋ ਸਤਿ ਪੁਰਖੁ ਭਲ ਭਲਾ ॥ ਜੋਰਾ ਪੁਰਖ ਸਭਿ ਆਪਿ ਉਪਾਇਅਨੁ , ਹਰਿ ਖੇਲ ਸਭਿ ਖਿਲਾ ॥ ਸਭ ਤੇਰੀ ਬਣਤ ਬਣਾਵਣੀ, ਨਾਨਕ ਭਲ ਭਲਾ ॥੨॥ ਮਨਮੁਖ ਸਾਰਾ ਦਿਨ ਲਾਲਚ ਵਿਚ (ਨਕੋ ਨਕ) ਭਰਿਆ ਹੋਇਆ ਹੋਰ (ਨਿਕੰਮੀਆਂ) ਗੱਲਾਂ ਕਰਦਾ ਰਹਿੰਦਾ ਹੈ। ਰਾਤ ਨੂੰ ਨੀਂਦ ਵਿਚ ਦੱਬਿਆ ਰਹਿੰਦਾ ਹੈ (ਤੇ ਉਸ ਦੇ ਸਰੀਰ ਦੇ) ਸਾਰੇ ਨੌਂ ਇੰਦ੍ਰੇ ਢਿੱਲੇ ਹੋ ਜਾਂਦੇ ਹਨ (ਸੁਸਤੀ ਵਿਚ ਨਿਢਾਲ ਹੋਇਆ ਸੁੱਤਾ ਰਹਿੰਦਾ ਹੈ। ਅਜੇਹੇ) ਮਨਮੁਖਾਂ ਦੇ ਸਿਰ ਉਪਰ ਵਹੁਟੀਆਂ ਦਾ ਹੁਕਮ ਚਲਦਾ ਹੈ, (ਜੋ ਹੁਕਮ ਉਹ) ਨਿੱਤ ਦੇਂਦੀਆਂ ਹਨ, (ਉਹ ਮਨਮੁਖ) ਚੰਗਾ ਕਰਕੇ ਮੰਨਦੇ ਹਨ; (ਵਹੁਟੀਆਂ ਨੂੰ ਖੁਸ਼ ਕਰਨ

ਲਈ) ਨਿਤ ਚੰਗੇ ਪਦਾਰਥ ਲਿਆ ਕੇ ਦੇਂਦੇ ਹਨ।(ਜੋ ਐਸੇ) ਪੁਰਖ ਵਹੁਟੀਆਂ ਦਾ ਕਿਹਾ (ਹੁਕਮ ਨੌਕਰਾਂ ਵਾਂਗ) ਕਮਾਉਂਦੇ ਹਨ, ਉਹ ਅਪਵਿਤ੍ਰ ਤੋਂ ਅਪਵਿਤ੍ਰ ਤੇ ਮੂਰਖ ਹਨ।(ਕਿਉਂਕਿ ਜੋ) ਕਾਮ ਵਾਸ਼ਨਾ ਵਿਚ ਲੱਗੇ ਹੋਏ ਗੰਦੇ ਪੁਰਖ ਹੁੰਦੇ ਹਨ, ਉਹ ਵਹੁਟੀਆਂ ਨੂੰ ਪੁਛ ਕੇ ਚਲਦੇ ਹਨ (ਇਸਤ੍ਰੀ ਪੁਰਖ ਆਪਸੀ ਪਿਆਰ ਵਿਚ ਇਕ ਦੂਜੇ ਦੀ ਸਲਾਹ ਨਾਲ ਜੀਵਨ ਬਸਰ ਕਰਨ, ਦੋਹਾਂ ਵਿਚੋਂ ਕੋਈ ਵੀ ਇਕ ਦੂਜੇ ਉਤੇ ਹਾਵੀ ਨਾ ਹੋਵੇ।ਇਥੇ ਉਨ੍ਹਾਂ ਪੁਰਖਾਂ ਦਾ ਜਿਕਰ ਹੈ ਜੋ ਕਾਮ ਦੇ ਅਧੀਨ ਇਸਤ੍ਰੀਆਂ ਦੇ ਗੁਲਾਮ ਬਣ ਕੇ ਰਹਿੰਦੇ ਹਨ। ਪਰ) ਜਿਹੜਾ ਪੁਰਖ ਸਤਿਗੁਰੂ ਦੇ ਆਖੇ (ਉਪਦੇਸ਼ ਅਨੁਸਾਰ) ਚਲਦਾ ਹੈ, ਉਹ ਪੁਰਖ ਸੱਚਾ ਹੈ ਅਤੇ ਚੰਗੇ ਤੋਂ ਚੰਗਾ ਹੈ।(ਬ੍ਰਹਮ ਦ੍ਰਿਸਟੀ ਨਾਲ ਦੇਖੀਏ ਤਾਂ) ਸਾਰੇ ਇਸਤ੍ਰੀ ਪੁਰਖ ਆਪਿ ਉਸ ਪ੍ਰਭੂ ਨੇ ਪੈਦਾ ਕੀਤੇ ਹਨ, (ਇਹ) ਸਾਰਾ ਖੇਲ ਹਰੀ ਖਿਲਾ ਰਿਹਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਹੇ ਹਰੀ! ਸੰਸਾਰ ਦੀ ਇਹ) ਸਾਰੀ ਬਣਤ ਤੇਰੀ ਬਣਾਈ ਹੋਈ ਹੈ, (ਜੋ ਤੂੰ ਕਰਦਾ ਹੈਂ, ਉਹ) ਭਲੇ ਤੋਂ ਭਲਾ ਹੈ; (ਹੇ ਹਰੀ! ਤੂੰ) ਭਲੇ ਤੋਂ ਭਲਾ ਹੈ।੨। ਸੋਤ–ਸੋਮੇ; ਅੱਖਾਂ ਕੰਨ ਆਦਿ ਇੰਦ੍ਰੇ।

ਪਦਾਰਥ = ਅਟਿਆ–ਭਰਿਆ; ਗ੍ਰਸਿਆ; ਦੱਬਿਆ ਹੋਇਆ।ਹੋਰੇ–ਹੋਰ ਹੀ; ਉਲਟ।ਗਲਾ–ਗੱਲਾਂ।ਰਾਤੀ–ਰਾਤ ਨੂੰ।ਊਘੈ–ਨੀਂਦ ਵਿਚ।ਦਬਿਆ–ਨੀਂਦ ਦੇ ਜੋਰ ਵਿਚ।ਨਵੇ ਸੋਤ–ਨੌਂ ਇੰਦ੍ਰੇ।ਢਿਲਾ–ਢਿੱਲੇ; ਸੁਸਤ।ਸਿਰਿ–ਸਿਰ ਉਤੇ।ਜੋਰਾ–ਇਸਤ੍ਰੀਆਂ ਦਾ।ਅਮਰੁ–ਹੁਕਮ।ਭਲਾ–ਚੰਗਾ।ਸੇ–ਉਹ।ਅਮੇਧ–ਗੰਦੇ; ਅਸੁੱਧ।ਖਲਾ–ਮੂਰਖ।ਕਾਮਿ–ਕਾਮ ਵਾਸ਼ਨਾ ਵਿਚ।ਵਿਆਪੇ–ਲੱਗੇ ਹਨ।ਕੁਸੁਧ–ਖੋਟੇ; ਅਪਵਿਤ੍ਰ।ਚਲਾ–ਚਲਦੇ ਹਨ।ਭਲ ਭਲਾ–ਚੰਗੇ ਤੋਂ ਚੰਗਾ।ਉਪਾਇਅਨੁ–ਉਸ ਨੇ ਪੈਦਾ ਕੀਤੇ।ਖੇਲ ਖਿਲਾ–ਖੇਲ ਖੇਲਦਾ ਹੈ।੨।

ਵਿਆਖਿਆ = ਪਹਿਲੇ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਦੇ ਹੇਠ ਲਿਖੇ ਸ਼ਬਦ ਦੀ ਹੀ ਵਿਆਖਿਆ ਹੈ।{ਇਹੁ ਤਨੁ ਧਰਤੀ ਬੀਜੁ ਕਰਮਾ ਕਰੋ, ਸਲਿਲ ਆਪਾਉ ਸਾਰਿੰਗਪਾਣੀ।ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ, ਇਉ ਪਾਵਸਿ ਪਦੁ ਨਿਰਬਾਣੀ ੨੩}।ਮਨੁੱਖ ਦਾ ਸਰੀਰ ਧਰਤੀ ਹੈ, ਇਸ ਵਿਚ ਅਧਿਆਤਮਕ ਕਰਮਾਂ ਦਾ ਬੀਜ ਬੀਜੋ, ਪ੍ਰਭੂ ਦੇ ਨਾਮ ਦਾ ਪਾਣੀ ਪਾਓ।ਮਨ ਨੂੰ ਕਿਰਸਾਣ ਬਣਾ ਕੇ ਸ਼ੁੱਭ ਗੁਣਾਂ ਦੀ ਹਿਰਦੇ ਵਿਚ ਫਸਲ ਪੈਦਾ ਕਰੋ, ਇਉਂ ਪਰਮ ਪਦ ਪਾ ਲਵੋਂਗੇ।ਸਭ ਕੋਈ ਅਪਣੇ ਭਲੇ ਲਈ ਕਰਮ ਕਰਦਾ ਹੈ।ਬੀਜ ਮਨੁੱਖ ਬੀਜਦਾ ਹੈ, ਪਰ ਫਲ ਦੇਣਾ ਪ੍ਰਭੂ ਦੇ ਹੱਥ ਹੈ।ਦੂਜੀ ਗੱਲ ਇਹ ਹੈ ਕਿ ਜੈਸਾ ਬੀਜ ਮਨੁੱਖ ਬੀਜਦਾ ਹੈ, ਵੈਸਾ ਹੀ ਉਸਦਾ ਫਲ ਮਿਲਦਾ ਹੈ।ਗੁਰਮੁਖ ਨਾਮ ਅੰਮ੍ਰਿਤ ਬੀਜਦੇ ਹਨ ਤੇ ਫਲ ਵੀ ਉਨ੍ਹਾਂ ਨੂੰ ਅੰਮ੍ਰਿਤ ਰੂਪ ਪਰਮ ਪਦ ਮਿਲਦਾ ਹੈ।ਦੂਜੇ ਸਲੋਕ ਵਿਚ ਉਨ੍ਹਾਂ ਮਨੁੱਖ ਦਾ ਜਿਕਰ ਹੈ ਜੋ ਕਾਮ ਵਸ ਹੋ ਕੇ ਸਵਾਰਥੀ ਇਸਤ੍ਰੀਆਂ ਦੇ ਗੁਲਾਮ ਬਣ ਜਾਂਦੇ ਹਨ।ਐਸੀ ਇਸਤ੍ਰੀ ਮਨੁੱਖ ਨੂੰ ਚੰਗੇ ਪਾਸੇ ਨਹੀਂ ਲਗਣ ਦੇਂਦੀ।ਸਿਖਿਆ ਇਹ ਦਿਤੀ ਹੈ ਕਿ ਕਾਮ ਵਸ ਇਸਤ੍ਰੀ ਦੇ ਆਖੇ ਨਾ ਲਗ ਕੇ ਸਤਿਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਜਿਉਣਾ ਚਾਹੀਦਾ ਹੈ।ਅਖੀਰ ਵਿਚ ਦੱਸਿਆ ਹੈ ਇਹ ਜਗਤ ਕਰਤਾਰ ਖੇਲ ਹੈ, ਸਾਰੇ ਜੀਵਾਂ ਨੂੰ ਉਹ ਹੀ ਖਿਡਾ ਰਿਹਾ ਹੈ।

ਪਉੜੀ ॥ ਤੂ ਵੇਪਰਵਾਹੁ ਅਥਾਹੁ ਹੈ, ਅਤੁਲੁ ਕਿਉ ਤੁਲੀਐ ॥ ਸੇ ਵਡਭਾਗੀ ਜਿ ਤੁਧੁ ਧਿਆਇਦੇ, ਜਿਨ ਸਤਿਗੁਰੁ ਮਿਲੀਐ ॥ ਸਤਿ ਗੁਰ ਕੀ ਬਾਣੀ ਸਤਿ ਸਰੂਪੁ ਹੈ, ਗੁਰਬਾਣੀ ਬਣੀਐ ॥ ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ, ਸੇ ਕੂੜਿਆਰ ਕੂੜੇ ਝੜਿ ਪੜੀਐ ॥ ਓਨ੍ਹਾ ਅੰਦਰਿ ਹੋਰੁ ,ਮੁਖਿ ਹੋਰੁ ਹੈ, ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥ (ਹੇ ਪ੍ਰਭੂ!) ਤੂੰ ਬੇਪ੍ਰਵਾਹ ਹੈਂ, ਥਾਹ ਤੋਂ ਰਹਿਤ ਤੇ ਤੋਲਣ ਤੋਂ ਰਹਿਤ ਹੈਂ ਅਤੇ (ਤੂੰ) ਕਿਵੇਂ ਤੋਲਿਆ ਜਾ ਸਕਦਾ ਹੈਂ? ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ ਤੇ ਜਿਹੜੇ ਤੈਨੂੰ ਸਿਮਰਦੇ ਹਨ, ਉਹ ਪੁਰਖ ਵੱਡੇ ਭਾਗਾਂ ਵਾਲੇ ਹਨ।(ਹੇ ਭਾਈ!) ਸਤਿਗੁਰੂ ਦੀ ਬਾਣੀ ਸੱਤ (ਨਿਰੰਕਾਰ) ਸਰੂਪ ਹੈ, ਗੁਰਬਾਣੀ (ਵਿਚ ਦੱਸੇ ਉਪਦੇਸ ਅਨੁਸਾਰ ਜੀਵਨ ਜਿਉਣ ਨਾਲ ਪ੍ਰਭੂ ਦਾ ਰੂਪ) ਬਣ ਜਾਈਦਾ ਹੈ।ਸਤਿਗੁਰੂ ਦੀ ਰੀਸ ਕਰਕੇ ਹੋਰ (ਜੋ ਕੱਚੇ ਗੁਰੂ) ਕੱਚਾ ਪਿੱਲਾ ਬੋਲਦੇ (ਕੱਚੀ ਬਾਣੀ ਉਚਾਰਦੇ) ਹਨ, ਉਹ ਝੂਠੇ ਹਨ ਤੇ ਝੂਠ ਕਰਕੇ ਝੜ ਕੇ ਡਿਗ ਪੈਂਦੇ ਹਨ (ਜਿਵੇਂ ਕੱਚੇ ਫਲ ਗਿਰ ਕੇ ਨਾਸ਼ ਹੋ ਜਾਂਦੇ ਹਨ; ਝੂਠੇ ਲੋਕਾਂ ਦਾ ਪਖੰਡ ਛੇਤੀ ਜਾਹਰ ਹੋ ਜਾਂਦਾ ਹੈ)।ਉਨ੍ਹਾਂ ਦੇ (ਮਨ) ਅੰਦਰ ਕੁਛ ਹੋਰ ਹੁੰਦਾ ਹੈ ਤੇ ਮੂੰਹ ਤੇ ਕੁਛ ਹੋਰ ਹੁੰਦਾ ਹੈ, ਵਿਹੁ ਰੂਪ ਮਾਇਆ (ਜਮ੍ਹਾਂ ਕਰਨ ਲਈ ਉਹ) ਝੂਰਦੇ ਹਨ ਤੇ ਖਪ ਖਪ (ਦੁਖੀ ਹੋ ਕੇ) ਮਰਦੇ ਹਨ (ਮੂੰਹ ਤੋਂ ਸੱਚ ਦੀਆਂ ਗੱਲਾਂ ਬਣਾ ਕੇ ਸੁਣਾਉਂਦਾ ਹੈ, ਪਰ ਅੰਦਰ ਝੂਠ ਤੇ ਫਰੇਬ ਹੈ।ਸੱਚੇ ਗੁਰੂ ਦੀ ਰੀਸ ਕਰਕੇ ਮਾਇਆ ਵਾਸਤੇ ਪਖੰਡ ਤੋਰਿਆ ਹੋਇਆ ਹੈ)।੯।

ਪਦਾਰਥ = ਅਥਾਹੁ–ਬਹੁਤ ਡੂੰਘਾ; ਬੇਅੰਤ।ਅਤੁਲੁ–ਜੋ ਤੋਲਿਆ ਨਾ ਜਾ ਸਕੇ; ਜਿਸ ਵਰਗਾ ਕੋਈ ਹੋਰ ਨਹੀਂ (ਅਦੁਤੀ)।ਜਿ–ਜਿਹੜੇ।ਸਤਿ ਸਰੂਪੁ–ਸੱਚੇ ਪ੍ਰਭੂ ਦਾ ਸਰੂਪ।ਬਣੀਐ–ਬਣ ਜਾਈਦਾ ਹੈ।ਰੀਸੈ–ਰੀਸ ਕਰਕੇ।ਹੋਰਿ–ਕਈ ਹੋਰ (ਮਨੁੱਖ)।ਕਚੁ ਪਿਚੁ–ਕੂੜ ਕਬਾੜ (ਬਿਅਰਥ ਗੱਲਾਂ); ਕੱਚੀ ਪਿੱਲੀ (ਬਾਣੀ)।ਝੜਿ ਪੜੀਐ–ਝੜ ਕੇ ਡਿਗ ਪੈਂਦੇ ਹਨ।ਝਖਿ–ਖਪ ਕੇ।ਕੜੀਐ–ਝੂਰਦੇ ਹਨ।੯।

ਸਲੋਕ ਮਃ੪ ॥ ਸਤਿਗੁਰ ਕੀ ਸੇਵਾ ਨਿਰਮਲੀ, ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥ ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ,ਓਇ

All Rights Reserved by Harjinder Singh Gyani | www.GuruGranthVakhyaan.org

ਆਪੇ ਸਚੈ ਵਖਿ ਕਢੇ ਜਜਮਾਲੇ ॥ ਸਤਿਗੁਰੂ ਦੀ ਸੇਵਾ ਪਵਿਤ੍ਰ ਹੈ, ਸੇਵਾ ਉਹ ਕਰਦਾ ਹੈ, ਜੋ ਪਵਿਤ੍ਰ (ਹਿਰਦੇ ਵਾਲਾ) ਪੁਰਖ ਹੋਵੇ; ਜੋ ਸੇਵਾ ਕਰਦਾ ਹੈ, ਉਹ ਪਵਿਤ੍ਰ ਹੋ ਜਾਂਦਾ ਹੈ। ਜਿਨ੍ਹਾਂ (ਮਨੁੱਖਾਂ) ਦੇ ਅੰਦਰ ਕਪਟ, ਵਿਕਾਰ ਤੇ ਝੂਠ ਹੈ, ਉਹ ਕੋਹੜੀ ਸੱਚੇ ਪ੍ਰਭੂ ਨੇ ਆਪੇ ਵੱਖ ਕਰਕੇ (ਸਤਿਗੁਰੂ ਦੀ ਸੰਗਤ ਵਿਚੋਂ) ਕੱਢ ਦਿਤੇ ਹਨ (ਕੋਹੜੀਆਂ ਨੂੰ ਵੱਖਰਾ ਰੱਖਿਆ ਜਾਂਦਾ ਹੈ)।

ਅੰਗ ੩੦੫ = ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ, ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥ ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ, ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ ॥ ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ, ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥ ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ, ਓਹੁ ਆਪਿ ਵਰਤੈ ਆਪਣੀ ਵਥੁ ਨਾਲੇ ॥ ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ, ਇਕਿ ਆਪੇ ਵਖਿ ਕਢੈ ਠਗਵਾਲੇ ॥੧॥ ਸੱਚ ਨੂੰ ਧਾਰਨ ਕਰਨ ਵਾਲੇ ਸਿਖ ਸਤਿਗੁਰੂ ਦੇ ਪਾਸ ਰਹਿ ਕੇ ਸੇਵਾ ਆਦਿ ਦੀ ਕਮਾਈ ਕਰਦੇ ਹਨ, (ਪਰ) ਝੂਠੇ ਮਨੁੱਖ ਕਿਸੇ ਥਾਂ ਢੂੰਢੇ ਨਹੀਂ ਲਭਦੇ। ਜਿਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਦਾ ਆਖਿਆ ਚੰਗਾ ਨਹੀਂ ਲਗਦਾ, ਉਨ੍ਹਾਂ ਦੇ ਮੂੰਹ ਦੇਖਣ ਵਿਚ ਭਲੇ ਹਨ, (ਪਰ) ਪ੍ਰਭੂ ਦੇ ਗਾਲੇ (ਕੋਹੜੀ ਕੀਤੇ) ਹੋਏ ਫਿਰਦੇ ਹਨ; ਉਨ੍ਹਾਂ ਦੇ ਮੂੰਹ ਭਰਿਸ਼ਟੇ ਹੋਏ ਹਨ ਤੇ ਉਹ ਪ੍ਰਭੂ ਦੇ ਫਿਟਕਾਰੇ ਹੋਏ ਫਿਰਦੇ ਹਨ। ਜਿਨ੍ਹਾਂ ਦੇ ਅੰਦਰ ਹਰੀ ਦੀ ਪ੍ਰੀਤ ਨਹੀਂ, ਉਹ ਕਿੰਨਾ ਕੁ ਚਿਰ ਪਰਚਾਏ ਜਾ ਸਕਦੇ ਹਨ? (ਉਹ) ਮਨਮੁਖ ਭੂਤਨੇ ਹਨ। (ਜੋ ਪੁਰਖ) ਸਤਿਗੁਰੂ ਨੂੰ ਮਿਲਦਾ ਹੈ, ਉਹ ਅਪਣਾ ਮਨ ਟਿਕਾਣੇ (ਵਿਸ਼ਿਆਂ ਵੱਲੋਂ ਰੋਕ ਕੇ) ਰਖਦਾ ਹੈ, (ਉਹ) ਅਪਣੀ ਆਤਮ ਅਨੰਦ ਰੂਪ ਵਸਤੂ ਨਾਲ ਆਪ ਵਰਤਦਾ (ਮਾਣਦਾ) ਹੈ। ਦਾਸ ਨਾਨਕ ਆਖਦਾ ਹੈ (ਕਿ ਪ੍ਰਭੂ) ਇਕਨਾ ਪ੍ਰੇਮੀ ਪੁਰਖਾਂ ਨੂੰ ਗੁਰੂ ਨਾਲ ਮੇਲ ਕੇ ਸੁਖ ਦਿੰਦਾ ਹੈ ਅਤੇ ਇਕ ਠੱਗੀ ਕਰਨ ਵਾਲਿਆਂ ਨੂੰ ਆਪੇ ਵੱਖ ਕਰਕੇ (ਸਤਿਗੁਰੂ ਦੀ ਸੰਗਤ ਵਿਚੋਂ) ਕੱਢ ਦਿੰਦਾ ਹੈ (ਗੁਰੂ ਤੋਂ ਵਿਛੋੜੀ ਰੱਖਦਾ ਹੈ)।੧।

ਪਦਾਰਥ = ਜਨੁ–ਪੁਰਖ; ਸੇਵਕ। ਸੁ–ਉਹ। ਘਾਲੇ–ਕਰਦਾ ਹੈ। ਜਜਮਾਲੇ–ਕੋਹੜੀ। ਪਾਸਿ–ਕੋਲ; ਲਾਗੇ। ਘਾਲਨਿ–ਸੇਵਾ ਦੀ ਘਾਲ ਕਰਦੇ ਹਨ। ਕਿਤੇ ਥਾਇ–ਕਿਸੇ ਥਾਂ। ਭਾਲੇ–ਢੂੰਢੇ। ਸੁਖਾਵੈ ਨਾਹੀ–ਚੰਗਾ ਨਹੀਂ ਲਗਦਾ। ਭਲੇਰੇ–(ਦੇਖਣ ਨੂੰ) ਭਲੇ; ਭਰਿਸ਼ਟੇ ਹੋਏ; ਬੁਰੇ। ਫਿਰਹਿ ਗਾਲੇ–ਗਾਲੇ (ਕੋਹੜੀ ਕੀਤੇ) ਹੋਏ ਫਿਰਦੇ ਹਨ। ਦਯਿ–ਪ੍ਰਭੂ ਦੇ। ਕੇਰੀ–ਦੀ। ਸੇ–ਉਹ। ਕਿਚਰਕੁ–ਕਿੰਨਾ ਚਿਰ; ਕਦ ਤੱਕ। ਵੇਰਾਈਅਨਿ–ਬਿਰਾਏ (ਪਰਚਾਏ) ਜਾ ਸਕਦੇ ਹਨ। ਬੇਤਾਲੇ–ਭੂਤਨੇ; ਬੇਥਵ੍ਹੇ। ਥਾਇ ਰਖੈ–ਥਾਂ ਸਿਰ (ਟਿਕਾਣੇ) ਰਖਦੇ ਹਨ। ਵਥੁ–ਚੀਜ ਵਸਤੂ। ਨਾਲੇ–ਨਾਲ (ਸਾਥ)। ਇਕਨਾ–ਕਈਆਂ ਨੂੰ। ਠਗਵਾਲੇ–ਠੱਗੀ ਕਰਨ ਵਾਲੇ।੧।

ਮਃ ੪ ॥ ਜਿਨਾ ਅੰਦਰਿ ਨਾਮੁ ਨਿਧਾਨੁ ਹਰਿ, ਤਿਨ ਕੇ ਕਾਜ ਦਯਿ ਆਦੇ ਰਾਸਿ ॥ ਤਿਨ ਚੂਕੀ ਮੁਹਤਾਜੀ ਲੋਕਨ ਕੀ, ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥ ਜਾਂ ਕਰਤਾ ਵਲਿ ਤਾ ਸਭੁ ਕੋ ਵਲਿ, ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥ ਸਾਹੁ ਪਾਤਸਾਹੁ ਸਭੁ ਹਰਿ ਕਾ ਕੀਆ, ਸਭਿ ਜਨ ਕਉ ਆਇ ਕਰਹਿ ਰਹਰਾਸਿ ॥ ਗੁਰ ਪੂਰੇ ਕੀ ਵਡੀ ਵਡਿਆਈ, ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥ ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ,ਨਿਤ ਬਖਸੇ ਚੜੈ ਸਵਾਇਆ ॥ ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ, ਸੋ ਕਰਤੈ ਆਪਿ ਪਚਾਇਆ ॥ ਜਨੁ ਨਾਨਕੁ ਗੁਣ ਬੋਲੈ ਕਰਤੇ ਕੇ, ਭਗਤਾ ਨੋ ਸਦਾ ਰਖਦਾ ਆਇਆ ॥੨॥ ਜਿਨ੍ਹਾਂ ਪੁਰਖਾਂ ਦੇ ਅੰਦਰ ਹਰੀ ਦਾ ਨਾਮ ਰੂਪ ਖਜਾਨਾ ਹੈ, ਉਨ੍ਹਾਂ ਦੇ ਕੰਮ ਪ੍ਰਭੂ ਨੇ ਸਵਾਰ ਦਿਤੇ ਹਨ। (ਹੋਰ) ਲੋਕਾਂ ਦੀ ਅਧੀਨਗੀ ਉਨ੍ਹਾਂ ਦੀ ਮੁੱਕ ਗਈ, (ਕਿਉਂਕਿ) ਹਰੀ ਪ੍ਰਭੂ ਪੱਖ ਕਰਕੇ (ਉਨ੍ਹਾਂ ਦੇ) ਪਾਸ ਬੈਠਾ (ਅੰਗ ਸੰਗ ਹੁੰਦਾ) ਹੈ। ਜਦੋਂ ਕਰਤਾਰ ਵਲ (ਪੱਖ ਕਰਨ ਵਾਲਾ) ਹੋਵੇ ਤਾਂ ਸਭ ਕੋਈ ਉਸ ਦੇ ਵੱਲ ਹੋ ਜਾਂਦਾ ਹੈ, (ਉਸ ਦਾ) ਦਰਸ਼ਨ ਦੇਖ ਕੇ ਸਾਰੇ ਧੰਨਵਾਦ ਕਰਦੇ ਹਨ; ਸਾਰੇ (ਉਸ ਦੀ) ਤਾਰੀਫ ਕਰਦੇ ਹਨ। ਸ਼ਾਹ ਬਾਦਸ਼ਾਹ ਸਭ ਹਰੀ ਦੇ ਪੈਦਾ ਕੀਤੇ ਹੋਏ ਹਨ, ਸਾਰੇ (ਉਸ) ਸੇਵਕ ਨੂੰ ਆ ਕੇ ਨਮਸ਼ਕਾਰ ਕਰਦੇ ਹਨ; ਆ ਕੇ ਸੇਵਕਾਂ ਅੱਗੇ ਅਰਦਾਸ ਕਰਦੇ ਹਨ। ਪੂਰੇ ਗੁਰੂ ਦੀ ਵਡਿਆਈ ਵੱਡੀ ਹੈ, (ਕਿਉਂਕਿ ਗੁਰੂ ਨੇ) ਵੱਡੇ ਹਰੀ ਦੀ ਸੇਵਾ ਕਰਕੇ ਅਤੁੱਲ ਸੁਖ ਪਾਇਆ ਹੈ। ਪੂਰੇ ਗੁਰੂ ਨੇ ਹਰੀ ਦਾ ਨਾਮ ਦਾਨ ਦਿਤਾ, ਜੋ ਨਾ ਮੁਕੱਣ ਵਾਲਾ ਹੈ, (ਉਹ ਦਾਨ ਹੋਰਨਾਂ ਨੂੰ) ਬਖਸ਼ਦਿਆਂ ਨਿਤ ਵਧਦਾ ਰਹਿੰਦਾ ਹੈ (ਘਟਦਾ ਨਹੀਂ। ਜੇ) ਕੋਈ ਨਿੰਦਕ (ਉਸ ਸੇਵਕ ਦੀ) ਵਡਿਆਈ ਦੇਖ ਕੇ ਸਹਾਰ ਨਹੀਂ ਸਕਦਾ (ਈਰਖਾ ਕਰਦਾ ਹੈ) ਤਾਂ ਉਹ ਕਰਤਾਰ ਨੇ ਆਪ ਨਾਸ਼ ਕਰ ਦਿਤਾ। ਦਾਸ ਨਾਨਕ ਕਰਤਾਰ ਦੇ ਗੁਣ ਗਾਉਂਦਾ ਹੈ, ਜੋ ਭਗਤਾਂ ਦੀ ਸਦਾ ਰੱਖਿਆ ਕਰਦਾ ਆਇਆ ਹੈ।੨।

ਪਦਾਰਥ = ਨਿਧਾਨੁ–ਖਜਾਨਾ। ਦਯਿ–ਪ੍ਰਭੂ ਨੇ। ਆਦੇ ਰਾਸਿ–ਰਾਸ ਲਿਆ ਦਿਤੇ (ਸਵਾਰ ਦਿਤੇ)। ਤਿਨ–ਉਨ੍ਹਾਂ ਦੀ। ਚੂਕੀ–ਮੁਕ ਗਈ। ਮੁਹਤਾਜੀ–ਅਧੀਨਗੀ; ਖੁਸ਼ਾਮਦ; ਲੋੜ। ਅੰਗੁ ਕਰਿ–ਪੱਖ ਕਰ ਕੇ। ਕਰਹਿ ਸਾਬਾਸਿ–ਧੰਨ ਧੰਨ ਕਰਦੇ ਹਨ; ਤਾਰੀਫ ਕਰਦੇ ਹਨ।

www.gurugranthvakhyaan.org

ਵਲਿ–ਪੱਖ ਵਿਚ।ਕੀਆ–ਪੈਦਾ ਕੀਤਾ।ਰਹਰਾਸਿ–ਨਮਸ਼ਕਾਰ; ਅਰਦਾਸ।ਅਤੁਲੁ–ਅਤੋਲਵਾਂ; ਅਮਿਣਵਾਂ।ਨਿਹਚਲੁ–ਅਟੱਲ; ਨਾ ਮੁੱਕਣ ਵਾਲਾ।ਚੜੈ ਸਵਾਇਆ–ਵਧਦਾ ਰਹਿੰਦਾ ਹੈ।ਦੇਖ ਨ ਸਕੈ–ਦੇਖ ਕੇ ਸਹਾਰ ਨਹੀਂ ਸਕਦਾ।ਕਰਤੈ–ਕਰਤਾਰ ਨੇ।ਪਚਾਇਆ–ਨਾਸ਼ ਕਰ ਦਿਤਾ; ਸਾੜਿਆ।ਰਖਦਾ ਆਇਆ–ਰੱਖਿਆ ਕਰਦਾ ਆਇਆ; ਪੈਜ ਰਖਦਾ ਆਇਆ ਹੈ।੨।

ਵਿਆਖਿਆ = ਪਹਿਲੇ ਸਲੋਕ ਵਿਚ ਉਨ੍ਹਾਂ ਦਾ ਜਿਕਰ ਹੈ, ਜੋ ਕੂੜਿਆਰ ਹਨ।ਇਹ ਸਤਿਗੁਰੂ ਨੂੰ ਮਿਲੇ ਤਾਂ ਹਨ, ਪਰ ਕਪਟ ਨਾਲ ਮਿਲੇ ਹਨ।ਜੋ ਪੁਰਖ ਗੁਰੂ ਦੀ ਸਰਣ ਵਿਚ ਆਉਂਦਾ ਹੈ, ਉਹ ਨਿਰਮਲ ਚਿਤ ਨਾਲ ਆ ਕੇ ਸੇਵਾ ਕਰੇ ਤਾਂ ਸਫਲ ਹੁੰਦਾ ਹੈ।ਜੋ ਗੁਰੂ ਦੀ ਸ਼ਰਣ ਵਿਚ ਕਪਟ ਨਾਲ ਆਉਂਦੇ ਹਨ, ਉਹ ਬਹੁਤਾ ਚਿਰ ਭੁਲੇਖਾ ਨਹੀਂ ਦੇ ਸਕਦੇ, ਛੇਤੀ ਹੀ ਉਘੜ ਆਉਂਦੇ ਹਨ ਤੇ ਸੰਗਤ ਤੋਂ ਵੱਖ ਕਰ ਦਿਤੇ ਜਾਂਦੇ ਹਨ।ਦੂਜੇ ਸਲੋਕ ਵਿਚ ਨਾਮ ਜਪਣ ਵਾਲਿਆ ਦਾ ਜਿਕਰ ਹੈ।ਅਜੇਹੇ ਨਾਮ ਜਪਣ ਵਾਲਿਆਂ ਦੇ ਅੰਦਰ ਨਾਮ ਦਾ ਖਜਾਨਾ ਪੈਦਾ ਹੋ ਜਾਂਦਾ ਹੈ ਤੇ ਫਿਰ ਉਹ ਅੱਗੇ ਨਾਮ ਦਾ ਦਾਨ ਵੰਡਦੇ ਹਨ।ਇਹ ਦਾਨ ਅਮੁੱਕ ਹੈ, ਕਿਉਂਕਿ ਇਨ੍ਹਾਂ ਦੇ ਅੰਗ ਸੰਗ ਦਾਤਾਰ ਪ੍ਰਭੂ ਹੁੰਦਾ ਹੈ।ਅਜੇਹੇ ਸੇਵਕ ਜਨਾਂ ਨੂੰ ਸ਼ਾਹ ਪਤਾਸ਼ਾਹ ਵੀ ਮੱਥਾ ਟੇਕਦੇ ਹਨ।ਇਨ੍ਹਾ ਦਾ ਮਾਣ ਦੇਖ ਕੇ ਕਈ ਈਰਖਾ ਕਰਨ ਲਗ ਪੈਂਦੇ ਹਨ।ਇਰਖਾ ਕਰਨ ਵਾਲੇ ਵਿਗਾੜ ਕੁਛ ਨਹੀਂ ਸਕਦੇ, ਕਿਉਂਕਿ ਸੇਵਕਾਂ ਦਾ ਰਖਵਾਲਾ ਵਾਹਿਗੁਰੂ ਹੁੰਦਾ ਹੈ।

ਪਉੜੀ ॥ ਤੂ ਸਾਹਿਬੁ ਅਗਮ ਦਇਆਲੁ ਹੈ, ਵਡ ਦਾਤਾ ਦਾਣਾ ॥ ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ, ਤੂ ਹੈਂ ਸੁਘੜੁ ਮੇਰੈ ਮਨਿ ਭਾਣਾ ॥ ਮੋਹੁ ਕੁਟੰਬੁ ਦਿਸਿ ਆਵਦਾ, ਸਭੁ ਚਲਣਹਾਰਾ ਆਵਣ ਜਾਣਾ ॥ ਜੋ ਬਿਨੁ ਸਚੇ ਹੋਰਤੁ ਚਿਤ ਲਾਇਦੇ, ਸੇ ਕੂੜਿਆਰ ਕੂੜਾ ਤਿਨ ਮਾਣਾ ॥ ਨਾਨਕ ਸਚੁ ਧਿਆਇ ਤੂ ,ਬਿਨੁ ਸਚੇ ਪਚਿ ਪਚਿ ਮੁਏ ਅਜਾਣਾ ॥੧੦॥ (ਅਰਦਾਸ, ਹੇ ਵਾਹਿਗੁਰੂ !) ਤੂੰ ਮਾਲਕ ਹੈਂ, (ਜੀਵ ਦੀ) ਪਹੁੰਚ ਤੋਂ ਪਰੇ ਹੈਂ, ਦਿਆ ਕਰਨ ਵਾਲਾ ਹੈਂ, ਵੱਡਾ ਦਾਤਾ ਤੇ ਸਿਆਣਾ ਹੈਂ।ਤੇਰੇ ਜਿੰਨਾ ਵੱਡਾ ਮੈਨੂੰ ਹੋਰ ਕੋਈ ਦਿਸਣ ਵਿਚ ਨਹੀਂ ਆਉਂਦਾ, ਤੂੰ ਹੀ ਸਿਆਣਾ ਮੇਰੇ ਮਨ ਨੂੰ ਚੰਗਾ ਲਗਦਾ ਹੈਂ।(ਇਹ ਜੋ) ਮੋਹ ਪ੍ਰਵਾਰ ਨਜਰ ਵਿਚ ਆਉਂਦਾ ਹੈ, ਸਭ ਚਲੇ ਜਾਣ ਵਾਲਾ (ਨਾਸ਼ਵੰਤ) ਹੈ ਤੇ (ਇਹ ਸਾਰਾ) ਜੰਮਣ ਮਰਨ ਵਿਚ ਪਾਉਣ ਵਾਲਾ ਹੈ।(ਇਸ ਕਰਕੇ) ਜੋ ਮਨੁੱਖ ਸੱਚੇ ਪ੍ਰਭੂ ਤੋਂ ਬਿਨਾ ਕਿਸੇ ਹੋਰ ਥਾਂ ਚਿਤ ਜੋੜਦੇ ਹਨ, ਉਹ ਝੂਠੇ ਹਨ ਤੇ ਉਨ੍ਹਾਂ ਦਾ ਮਾਣ ਵੀ ਝੂਠਾ ਹੈ।ਨਾਨਕ ਗੁਰੂ ਜੀ ਸਿਖਿਆ ਦੇਂਦੇ ਹਨ, (ਹੇ ਜੀਵ !) ਤੂੰ ਸੱਚੇ ਹਰੀ ਨੂੰ ਸਿਮਰ, (ਕਿਉਂਕਿ) ਸੱਚੇ ਹਰੀ (ਨੂੰ ਸਿਮਰੇ) ਤੋਂ ਬਿਨਾ ਮੂਰਖ ਲੋਕ ਖਪ ਖਪ ਕੇ ਮਰ ਗਏ ਹਨ।੧੦।

ਪਦਾਰਥ = ਸਾਹਿਬੁ–ਮਾਲਕ।ਅਗਮ–ਜੀਵ ਦੀ ਪਹੁੰਚ ਤੋਂ ਪਰੇ।ਦਾਣਾ–ਸਿਆਣਾ।ਜੇਵਡੁ–ਜਿੰਨਾ ਵੱਡਾ।ਕੋ–ਕੋਈ।ਦਿਸਿ–ਨਜਰ। ਸੁਘੜੁ–ਚੰਗੀ ਘਾੜਤ ਘੜਨ ਵਾਲਾ; ਸੁਚੱਜਾ।ਭਾਣਾ–ਪਿਆਰਾ; ਚੰਗਾ ਲਗਦਾ ਹੈਂ।ਕੁਟੰਬੁ–ਪ੍ਰਵਾਰ।ਚਲਣਹਾਰਾ–ਨਾ ਠਹਿਰਨ ਵਾਲਾ; ਨਾਸ਼ਵੰਤ।ਹੋਰਤੁ–ਹੋਰ ਥਾਂ।ਸੇ–ਉਹ।ਮਾਣਾ–ਹੰਕਾਰ।ਪਚਿ ਪਚਿ–ਖਪ ਖਪ ਕੇ।ਮੁਏ–ਮਰ ਗਏ।ਅਜਾਣਾ–ਅਣਜਾਣ; ਮੂਰਖ।੧੦।

ਸਲੋਕ ਮਃ ੪ ॥ ਅਗੋ ਦੇ ਸਤ ਭਾਉ ਨ ਦਿਚੈ, ਪਿਛੋ ਦੇ ਆਖਿਆ ਕੰਮਿ ਨ ਆਵੈ ॥ ਅਧ ਵਿਚਿ ਫਿਰੈ ਮਨਮੁਖੁ ਵੇਚਾਰਾ, ਗਲੀ ਕਿਉ ਸੁਖੁ ਪਾਵੈ ॥ ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ, ਸੁ ਕੂੜੀ ਆਵੈ ਕੂੜੀ ਜਾਵੈ ॥ ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ, ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥ ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥ ਸਦਾ ਅਨੰਦਿ ਰਹੈ ਦਿਨੁ ਰਾਤੀ, ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ ॥੧॥ (ਜੇ ਕਿਸੇ ਨੂੰ) ਪਹਿਲਾਂ ਆਦਰ ਭਾਵ ਨ ਦੇਈਏ, ਤਾਂ ਪਿੱਛੋਂ (ਪ੍ਰੇਮ ਭਾਵ) ਦਾ ਆਖਿਆ ਕਿਸੇ ਕੰਮ ਨਹੀਂ ਆਉਂਦਾ (ਉਸਦਾ ਕੋਈ ਫਾਇਦਾ ਨਹੀਂ ਹੁੰਦਾ)।ਵਿਚਾਰਾ ਮਨਮੁਖ ਅਧ ਵਿਚਾਲੇ ਰੁਲਦਾ ਫਿਰਦਾ ਹੈ, (ਉਹ ਮੂੰਹ ਜਬਾਨੀ) ਗੱਲਾਂ ਨਾਲ ਕਿਵੇਂ ਸੁਖ ਪਾ ਸਕਦਾ ਹੈ? ਜਿਸ ਦੇ ਅੰਦਰ ਸਤਿਗੁਰੂ ਦੀ ਪ੍ਰੀਤ ਨਹੀਂ, ਉਹ (ਮਨੁੱਖ) ਝੂਠ ਮੂਠ ਹੀ (ਗੁਰੂ ਦੀ ਸੰਗਤ ਵਿਚ) ਆਉਂਦਾ ਹੈ ਤੇ ਝੂਠ ਮੂਠ ਹੀ ਚਲੇ ਜਾਂਦਾ ਹੈ (ਉਸ ਦਾ ਗੁਰੂ ਦੀ ਹਜੂਰੀ ਵਿਚ ਆਉਣਾ ਜਾਣਾ ਦਿਖਾਵੇ ਮਾਤ੍ਰ ਹੀ ਹੈ।ਉਸ ਉਤੇ) ਜੇ ਹਰੀ ਪ੍ਰਭੂ ਕਰਤਾ ਪੁਰਖ ਕ੍ਰਿਪਾ ਕਰ ਦੇਵੇ, ਤਾਂ (ਉਸ ਨੂੰ) ਸਤਿਗੁਰੂ ਪਾਰਬ੍ਰਹਮ ਰੂਪ ਨਜਰ ਆਉਂਦਾ ਹੈ ।ਤਦ (ਉਹ) ਗੁਰੂ ਦਾ ਸ਼ਬਦ ਰੂਪ ਅੰਮ੍ਰਿਤ ਪੀਂਦਾ ਹੈ ਤੇ (ਅਪਣਾ) ਸਾਰਾ ਝੋਰਾ, ਫਿਕਰ ਤੇ ਭਰਮ ਦੂਰ ਕਰ ਲੈਂਦਾ ਹੈ।ਦਾਸ ਨਾਨਕ ਆਖਦਾ ਹੈ ਕਿ ਉਹ ਪੁਰਖ ਦਿਨ ਰਾਤ ਸਦਾ ਅਨੰਦ ਵਿਚ ਰਹਿੰਦਾ ਹੈ ਅਤੇ ਹਰ ਰੋਜ ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ।੧।

ਪਦਾਰਥ = ਅਗੋ ਦੇ–ਪਹਿਲਾਂ ਤੋਂ; ਸ਼ੁਰੂ ਵਿਚ।ਸਤ ਭਾਉ–ਸਦ ਭਾਵ (ਆਦਰ ਭਾਵ); ਚੰਗਾ ਸਲੂਕ।ਦਿਚੈ–ਦੇਈਏ।ਪਿਛੋ ਦੇ–ਬਾਦ ਵਿਚ।ਅਧ ਵਿਚਿ–ਅੱਧ ਵਿਚਾਲੇ; ਦੁਚਿੱਤੀ ਵਿਚ।ਗਲੀ–ਗੱਲਾਂ ਨਾਲ।ਸੁ–ਉਹ।ਕੂੜੀ–ਝੂਠ ਮੂਠ ਹੀ।ਅਪਿਉ–ਅੰਮ੍ਰਿਤ।ਕੇਰਾ–ਦਾ। ਕਾੜਾ–ਝੋਰਾ।ਅੰਦੇਸਾ–ਫਿਕਰ।ਚੁਕਾਵੈ–ਮੁਕਾ ਲੈਂਦਾ ਹੈ।ਅਨੰਦਿ–ਅਨੰਦ ਵਿਚ।ਅਨਦਿਨ–ਹਰ ਰੋਜ; ਲਗਾਤਾਰ।੧।

ਵਿਆਖਿਆ = ਗੋਇੰਦਵਾਲ ਸਾਹਿਬ ਵਿਖੇ ਬਾਉਲੀ ਤਿਆਰ ਹੋਣ ਤੇ ਗੁਰੂ ਅਮਰਦਾਸ ਜੀ ਨੇ ਲੰਗਰ ਕਰਵਾਇਆ।ਇਸ ਲੰਗਰ ਵਿਚ

All Rights Reserved by Harjinder Singh Gyani | www.GuruGranthVakhyaan.org

ਸਭ ਨੂੰ ਸੱਦੇ ਭੇਜੇ ਗਏ।ਪਰ ਮਰਵਾਹੇ ਖਤ੍ਰੀਆਂ ਦੇ ਅਖੌਤੀ ਗੁਰੂ ਤਪੇ ਨੇ ਸੱਦਾ ਪ੍ਰਵਾਨ ਨਹੀਂ ਕੀਤਾ {ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ, ਮਨਹਠਿ ਜਨਮੁ ਗਵਾਇਆ ੫੧੩}।ਪਰ ਜਦ ਪਤਾ ਲੱਗਾ ਕਿ ਗੁਰੂ ਜੀ ਨੇ ਲੰਗਰ ਛਕਣ ਵਾਲਿਆਂ ਨੂੰ ਇਕ ਇਕ ਮੋਹਰ ਦੇਣੀ ਹੈ ਤਾਂ ਲੋਭ ਵਿਚ ਆ ਕੇ ਇਕ ਸਿੱਖ ਨੂੰ ਬੁਲਾ ਕੇ ਕਹਿਣ ਲਗਾ ਕਿ ਜੇ ਗੁਰੂ ਜੀ ਬੁਲਾਉਣ ਤਾਂ ਮੈਂ ਜਾਣ ਨੂੰ ਤਿਆਰ ਹਾਂ।ਸਿਖ ਰਾਹੀਂ ਤਪੇ ਦੀ ਗਲ ਸੁਣ ਕੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ ਹੈ।ਇਸ ਤਪੇ ਦੇ ਸਬੰਧ ਵਿਚ ਅੱਗੇ ੩੦ ਵੀਂ ਪਉੜੀ ਦਾ ਪਹਿਲਾ ਸਲੋਕ ਵੀ ਆਵੇਗਾ।ਜੇ ਤਪੇ ਦੇ ਸਬੰਧ ਵਿਚ ਇਹ ਸਲੋਕ ਉਚਾਰਿਆ ਸਮਝੀਏ ਤਾਂ ਅਰਥ ਇਉਂ ਬਣੇਗਾ =
(ਸਤਿਗੁਰੂ ਦੇ) ਪਹਿਲਾਂ ਦੇ ਸੱਦੇ ਨੂੰ (ਤਪੇ ਨੇ) ਸਦ ਭਾਵ ਨਹੀਂ ਦਿਤਾ (ਆਦਰ ਨਾਲ ਪ੍ਰਵਾਨ ਨਹੀਂ ਕੀਤਾ), ਬਾਦ ਵਿਚ (ਲੋਕਾਂ ਨੂੰ) ਆਖਿਆ ਕਿਸੇ ਕੰਮ ਨਹੀਂ ਆਉਂਦਾ।ਵਿਚਾਰਾ ਮਨੁੱਮੁਖ ਦੁਚਿੱਤੀ ਵਿਚ ਤੁਰਿਆ ਫਿਰਦਾ ਹੈ, ਗੱਲਾਂ ਨਾਲ ਸੁੱਖ ਕਿਵੇਂ ਪਾ ਸਕਦਾ ਹੈ? (ਲੋਕਾਂ ਨੂੰ ਗੱਲਾਂ ਨਾਲ ਪਤਿਆਉਂਦਾ ਹੈ ਕਿ ਮੈਂ ਗੁਰੂ ਜੀ ਦਾ ਸ਼ਰਧਾਲੂ ਹਾਂ।ਪਰ ਹੈ ਗੁਰੂ ਜੀ ਦਾ ਵਿਰੋਧੀ)।
ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਪੂਜਨੀਕ ਸਤਿਗੁਰੂ ਦਾ (ਅਪਣੇ ਆਪ ਨੂੰ) ਜਿਹੜਾ ਸਿੱਖ ਕਹਾਉਂਦਾ ਹੈ, ਉਹ ਨਿਤ ਸਵੇਰੇ ਉਠ ਕੇ ਹਰੀ ਦਾ ਨਾਮ ਸਿਮਰਦਾ ਹੈ।ਨਿਤ ਸਵੇਰੇ ਅੰਮ੍ਰਿਤ ਵੇਲੇ ਉਦਮ ਕਰ ਕੇ ਇਸ਼ਨਾਨ ਕਰਦਾ ਹੈ, (ਫਿਰ) ਅੰਮ੍ਰਿਤ ਦੇ (ਨਾਮ ਰੂਪ) ਸਰੋਵਰ ਵਿਚ (ਆਤਮਕ) ਇਸ਼ਨਾਨ ਕਰਦਾ ਹੈ।(ਉਹ) ਗੁਰੂ ਦੇ ਉਪਦੇਸ਼ ਦੁਆਰਾ ਹਰਿ ਹਰਿ ਨਾਮ ਦਾ ਜਾਪ ਜਪਦਾ ਹੈ, (ਜਿਸ ਨਾਲ ਉਸ ਦੇ) ਸਾਰੇ ਛੋਟੇ ਵੱਡੇ ਪਾਪ ਤੇ ਦੋਸ਼ ਲੱਥ ਜਾਂਦੇ ਹਨ।ਫਿਰ ਦਿਨ ਚੜ੍ਹੇ ਗੁਰੂ ਦੀ ਬਾਣੀ ਗਾਉਂਦਾ (ਕੀਰਤਨ ਕਰਦਾ) ਹੈ, ਬਹਿੰਦਿਆਂ ਉਠਦਿਆਂ (ਕੰਮ ਕਾਜ ਕਰਦਿਆਂ ਹਰ ਵੇਲੇ) ਹਰੀ ਦਾ ਨਾਮ ਸਿਮਰਦਾ ਰਹਿੰਦਾ ਹੈ।(ਇਸ ਤਰ੍ਹਾਂ) ਜਿਹੜਾ ਸਿੱਖ ਸਾਹ ਲੈਂਦਿਆਂ ਤੇ ਭੋਜਨ ਖਾਂਦਿਆਂ ਮੇਰੇ ਹਰੀ ਪ੍ਰਭੂ ਨੂੰ ਸਿਮਰਦਾ ਹੈ, ਉਹ ਗੁਰਸਿੱਖ ਗੁਰੂ ਦੇ ਮਨ ਵਿਚ ਚੰਗਾ ਲਗਦਾ ਹੈ।
ਅੰਗ ੩੦੬ = ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ ਜਿਸ (ਸਿੱਖ) ਉਤੇ ਮੇਰਾ ਮਾਲਕ ਮੇਹਰਬਾਨ ਹੁੰਦਾ ਹੈ, ਉਸ ਗੁਰਸਿੱਖ ਨੂੰ ਗੁਰੂ ਉਪਦੇਸ਼ ਸੁਣਾਉਂਦਾ ਹੈ।ਦਾਸ ਨਾਨਕ ਉਸ ਗੁਰਸਿੱਖ ਦੇ ਚਰਨਾਂ ਦੀ ਧੂੜ ਮੰਗਦਾ ਹੈ, ਜਿਹੜਾ ਆਪ ਜਪਦਾ ਹੈ ਤੇ ਹੋਰਨਾਂ ਨੂੰ ਵੀ (ਹਰੀ ਦਾ) ਨਾਮ ਜਪਾਉਂਦਾ ਹੈ।੨।ਇਸ ਸਲੋਕ ਵਿਚ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਸਿੱਖ ਦੀ ਰਹਿਤ ਦਸੀ ਹੈ (ਟਕਸਾਲ)।
ਪਦਾਰਥ = ਜੋ-ਜਿਹੜਾ।ਸੁ-ਉਹ।ਭਲਕੇ-ਨਿਤ ਸਵੇਰੇ।ਪਰਭਾਤੀ-ਤੜਕੇ; ਅੰਮ੍ਰਿਤ ਵੇਲੇ।ਅੰਮ੍ਰਿਤ ਸਰਿ-ਨਾਮ ਜਾਂ ਸਤ ਸੰਗਤ ਰੂਪ ਅੰਮ੍ਰਿਤ ਦੇ ਸਰੋਵਰ ਵਿਚ।ਨਾਵੈ-ਨ੍ਹਾਉਂਦਾ ਹੈ।ਕਿਲਵਿਖ-ਵੱਡੇ ਪਾਪ।ਦੋਖ-ਵਿਕਾਰ; ਔਗਣ।ਚੜੈ ਦਿਵਸੁ-ਦਿਨ ਚੜ੍ਹੇ।ਸਾਸਿ-ਹਰੇਕ ਸਾਹ ਦੇ ਨਾਲ।ਗਿਰਾਸਿ-ਭੋਜਨ ਖਾਦਿਆਂ।ਭਾਵੈ-ਭਾਉਂਦਾ ਹੈ।ਧੂੜਿ-ਚਰਨ ਧੂੜ।ਤਿਸੁ ਕੀ-ਉਸ ਦੀ।ਅਵਰਹ-ਹੋਰਨਾਂ ਨੂੰ।੨।
ਪਉੜੀ ॥ ਜੋ ਤੁਧੁ ਸਚੁ ਧਿਆਇਦੇ, ਸੇ ਵਿਰਲੇ ਥੋੜੇ ॥ ਜੋ ਮਨਿ ਚਿਤਿ ਇਕੁ ਅਰਾਧਦੇ, ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ ਤੁਧੁ ਨੋ ਸਭ ਧਿਆਇਦੀ, ਸੇ ਥਾਇ ਪਏ ਜੋ ਸਾਹਿਬ ਲੋੜੇ ॥ ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ, ਸੇ ਮੁਏ ਮਰਿ ਜੰਮੇ ਕੋੜ੍ਹੇ ॥ ਓਇ ਹਾਜਰੁ ਮਿਠਾ ਬੋਲਦੇ, ਬਾਹਰਿ ਵਿਸੁ ਕਢਹਿ ਮੁਖਿ ਘੋਲੇ ॥ ਮਨਿ ਖੋਟੇ ਦਯਿ ਵਿਛੋੜੇ ॥੧੧॥ ਹੇ ਸੱਚ ਸਰੂਪ ਵਾਹਿਗੁਰੂ! ਜੋ ਪੁਰਖ ਤੈਨੂੰ ਸਿਮਰਦੇ ਹਨ, ਉਹ ਵਿਰਲੇ ਹੀ ਹਨ, ਥੋੜੇ ਹਨ।ਜੋ ਪੁਰਖ ਮਨ ਕਰਕੇ ਤੇ ਚਿਤ ਕਰਕੇ ਇਕ ਵਾਹਿਗੁਰੂ ਨੂੰ ਸਿਮਰਦੇ ਹਨ, ਉਨ੍ਹਾਂ ਦੀ (ਕਮਾਈ ਦੀ) ਬਰਕਤ ਨਾਲ ਕ੍ਰੋੜਾਂ ਹੀ ਅਣਗਿਣਤ ਲੋਕ ਖਾਂਦੇ ਹਨ (ਉਨ੍ਹਾਂ ਤੋਂ ਅਨੇਕਾਂ ਦਾ ਭਲਾ ਹੁੰਦਾ ਹੈ।ਹੇ ਵਾਹਿਗੁਰੂ!) ਤੈਨੂੰ ਸਾਰੀ ਦੁਨੀਆਂ ਧਿਆਉਂਦੀ ਹੈ, (ਪਰ) ਹੇ ਸਾਹਿਬ! ਜੋ (ਪੁਰਖ ਤੈਂ ਅਪਣੇ ਬਨਾਉਣੇ) ਚਾਹੇ ਹਨ, ਉਹ (ਤੇਰੇ ਦਰ ਤੇ) ਪ੍ਰਵਾਨ ਪਏ ਹਨ।ਜੋ ਸਤਿਗੁਰੂ ਦੀ ਸੇਵਾ ਕੀਤੇ ਬਿਨਾ ਖਾਂਦੇ ਤੇ ਪਹਿਨਦੇ ਹਨ, ਉਹ ਕੋੜ੍ਹੀ ਮਨੁੱਖ ਮਾਨੋ ਮਰੇ ਹੋਏ ਹਨ ਤੇ ਮਰ ਕੇ ਜੰਮਦੇ ਰਹਿੰਦੇ ਹਨ।ਉਹ (ਗੁਰੂ ਦੇ) ਸਾਮ੍ਹਣੇ ਤਾਂ ਮਿਠਾ ਬੋਲਦੇ ਹਨ, ਪਰ ਬਾਹਰ ਜਾ ਕੇ (ਲੋਕਾਂ ਵਿਚ) ਮੂੰਹ ਤੋਂ ਵਿਸ ਘੋਲ ਕੇ ਕਢਦੇ ਹਨ (ਰੱਜ ਕੇ ਗੁਰੂ ਦੀ ਨਿੰਦਾ ਕਰਦੇ ਹਨ।ਅਜੇਹੇ) ਖੋਟੇ ਮਨ ਵਾਲੇ ਮਨੁੱਖਾਂ ਨੂੰ ਪ੍ਰਭੂ ਨੇ (ਅਪਣੇ ਤੋਂ) ਵਿਛੋੜਿਆ ਹੋਇਆ ਹੈ।੧੧।
ਪਦਾਰਥ = ਸੇ-ਉਹ।ਮਨਿ ਚਿਤਿ ਇਕੁ-ਇਕ ਮਨ ਤੇ ਇਕ ਚਿਤ ਹੋ ਕੇ; ਮਨ ਕਰਕੇ ਤੇ ਚਿਤ ਕਰਕੇ ਇਕ ਪ੍ਰਭੂ ਨੂੰ।ਤਿਨ ਕੀ-

ਉਨ੍ਹਾਂ ਦੀ। ਬਰਕਤਿ–ਰੂਹਾਨੀ ਤਾਕਤ ਦੇ ਸਦਕੇ। ਅਸੰਖ–ਅਣ ਗਿਣਤ। ਧਿਆਇਦੀ–ਸਿਮਰਦੀ ਹੈ। ਥਾਇ ਪਏ–ਪ੍ਰਵਾਨ ਪਏ ਹਨ। ਲੋੜੇ –ਬਨਾਉਣੇ ਲੋੜੇ (ਚਾਹੇ) ਹਨ। ਕੋੜ੍ਹੇ–ਕੋਹੜੀ। ਓਇ–ਉਹ। ਹਾਜਰੁ–ਸਾਮ੍ਹਣੇ; ਸਨਮੁਖ। ਦਯਿ–ਪ੍ਰਭੂ ਨੇ।੧੧।

ਸਲੋਕ ਮਃ ੪ ॥ ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ, ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥ ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ, ਗੂਹ ਪੜਿ ਸਗਵੀ ਮਲੁ ਲਾਇ ਮਨਮੁਖਿ ਆਇਆ ॥ ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ, ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥ ਤੜ ਸੁਣਿਆ ਸਭਤੁ ਜਗਤ ਵਿਚਿ ਭਾਈ, ਵੇਮੁਖੁ ਸਣੈ ਨਫਰੈ ਪਉਲੀ ਪਉਦੀ, ਫਾਵਾ ਹੋਇ ਕੈ ਉਠਿ ਘਰਿ ਆਇਆ ॥ ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ, ਤਾ ਵਹੁਟੀ ਭਤੀਜੀਂ ਫਿਰਿ ਆਨਿ ਘਰਿ ਪਾਇਆ ॥ ਹਲਤੁ ਪਲਤੁ ਦੋਵੈ ਗਏ, ਨਿਤ ਭੁਖਾ ਕੂਕੇ ਤਿਹਾਇਆ ॥ ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ, ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ, ਸੋ ਸਾਚੈ ਮਾਰਿ ਪਚਾਇਆ ॥ ਏਹੁ ਅਖਰੁ ਤਿਨਿ ਆਖਿਆ, ਜਿਨਿ ਜਗਤੁ ਸਭੁ ਉਪਾਇਆ ॥੧॥ ਮੈਲ ਤੇ ਜੂਆਂ ਨਾਲ ਭਰਿਆ ਹੋਇਆ ਨੀਲੇ ਕਾਲੇ ਰੰਗ (ਦੀਆਂ ਟਾਕੀਆਂ) ਦਾ ਚੋਲਾ ਉਸ ਵੇਮੁਖ ਮਰਵਾਹੇ ਖੱਤ੍ਰੀ ਨੇ ਵੇਮੁਖ (ਨੌਕਰ) ਨੂੰ ਪਹਿਨਾਇਆ। (ਉਸ ਬੇਮੁਖ ਨੂੰ) ਜਗਤ ਵਿਚ ਕੋਈ ਅਪਣੇ ਕੋਲ ਨਹੀਂ ਬੈਠਣ ਦਿੰਦਾ, (ਕਿਉਂਕਿ ਉਹ) ਮਨਮੁਖ ਗੰਦਗੀ ਵਿਚ ਪੈ ਕੇ ਸੱਗੋਂ ਹੋਰ ਮੈਲ ਲਾ ਕੇ (ਵਾਪਸ ਘਰ) ਆਇਆ। ਜਿਹੜਾ ਬੇਮੁਖ ਪਰਾਈ ਨਿੰਦਾ ਚੁਗਲੀ ਕਰਨ ਲਈ (ਬਾਦਸ਼ਾਹ ਕੋਲ ਸਲਾਹ) ਕਰ ਕੇ ਭੇਜਿਆ ਸੀ, ਉਥੇ ਵੀ ਦੋਹਾਂ ਬੇਮੁੱਖਾਂ (ਗੋਂਦੇ ਦੇ ਪੁਤ੍ਰ ਤੇ ਉਸਦੇ ਨੌਕਰ) ਦਾ ਮੂੰਹ (ਬਾਦਸ਼ਾਹ ਨੇ) ਕਾਲਾ ਕਰਾਇਆ। ਹੇ ਭਾਈ! (ਇਹ) ਜਗਤ ਵਿਚ ਸਭ ਥਾਂ ਤੁਰੰਤ ਸੁਣਿਆ ਗਿਆ ਕਿ (ਉਹ) ਬੇਮੁਖ ਸਣੇ ਨੌਕਰ ਦੇ ਜੁੱਤੀਆਂ ਪੈਂਦੀਆਂ ਬੇ ਇੱਜਤ ਹੋ ਕੇ ਉਠ ਕੇ ਘਰ ਵਿਚ ਆਇਆ। ਅੱਗੇ (ਘਰੇ ਆਏ) ਬੇਮੁਖ ਨੂੰ ਸੰਗਤ ਵਿਚ ਤੇ ਪ੍ਰਵਾਰ ਵਿਚ ਰਲਨਾ ਨਹੀਂ ਸੀ ਮਿਲਦਾ (ਉਸ ਨੂੰ ਕੋਈ ਮੂੰਹ ਨਹੀ ਸੀ ਲਾਉਂਦਾ), ਤਾਂ ਫਿਰ ਵਹੁਟੀ ਤੇ ਭਤੀਜੀਆਂ ਨੇ ਲਿਆ ਕੇ ਘਰ ਵਿਚ ਪਾਇਆ (ਟਿਕਾਣਾ ਦਿਤਾ। ਉਨ੍ਹਾਂ ਬੇਮੁੱਖਾਂ ਦੇ) ਲੋਕ ਪ੍ਰਲੋਕ ਦੋਵੇਂ ਬਿਅਰਥ ਚਲੇ ਗਏ ਅਤੇ ਨਿਤ ਭੁੱਖਾ ਪਿਆਸਾ ਕੂਕਦਾ ਰਿਹਾ (ਕੋਈ ਰੋਟੀ ਪਾਣੀ ਵੀ ਨਹੀਂ ਪੁੱਛਦਾ) । ਮਾਲਕ ਕਰਤਾ ਪੁਰਖ ਧੰਨ ਧੰਨ ਹੈ, ਜਿਸ ਨੇ (ਅਕਬਰ ਬਾਦਸ਼ਾਹ ਦੇ ਦਿਲ ਵਿਚ) ਬੈਠ ਕੇ ਸੱਚਾ ਨਿਆਉਂ ਕਰਾਇਆ ਹੈ। ਜੋ ਮਨੁੱਖ ਪੂਰੇ ਸਤਿਗੁਰੂ ਦੀ ਨਿੰਦਾ ਕਰਦਾ ਹੈ, ਉਹ ਸੱਚੇ ਪ੍ਰਭੂ ਨੇ ਮਾਰ ਕੇ ਖਪਾ ਦਿਤਾ। ਇਹ ਉਪਦੇਸ਼ ਉਸ ਪ੍ਰਭੂ ਨੇ ਆਖਿਆ ਹੈ, ਜਿਸ ਨੇ ਸਾਰਾ ਜਗਤ ਪੈਦਾ ਕੀਤਾ ਹੈ (ਰੱਬ ਦਾ ਹੁਕਮ ਹੈ, ਜੈਸਾ ਕੋਈ ਕਰਦਾ ਹੈ, ਵੈਸਾ ਭਰਦਾ ਹੈ)।੧।

ਪਦਾਰਥ = ਮਲੁ–ਮੈਲ। ਜੂਈ–ਜੂਆਂ ਨਾਲ। ਖਿਧੋਲੜਾ–ਲੀਰਾਂ ਦਾ ਚੋਲਾ। ਪਾਇਆ–ਪਹਿਨਾਇਆ (ਮ.ਕੋ.)। ਪਾਸਿ–ਕੋਲ। ਗੂਹ–ਵਿਸ਼ਟਾ; ਗੰਦ। ਪੜਿ–ਪੈ ਕੇ। ਸਗਵੀ– ਸੱਗੋਂ; ਵਧੇਰੀ। ਦੁਹਾ ਦਾ–ਦੋਹਾਂ ਦਾ। ਤੜ–ਤੁਰੰਤ। ਸਭਤੁ–ਸਭ ਥਾਂ। ਭਾਈ–ਹੇ ਭਾਈ! । ਸਣੈ–ਸਮੇਤ। ਨਫਰੈ–ਨੌਕਰ ਦੇ। ਪਉਲੀ–ਜੁੱਤੀਆਂ। ਪਉਦੀ–ਪੈਂਦਿਆਂ। ਫਾਵਾ–ਬੇ ਇੱਜਤ; ਸ਼ਰਮਿੰਦਾ। ਸੰਗਤੀ–ਸੰਗਤਾਂ ਵਿਚ। ਕੁੜਮੀ–(ਸਿੰਧੀ) ਪ੍ਰਵਾਰ ਵਿਚ (ਮ.ਕੋ.)। ਭਤੀਜੀ–ਭਤੀਜੀਆਂ ਨੇ। ਆਨਿ–ਲਿਆ ਕੇ। ਹਲਤੁ–ਮਾਤ ਲੋਕ। ਪਲਤੁ–ਪ੍ਰਲੋਕ। ਕੂਕੇ ਤਿਹਾਇਆ–ਪਿਆਸਾ ਕੂਕਦਾ (ਦੁਖੀ ਹੁੰਦਾ) ਹੈ। ਬਹਿ–ਬੈਠ ਕੇ। ਪਚਾਇਆ–ਖਪਾ ਦਿਤਾ। ਅਖਰੁ–ਉਪਦੇਸ। ਜਿਨਿ–ਜਿਸ ਨੇ।੧।

ਗੂਹ ਪੜਿ = ਨਿੰਦਾ ਕਰਨੀ ਗੂੰਹ ਵਿਚ ਪੈਣਾ ਹੈ। ਲੋਕਾਂ ਨੇ ਫਿਟਕਾਰਾਂ ਰੂਪ ਗੂੰਹ ਨਿੰਦਕਾਂ ਤੇ ਸੁੱਟਿਆ; ਮਨਮੁਖ ਨੂੰ ਲੋਕਾਂ ਨੇ ਧੱਕੇ ਮਾਰ ਕੇ ਇਕ ਖਾਈ ਵਿਚ ਸੁੱਟ ਦਿਤਾ, ਜਿਥੇ ਲੋਕ ਜੰਗਲ ਪਾਣੀ ਬੈਠਦੇ ਸਨ, ਉਥੇ ਨਿੰਦਕ ਦਾ ਚੋਲਾ ਗੂੰਹ ਨਾਲ ਲਿੱਬੜ ਗਿਆ।

ਵਿਆਖਿਆ = ਮੁਗਲਾਂ ਦੇ ਸਮੇਂ ਸਿਆਹ ਨੀਲੇ ਰੰਗ ਦੇ ਚੋਲੇ ਪਿੰਡਾਂ ਵਿਚ ਪੰਚਾਇਤੀ ਧਰਮਸਾਲ ਵਿਚ ਰੱਖੇ ਹੁੰਦੇ ਸਨ। ਜੋ ਹਾਕਮ ਕੋਲ ਸ਼ਿਕਾਇਤ ਕਰਨ ਸਮੇਂ ਪਹਿਨੇ ਜਾਂਦੇ ਸਨ, ਜਿਸ ਤੋਂ ਹਾਕਮ ਉਸ ਦੇ ਆਉਣ ਦਾ ਭਾਵ ਸਮਝ ਲੈਂਦਾ ਸੀ। ਇਹ ਚੋਲਾ ਬਹੁਤਿਆਂ ਦੇ ਵਰਤਣ ਕਰਕੇ ਮੈਲ ਤੇ ਜੂਆਂ ਨਾਲ ਭਰਿਆ ਹੁੰਦਾ ਸੀ। ਗੋਂਦਾ ਖਤ੍ਰੀ ਗੁਰੂ ਅੰਗਦ ਦੇਵ ਜੀ ਪਾਸ ਆਇਆ ਤੇ ਬੇਨਤੀ ਕੀਤੀ ਕਿ ਗੋਇੰਦਵਾਲ ਨਗਰ ਅਬਾਦ ਕਰਨ ਲਈ ਅਸ਼ੀਰਵਾਦ ਦਿਓ ਜੀ। ਗੁਰੂ ਜੀ ਨੇ ਬਾਬਾ ਅਮਰਦਾਸ ਜੀ ਨੂੰ ਭੇਜ ਕੇ ਹਰ ਪ੍ਰਕਾਰ ਦੀ ਮੱਦਤ ਕੀਤੀ ਤੇ ਨਗਰ ਅਬਾਦ ਹੋ ਗਿਆ। ਗੁਰੂ ਅਮਰਦਾਸ ਜੀ ਗੁਰ ਗੱਦੀ ਤੇ ਬਿਰਾਜਮਾਨ ਹੋ ਕੇ ਗੋਇੰਦ ਵਾਲ ਰਹਿਣ ਲਗ ਪਏ। ਗੋਂਦੇ ਦੇ ਮਰ ਜਾਣ ਪਿਛੋਂ ਉਸ ਦੇ ਪੁਤ੍ਰ ਗੁਰੂ ਅਮਰਦਾਸ ਜੀ ਤੋਂ ਅੱਧਾ ਚੜ੍ਹਾਵਾ ਮੰਗਣ ਲਗੇ। ਗੁਰੂ ਜੀ ਦਾ ਜਵਾਬ ਮਿਲਣ ਤੇ ਗੋਂਦੇ ਦੇ ਪੁਤ੍ਰਾਂ ਨੇ ਲਹੌਰ ਜਾ ਕੇ ਸ਼ਿਕਾਇਤ ਕੀਤੀ। ਦੋਹਾਂ ਪਾਸਿਆਂ ਦਾ ਪੱਖ ਸੁਣ ਕੇ ਲਹੌਰ ਦੇ ਹਾਕਮ ਨੇ ਮੁਕੱਦਮਾ ਖਾਰਜ ਕਰ ਦਿਤਾ। ਫਿਰ ਇਹ ਦਿਲੀ ਅਕਬਰ ਦੇ ਦਰਬਾਰ ਵਿਚ ਪੁਜ ਗਏ, ਪੜਤਾਲ ਕਰਕੇ ਬਾਦਸ਼ਾਹ ਨੇ ਸਜਾ ਦਿਤੀ ਕਿ ਇਨ੍ਹਾਂ ਝੂਠਿਆਂ ਨੂੰ ਜੁਤੀਆਂ ਮਾਰ ਕੇ ਬਾਹਰ ਕੱਢ ਦਿਓ। ਗੁਰੂ ਜੀ ਦੇ ਵਿਰੋਧੀਆਂ ਦਾ ਜੋ ਬੁਰਾ ਹਾਲ ਹੋਇਆ, ਉਹ ਸਾਰੀ ਵਾਰਤਾ ਇਸ ਸਲੋਕ ਵਿਚ ਬਿਆਨ ਕੀਤੀ ਹੋਈ ਹੈ।

All Rights Reserved by Harjinder Singh Gyani | www.GuruGranthVakhyaan.org

ਮਃ ੪ ॥ ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ, ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥ ਜਿ ਸਾਹਿਬ ਕੈ ਘਰਿ ਵਥੁ ਹੋਵੈ, ਸੁ ਨਫਰੈ ਹਥਿ ਆਵੈ, ਅਣਹੋਦੀ ਕਿਥਹੁ ਪਾਏ ॥ ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ, ਸਾ ਸੇਵਾ ਅਉਖੀ ਹੋਈ ॥ ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸ਼ਨ ਕੀ, ਫਿਰਿ ਲੇਖਾ ਮੰਗੈ ਨ ਕੋਈ ॥੨॥ ਜਿਸ ਮਨੁੱਖ ਦਾ ਮਾਲਕ ਨੰਗਾ ਭੁੱਖਾ ਹੋਵੇ, ਉਸ ਦਾ ਨੌਕਰ ਕਿਥੋਂ ਰੱਜ ਕੇ ਖਾ ਸਕਦਾ ਹੈ? ਜਿਹੜੀ ਵਸਤੂ ਮਾਲਕ ਦੇ ਘਰ ਵਿਚ ਹੋਵੇ, ਉਹ ਹੀ ਨੌਕਰ ਦੇ ਹੱਥ ਵਿਚ ਆਉਂਦੀ ਹੈ, (ਜੋ ਵਸਤੂ ਮਾਲਕ ਕੋਲ) ਹੈ ਹੀ ਨਹੀਂ, (ਉਹ ਨੌਕਰ) ਕਿਥੋਂ ਪਾ ਸਕਦਾ ਹੈ? ਜਿਸਦੀ ਸੇਵਾ ਕੀਤਿਆਂ ਫਿਰ ਵੀ ਲੇਖਾ ਮੰਗਿਆ ਜਾਵੇ, ਉਹ ਸੇਵਾ ਕੀਤੀ ਦੁਖ ਦਾਈ ਹੁੰਦੀ ਹੈ। ਨਾਨਕ ਗੁਰੂ ਜੀ ਸਿਖਿਆ ਦੇਂਦੇ ਹਨ ਕਿ ਹਰੀ ਰੂਪ ਗੁਰੂ ਦੀ ਸੇਵਾ ਕਰੋ, (ਜਿਸ ਗੁਰੂ ਦਾ) ਦਰਸ਼ਨ ਸਭ ਫਲ ਦੇਣ ਵਾਲਾ ਹੈ, ਫਿਰ (ਤੁਹਾਡੇ ਪਾਸੋਂ) ਕੋਈ ਲੇਖਾ ਮੰਗੇਗਾ ਹੀ ਨਹੀਂ।੨।(ਤਪਾ ਮਾਲਕ ਤੇ ਗੋਂਦੇ ਦਾ ਪੁਤ੍ਰ ਨਫਰ ਸਮਝਣਾ)।

ਪਦਾਰਥ = ਸਾਹਿਬੁ–ਮਾਲਕ। ਨੰਗਾ ਭੁਖਾ–ਕੰਗਾਲ। ਨਫਰੁ–ਨੌਕਰ। ਜਿ–ਜਿਹੜੀ। ਵਥੁ–ਵਸਤੂ। ਸੁ–ਉਹ। ਹਥਿ ਆਵੈ–ਹੱਥ ਵਿਚ ਆਉਂਦੀ (ਮਿਲਦੀ) ਹੈ। ਅਣਹੋਦੀ–ਜੋ ਹੁੰਦੀ ਨਹੀਂ (ਜੋ ਕੋਲ ਨਹੀਂ ਹੈ)। ਸਾ–ਉਹ। ਅਉਖੀ–ਦੁਖ ਦਾਈ। ਸਫਲ–ਫਲ ਸਹਿਤ।੨।

ਵਿਆਖਿਆ = ਜਿਸ ਮਨੁੱਖ ਦਾ ਗੁਰੂ ਮਾਲਕ (ਸ਼ੁੱਭ ਗੁਣਾਂ ਦੀ ਪੂੰਜੀ ਤੋਂ) ਕੰਗਾਲ ਹੋਵੇ ਜਾਂ ਜਿਸ ਕੋਲ ਸਿਫਤ ਸਰਮ ਦਾ ਕਪੜਾ ਨਹੀ ਤੇ ਹਰੀ ਦੇ ਨਾਮ ਦੀ ਭੁੱਖ ਨਹੀਂ, ਉਸ ਦਾ ਸੇਵਕ (ਆਤਮ ਭੋਜਨ) ਰੱਜ ਕੇ ਕਿਵੇਂ ਖਾ ਸਕਦਾ ਹੈ? {ਸਿਫਤ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ੧੩੨੯; ਸੰਤ ਕਾ ਦੋਖੀ ਭੂਖਾ ਨਹੀ ਰਾਜੈ ੨੮੦}। ਮਰਵਾਹੇ ਖੱਤ੍ਰੀ ਤਪੇ ਨੂੰ ਗੁਰੂ ਕਰਕੇ ਪੂਜਦੇ ਰਹੇ, ਤਪੇ ਦੇ ਕਹੇ ਲਗ ਕੇ ਗੁਰੂ ਪਾਤਸ਼ਾਹ ਦਾ ਵਿਰੋਧ ਕਰਦੇ ਰਹੇ, ਜੋ ਇਨ੍ਹਾਂ ਦੀ ਦੁਰਦਸ਼ਾ ਹੋਈ, ਉਸ ਦਾ ਵਰਨਣ ਕੀਤਾ ਹੋਇਆ ਹੈ।

ਪਉੜੀ ॥ ਨਾਨਕ ਵੀਚਾਰਹਿ ਸੰਤ ਜਨ, ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ, ਸੇ ਵਚਨ ਹੋਵੰਦੇ ॥ ਪ੍ਰਗਟ ਪਹਾਰਾ ਜਾਪਦਾ, ਸਭਿ ਲੋਕ ਸੁਣੰਦੇ ॥ ਸੁਖੁ ਨ ਪਾਇਨਿ ਮੁਗਧ ਨਰ, ਸੰਤ ਨਾਲਿ ਖਹੰਦੇ ॥ ਓਇ ਲੋਚਨਿ ਓਨਾ ਗੁਣੈ ਨੋ, ਓਇ ਅਹੰਕਾਰਿ ਸੜੰਦੇ ॥ ਓਇ ਵਿਚਾਰੇ ਕਿਆ ਕਰਹਿ, ਜਾ ਭਾਗ ਧੁਰਿ ਮੰਦੇ ॥ ਜੋ ਮਾਰੇ ਤਿਨਿ ਪਾਰਬ੍ਰਹਮਿ, ਸੇ ਕਿਸੈ ਨ ਸੰਦੇ ॥ ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥ ਜੋ ਜੋ ਸੰਤਿ ਸਰਾਪਿਆ, ਸੇ ਫਿਰਹਿ ਭਵੰਦੇ ॥ ਪੇਡੁ ਮੁਢਾਹੂੰ ਕਟਿਆ, ਤਿਸੁ ਡਾਲ ਸੁਕੰਦੇ ॥੧੨॥ ਹੇ ਨਾਨਕ! ਸੰਤ ਜਨ ਵਿਚਾਰਦੇ ਹਨ ਅਤੇ ਚਾਰ ਵੇਦ ਵੀ (ਇਹੋ ਗੱਲ) ਕਹਿੰਦੇ ਹਨ। ਕਿ ਭਗਤ (ਜਨ ਜੋ ਕੁਝ ਅਪਣੇ) ਮੂੰਹ ਤੋਂ ਬੋਲਦੇ ਹਨ, ਉਹ ਬਚਨ ਸੱਚੇ ਹੁੰਦੇ ਹਨ।(ਉਨ੍ਹਾਂ ਦਾ) ਪ੍ਰਭਾਵ ਪ੍ਰਤੱਖ ਦਿਸ ਪੈਂਦਾ ਹੈ ਤੇ (ਉਨ੍ਹਾਂ ਦੀ ਸੋਭਾ) ਸਾਰੇ ਲੋਕ ਸੁਣਦੇ ਹਨ; ਸੰਸਾਰ ਪਸਾਰੇ ਵਿਚ ਪ੍ਰਤੱਖ ਦਿਸ ਪੈਂਦਾ ਹੈ ਤੇ ਸਾਰੇ ਲੋਕ ਸੁਣਦੇ ਵੀ ਹਨ। ਕਿ ਮੂਰਖ ਲੋਕ ਸੁਖ ਨਹੀਂ ਪਾਉਂਦੇ, ਜਿਹੜੇ ਸੰਤਾਂ ਨਾਲ ਖਹਿੰਦੇ ਹਨ। ਉਹ (ਸੰਤ ਜਨ) ਤਾਂ ਉਨ੍ਹਾਂ (ਮੂਰਖਾਂ) ਨੂੰ ਗੁਣਵਾਨ ਬਣਾਉਣਾ ਚਾਹੁੰਦੇ ਹਨ, ਪਰ ਉਹ (ਮੂਰਖ) ਹੰਕਾਰ ਵਿਚ ਸੜਦੇ ਰਹਿੰਦੇ ਹਨ ;ਉਹ (ਮੂਰਖ) ਉਨ੍ਹਾਂ (ਸੰਤਾਂ ਵਾਲੇ) ਗੁਣਾਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, (ਪਰ ਉਹ ਮੂਰਖ) ਹੰਕਾਰ ਵਿਚ ਸੜੇ ਰਹਿੰਦੇ ਹਨ (ਇਸ ਲਈ ਸੰਤਾਂ ਵਾਲੇ ਗੁਣ ਲੈ ਨਹੀਂ ਸਕਦੇ। ਇਨ੍ਹਾਂ ਮੂਰਖਾਂ ਦੇ ਵਸ ਵਿਚ ਕੁਛ ਨਹੀਂ) ਉਹ ਵਿਚਾਰੇ ਕੀ ਕਰਨ, ਜਦ ਭਾਗ ਹੀ ਧੁਰੋਂ ਮੰਦੇ ਹਨ। ਜਿਹੜੇ ਮਨੁੱਖ ਉਸ ਪ੍ਰਭੂ ਨੇ ਮਾਰੇ ਹਨ, ਉਹ ਕਿਸੇ ਦੇ (ਮਿਤ੍ਰ) ਨਹੀਂ ਬਣਦੇ; ਕਿਸੇ ਗੁਰੂ ਪੀਰ ਦੇ ਨਹੀਂ ਬਣਦੇ (ਫ.ਸ.)। ਨਿਰਵੈਰ ਸੰਤਾਂ ਨਾਲ ਜਿਹੜੇ ਵੈਰ ਕਰਦੇ ਹਨ, (ਉਹ ਮਨੁੱਖ) ਧਰਮ ਦੇ ਨਿਆਂ ਅਨੁਸਾਰ ਦੁਖ ਭੋਗਦੇ ਹਨ; ਨਰਕਾਂ ਵਿਚ ਸੜਦੇ ਹਨ। ਜੋ ਜੋ ਮਨੁੱਖ ਸੰਤਾਂ ਤੋਂ ਸਰਾਪੇ ਹੋਏ ਹਨ, ਉਹ ਭਟਕਦੇ (ਦੁਖੀ ਹੋਏ) ਫਿਰਦੇ ਹਨ; ਜੂਨੀਆਂ ਵਿਚ ਭੌਂਦੇ ਫਿਰਦੇ ਹਨ।(ਜਿਵੇਂ ਜਿਸ) ਦਰੱਖਤ ਨੂੰ ਜੜ ਤੋਂ ਕੱਟ ਦਿਤਾ ਜਾਵੇ, ਉਸ ਦੇ ਟਾਹਣੇ ਸੁੱਕ ਜਾਂਦੇ ਹਨ (ਤਪਾ ਮੂਲ ਹੈ ਤੇ ਮਰਵਾਹੇ ਡਾਲ ਹਨ, ਜਦ ਤਪਾ ਗੁਰੂ ਤੋਂ ਬੇਮੁਖ ਹੈ ਤਾਂ ਉਸ ਨੂੰ ਮੰਨਣ ਵਾਲੇ ਮਰਵਾਹੇ ਆਪੇ ਬੇਮੁਖ ਹੋ ਗਏ)।੧੨। ਇਹ ਪਉੜੀ ਪੰਨਾ ੩੧੬–੩੧੭ ਤੇ ਮਃ ੫ ਦੀ ਵੀ ਹੈ।

ਮੂਲ ਰੂਪ ਹਰੀ ਤੋਂ ਵਿਛੜੇ ਹੋਏ ਮਨੁੱਖ ਦਾ ਜੀਵਨ ਰਸ ਹੀਣ ਹੁੰਦਾ ਹੈ, ਉਹ ਸੁੱਕੇ ਰੁੱਖ ਵਾਂਗ ਹੈ, ਜਿਸ ਨੂੰ ਕੋਈ ਫਲ ਨਹੀ ਲਗਦਾ।

ਪਦਾਰਥ = ਕਹੰਦੇ–ਕਹਿੰਦੇ ਹਨ। ਮੁਖੈ ਤੇ–ਮੂੰਹ ਤੋਂ। ਸੇ–ਉਹ। ਹੋਵੰਦੇ–(ਸੱਚੇ; ਪੂਰੇ) ਹੁੰਦੇ ਹਨ। ਪ੍ਰਗਟ–ਪ੍ਰਤੱਖ। ਪਹਾਰਾ–ਪਸਾਰਾ (ਸੰਸਾਰ ਦਾ); ਪ੍ਰਭਾਵ; ਰੁਹਾਨੀ ਤਾਕਤ। ਜਾਪਦਾ–ਦਿਸਦਾ ਹੈ; ਜਾਣੀਦਾ ਹੈ। ਮੁਗਧ–ਮੂਰਖ। ਨਰ–ਮਨੁੱਖ। ਖਹੰਦੇ–ਗਲ ਪੈਂਦੇ (ਝਗੜਦੇ ;ਦੁਖ ਦਿੰਦੇ) ਹਨ। ਓਇ–ਉਹ। ਲੋਚਨਿ–ਚਾਹੁੰਦੇ ਹਨ। ਓਨਾ–ਉਨ੍ਹਾਂ ਨੂੰ। ਗੁਣੈ ਨੋ–ਗੁਣ ਵਾਲੇ ਬਣਾਉਣ ਨੂੰ। ਜਾ–ਜਦ। ਧੁਰਿ–ਧੁਰ ਤੋਂ। ਤਿਨਿ–ਉਸ ਨੇ। ਸੰਦੇ–ਦੇ। ਧਰਮ ਨਿਆਇ–ਧਰਮ ਰਾਇ; ਧਰਮ ਦੇ ਨਿਆਂ ਅਨੁਸਾਰ। ਪਚੰਦੇ–ਦੁਖ ਭੋਗਦੇ; ਰਿਝਦੇ; ਸੜਦੇ ਹਨ। ਸੰਤਿ–ਸੰਤਾਂ ਵਲੋਂ। ਭਵੰਦੇ–ਭਟਕਦੇ ਹਨ। ਪੇਡੁ–ਦਰੱਖਤ। ਮੁੰਢਾਹੂੰ–ਜੜ ਤੋਂ। ਡਾਲ–ਟਾਹਣੇ। ਸੁਕੰਦੇ–ਸੁੱਕ ਜਾਂਦੇ ਹਨ।੧੨।

All Rights Reserved by Harjinder Singh Gyani | www.GuruGranthVakhyaan.org

ਅੰਗ ੩੦੭ = ਸਲੋਕ ਮਃ ੪ ॥ ਅੰਤਰਿ ਹਰਿ ਗੁਰੂ ਧਿਆਇਦਾ, ਵਡੀ ਵਡਿਆਈ ॥ ਤੁਸਿ ਦਿਤੀ ਪੂਰੈ ਸਤਿਗੁਰੂ, ਘਟੈ ਨਾਹੀ ਇਕੁ ਤਿਲੁ ,ਕਿਸੈ ਦੀ ਘਟਾਈ ॥ ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ, ਤਾਂ ਝਖਿ ਝਖਿ ਮਰੈ ਸਭ ਲੋੁਕਾਈ ॥ ਨਿੰਦਕਾ ਕੇ ਮੁਹ ਕਾਲੇ ਕਰੇ, ਹਰਿ ਕਰਤੈ ਆਪਿ ਵਧਾਈ ॥ ਜਿਉ ਜਿਉ ਨਿੰਦਕ ਨਿੰਦ ਕਰਹਿ, ਤਿਉ ਤਿਉ ਨਿਤ ਨਿਤ ਚੜੈ ਸਵਾਈ ॥ ਜਨ ਨਾਨਕ ਹਰਿ ਆਰਾਧਿਆ, ਤਿਨਿ ਪੈਰੀ ਆਣਿ ਸਭ ਪਾਈ ॥੧॥ ਗੁਰੂ (ਅਮਰਦਾਸ ਜੀ ਅਪਣੇ) ਹਿਰਦੇ ਅੰਦਰ ਹਰੀ ਨੂੰ ਧਿਆਉਂਦੇ ਹਨ, (ਜਿਸ ਕਰਕੇ ਸੰਸਾਰ ਵਿਚ ਉਨ੍ਹਾਂ ਦੀ) ਵਡੀ ਵਡਿਆਈ ਹੈ (ਉਨ੍ਹਾਂ ਦਾ ਬਹੁਤ ਜਸ ਹੋ ਰਿਹਾ ਹੈ। ਉਨ੍ਹਾਂ ਨੂੰ) ਪੂਰੇ ਸਤਿਗੁਰੂ (ਅੰਗਦ ਦੇਵ ਜੀ ਨੇ ਇਹ ਵਡਿਆਈ) ਪ੍ਰਸੰਨ ਹੋ ਕੇ ਦਿਤੀ ਹੈ, (ਇਸ ਕਰਕੇ) ਇਕ ਤਿਲ ਮਾਤ੍ਰ ਵੀ ਕਿਸੇ ਦੀ ਘਟਾਈ ਹੋਈ ਘਟ ਨਹੀਂ ਸਕਦੀ। (ਜਦ) ਸੱਚਾ ਸਾਹਿਬ (ਅਕਾਲ ਪੁਰਖ) ਸਤਿਗੁਰੂ ਦੇ ਵੱਲ ਹੈ, ਤਾਂ (ਨਿੰਦਾ ਕਰਨ ਵਾਲੀ) ਸਾਰੀ ਲੋਕਾਈ ਭਾਵੇਂ ਖਪ ਖਪ ਕੇ ਮਰਦੀ ਰਹੇ; ਬਕਵਾਸ ਮਾਰਦੀ ਰਹੇ (ਸਤਿਗੁਰੂ ਦਾ ਕੋਈ ਕੁਛ ਨਹੀਂ ਬਿਗਾੜ ਸਕਦਾ। ਸਤਿਗੁਰੂ ਦੀ ਵਡਿਆਈ) ਸਿਰਜਨਹਾਰ ਹਰੀ ਨੇ ਆਪ ਹੀ ਵਧਾਈ ਹੈ ਅਤੇ ਨਿੰਦਕਾਂ ਦੇ ਮੂੰਹ ਕਾਲੇ ਕੀਤੇ ਹਨ। ਜਿਉਂ ਜਿਉਂ ਨਿੰਦਕ ਲੋਕ (ਸਤਿਗੁਰੂ ਦੀ) ਨਿੰਦਾ ਕਰਦੇ ਹਨ, ਤਿਉਂ ਤਿਉਂ (ਸਤਿਗੁਰੂ ਦੀ ਵਡਿਆਈ) ਨਿੱਤ ਨਿੱਤ ਵਧਦੀ ਹੈ। ਦਾਸ ਨਾਨਕ ਆਖਦਾ ਹੈ (ਕਿ ਗੁਰੂ ਅਮਰ ਦਾਸ ਜੀ ਨੇ ਜਿਸ) ਹਰੀ ਨੂੰ ਅਰਾਧਿਆ ਹੈ, ਉਸ (ਹਰੀ) ਨੇ ਸਾਰੀ ਦੁਨੀਆਂ ਲਿਆ ਕੇ (ਗੁਰੂ ਅਮਰਦਾਸ ਜੀ ਦੇ) ਚਰਨੀਂ ਪਾ ਦਿਤੀ ਹੈ।੧।

ਪਦਾਰਥ = ਅੰਤਰਿ–ਹਿਰਦੇ ਅੰਦਰ। ਤੁਸਿ–ਪ੍ਰਸੰਨ ਹੋ ਕੇ। ਵਲਿ–ਤਰਫ; ਪੱਖ ਵਿਚ। ਝਖਿ ਝਖਿ–ਖਪ ਖਪ ਕੇ। ਲੋੁਕਾਈ–ਦੁਨੀਆਂ। ਕਰਤੈ–ਸਿਰਜਨਹਾਰ ਨੇ। ਚੜੈ ਸਵਾਈ–ਵਧਦੀ ਹੈ। ਪੈਰੀ–ਚਰਨਾਂ ਵਿਚ। ਆਣਿ–ਲਿਆ ਕੇ। ਪਾਈ–ਪਾ ਦਿਤੀ।੧।

ਮਃ ੪ ॥ ਸਤਿਗੁਰ ਸੇਤੀ ਗਣਤ ਜਿ ਰਖੈ, ਹਲਤੁ ਪਲਤ ਸਭੁ ਤਿਸ ਕਾ ਗਇਆ ॥ ਨਿਤ ਝਹੀਆ ਪਾਏ ਝਗੂ ਸੁਟੇ, ਝਖਦਾ ਝਖਦਾ ਝੜਿ ਪਇਆ ॥ ਨਿਤ ਉਪਾਵ ਕਰੈ ਮਾਇਆ ਧਨ ਕਾਰਣਿ, ਅਗਲਾ ਧਨ ਭੀ ਉਡਿ ਗਇਆ ॥ ਕਿਆ ਓਹੁ ਖਟੇ ਕਿਆ ਓਹੁ ਖਾਵੈ, ਜਿਸੁ ਅੰਦਰਿ ਸਹਸਾ ਦੁਖੁ ਪਇਆ ॥ ਨਿਰਵੈਰੈ ਨਾਲਿ ਜਿ ਵੈਰੁ ਰਚਾਏ, ਸਭੁ ਪਾਪੁ ਜਗਤੈ ਕਾ, ਤਿਨਿ ਸਿਰਿ ਲਇਆ ॥ ਓਸੁ ਅਗੈ ਪਿਛੈ ਢੋਈ ਨਾਹੀ, ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥ ਜੇ ਸੁਇਨੇ ਨੋ ਓਹੁ ਹਥੁ ਪਾਏ, ਤਾ ਖੇਹੂ ਸੇਤੀ ਰਲਿ ਗਇਆ ॥ ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ, ਤਾ ਪਿਛਲੇ ਅਉਗਣ ਬਖਸਿ ਲਇਆ ॥ ਜਨ ਨਾਨਕ ਅਨਦਿਨੁ ਨਾਮੁ ਧਿਆਇਆ, ਹਰਿ ਸਿਮਰਤ ਕਿਲਵਿਖ ਪਾਪ ਗਇਆ ॥੨॥ (ਗੋਂਦੇ ਦੇ ਪੁਤ੍ਰਾਂ ਵਰਗਾ) ਜਿਹੜਾ ਮਨੁੱਖ ਸਤਿਗੁਰੂ ਨਾਲ ਵੈਰ ਵਿਰੋਧ ਦੀ ਗਿਣਤੀ ਰਖਦਾ ਹੈ, ਉਸ ਦਾ ਲੋਕ ਪ੍ਰਲੋਕ ਸਭ ਨਿਸਫਲ ਚਲਾ ਗਿਆ; ਲੋਕ ਪ੍ਰਲੋਕ ਦਾ ਸਾਰਾ ਸੁਖ ਦੂਰ ਹੋ ਗਿਆ। ਉਹ (ਨਿੰਦਕ) ਨਿਤ ਕਚੀਚੀਆਂ ਵੱਟ ਕੇ ਪੈਂਦਾ ਸੀ, ਤੇ (ਹਲਕੇ ਕੁੱਤੇ ਵਾਂਗ ਮੂਹੋਂ) ਝੱਗ ਸੁੱਟਦਾ ਸੀ ਤੇ ਖਪਦਾ ਖਪਦਾ ਝੜ ਪਿਆ (ਮਰ ਗਿਆ); ਬਕਵਾਸ ਕਰਦਾ ਹੋਇਆ ਜੀਵਨ ਤੋਂ ਗਿਰ ਪਿਆ। ਨਿਤ ਧਨ ਦੌਲਤ ਲਈ ਜਤਨ ਕਰਦਾ ਸੀ, (ਹੋਰ ਧਨ ਤਾਂ ਕੀ ਮਿਲਣਾ ਸੀ, ਉਸ ਕੋਲੋਂ ਗੋਂਦੇ ਦਾ ਕਮਾਇਆ) ਪਹਿਲਾ ਧਨ ਵੀ (ਰਿਸ਼ਵਤਾਂ ਦੇਣ ਵਿਚ) ਉਡ ਗਿਆ। ਜਿਸ ਨਿੰਦਕ ਦੇ ਅੰਦਰ ਸੰਸੇ ਦਾ ਦੁਖ ਪਿਆ ਹੋਵੇ, ਉਹ ਹੁਣ ਕੀ ਕਮਾਵੇ ਤੇ ਕੀ ਖਾਵੇਗਾ? (ਸੁਖ ਨਹੀਂ ਲੈ ਸਕਦਾ)। ਜਿਹੜਾ ਮਨੁੱਖ ਨਿਰਵੈਰ ਗੁਰੂ ਨਾਲ ਵੈਰ ਰਚਾਉਂਦਾ ਹੈ, (ਸਮਝ ਲਵੋ) ਉਸ ਨੇ ਸਾਰੇ ਜਗਤ ਦਾ ਪਾਪ ਅਪਣੇ ਸਿਰ ਤੇ ਲੈ ਲਿਆ। ਉਸ (ਨਿੰਦਕ) ਨੂੰ ਲੋਕ ਪ੍ਰਲੋਕ ਵਿਚ ਕਿਤੇ ਆਸਰਾ ਨਹੀਂ ਮਿਲਦਾ, ਜਿਸ ਦੇ ਅੰਦਰ (ਗੁਰੂ ਦੀ) ਨਿੰਦਾ ਹੈ ਤੇ ਮੂੰਹ ਵਿਚ (ਨਿੰਦਾ ਦਾ) ਅੰਬ ਵਾਂਗ ਰਸ ਪਿਆ ਹੋਇਆ ਹੈ (ਨਿੰਦਾ ਦਾ ਰਸ ਮਿੱਠਾ ਲਗਦਾ ਹੈ; ਨਿੰਦਾ ਕਰ ਕਰ ਕੇ) ਮੂੰਹ ਦਰਦ ਕਰਨ ਲਗ ਪਿਆ ਹੈ (ਸ਼ਬਦਾਰਥ)। ਜੇ ਉਹ ਨਿੰਦਕ ਸੋਨੇ ਨੂੰ ਵੀ ਹੱਥ ਪਾਵੇ ਤਾਂ ਮਿਟੀ ਨਾਲ ਮਿਲ ਜਾਂਦਾ ਹੈ (ਲਾਭ ਦਾਇਕ ਪਦਾਰਥ ਵੀ ਦੁਖਦਾਈ ਬਣ ਜਾਂਦੇ ਹਨ। ਪਰ) ਜੇ ਉਹ ਫਿਰ ਭੀ ਗੁਰੂ ਦੀ ਸ਼ਰਣ ਵਿਚ ਆ ਜਾਵੇ, ਤਾਂ (ਗੁਰੂ ਉਸ ਦੇ) ਪਿਛਲੇ ਔਗਣ ਬਖਸ਼ ਲੈਂਦਾ ਹੈ। (ਪ੍ਰਭੂ ਦੇ) ਦਾਸ ਨਾਨਕ (ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੇ) ਹਰ ਰੋਜ ਹਰੀ ਦੇ ਨਾਮ ਨੂੰ ਧਿਆਇਆ ਹੈ, ਹਰੀ ਦਾ ਸਿਮਰਨ ਕਰਦਿਆਂ (ਉਸ ਦੇ) ਵਡੇ ਪਾਪ ਤੇ ਛੋਟੇ ਪਾਪ ਦੂਰ ਹੋ ਗਏ ਹਨ।੨। ਬੋਲੋ ਧੰਨ ਗੁਰੂ ਰਾਮਦਾਸ ਜੀ

ਪਦਾਰਥ = ਗਣਤ–(ਵੈਰ ਵਿਰੋਧ; ਮੇਰ ਤੇਰ ਵਾਲੀ) ਗਿਣਤੀ; ਈਰਖਾ; ਨੁਕਤਾਚੀਨੀ; ਕੀਤੀ ਸੇਵਾ ਦੀ ਗਿਣਤੀ ਰਖਦਾ ਹੈ ਕਿ ਕੀਤੀ ਸੇਵਾ ਦਾ ਆਹ ਫਲ ਮਿਲਣਾ ਚਾਹੀਦਾ ਹੈ, ਕੀਤੀ ਸੇਵਾ ਜਤਾਉਂਦਾ ਹੈ (ਟਕਸਾਲ)। ਜਿ–ਜਿਹੜਾ। ਹਲਤੁ–ਮਾਤ ਲੋਕ। ਪਲਤੁ–ਪ੍ਰਲੋਕ। ਨਿਤ–ਰੋਜ; ਸਦਾ। ਝਹੀਆ ਪਾਏ–(ਗੁੱਸੇ ਵਿਚ) ਕਚੀਚੀਆਂ ਵੱਟਦਾ ਹੈ; ਦੰਦ ਪੀਂਹਦਾ ਹੈ। ਝਗੂ ਸੁਟੇ–(ਮੂੰਹ ਤੋਂ) ਥੁੱਕ ਸੁੱਟਦਾ ਹੈ; (ਹਲਕੇ ਕੁੱਟੇ ਵਾਂਗ) ਝੱਗ ਸੁੱਟਦਾ ਹੈ (ਨਿੰਦਾ ਕਰਦਾ ਰਹਿੰਦਾ ਹੈ)। ਝਖਦਾ ਝਖਦਾ–ਖਪਦਾ ਖਪਦਾ। ਝੜਿ ਪਇਆ–(ਜਿਵੇਂ ਰੁੱਖ ਤੋਂ

All Rights Reserved by Harjinder Singh Gyani | www.GuruGranthVakhyaan.org

ਪੱਤਾ) ਝੜ ਪੈਂਦਾ ਹੈ; ਮਰ ਗਿਆ। ਉਪਾਵ-ਜਤਨ; ਵਿਓਂਤਾਂ। ਅਗਲਾ-ਪਹਿਲਾ। ਉਡਿ ਗਇਆ-ਨਾਸ਼ ਹੋ ਗਿਆ। ਖਟੇ-ਕਮਾਵੇ। ਸਹਸਾ-ਸ਼ੱਕ। ਰਚਾਏ-ਕਰਦਾ ਹੈ। ਤਿਨਿ-ਉਸ ਨੇ। ਅਗੈ-ਪ੍ਰਲੋਕ ਵਿਚ। ਪਿਛੈ-ਇਸ ਲੋਕ ਵਿਚ। ਢੋਈ-ਆਸਰਾ। ਮੁਹਿ-ਮੂੰਹ ਵਿਚ। ਖੇਹੂ-ਮਿੱਟੀ। ਸੇਤੀ-ਨਾਲ। ਰਲਿ ਗਇਆ-ਲਿੱਬੜ ਗਿਆ। ਫਿਰਿ-ਫਿਰ ਭੀ। ਅਨਦਿਨੁ-ਹਰ ਰੋਜ। ਕਿਲਵਿਖ-ਵੱਡੇ ਪਾਪ।੨।

ਅੰਬੁ ਪਇਆ = ਨਿੰਦਾ ਰੂਪ ਅੰਬ ਦਾ ਮਿੱਠਾ ਰਸ ਪਿਆ ਹੈ (ਨਿੰਦਾ ਦਾ ਰਸ ਮਿੱਠਾ ਲਗਦਾ ਹੈ)। ਮੂੰਹ ਵਿਚ ਅੰਬਾ ਹੋ ਗਿਆ, ਬਹੁਤ ਬੋਲਣ ਨਾਲ ਮੂੰਹ ਥੱਕ ਪੈਂਦਾ ਹੈ, ਦਰਦ ਕਰਨ ਲਗ ਪਿਆ ਹੈ (ਸ਼ਬਦਾਰਥ)। ਨਿੰਦਾ ਦਾ ਚਸਕਾ। ਮੂੰਹ ਪੱਕ ਪਿਆ।

ਪਉੜੀ ॥ ਤੂ ਹੈ ਸਚਾ ਸਚੁ ਤੂ ,ਸਭ ਦੂ ਉਪਰਿ ਤੂ ਦੀਬਾਣੁ ॥ ਜੋ ਤੁਧੁ ਸਚੁ ਧਿਆਇਦੇ, ਸਚੁ ਸੇਵਨਿ ਸਚੇ ਤੇਰਾ ਮਾਣੁ ॥ ਓਨਾ ਅੰਦਰਿ ਸਚੁ ਮੁਖਿ ਉਜਲੇ, ਸਚੁ ਬੋਲਨਿ ਸਚੇ ਤੇਰਾ ਤਾਣੁ ॥ ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ, ਸਚੁ ਸਬਦੁ ਨੀਸਾਣੁ ॥ ਸਚੁ ਜਿ ਸਚੇ ਸੇਵਦੇ, ਤਿਨ ਵਾਰੀ ਸਦ ਕੁਰਬਾਣੁ ॥੧੩॥ (ਹੇ ਵਾਹਿਗੁਰੂ !) ਤੂੰ ਸੱਚ ਸਰੂਪ ਹੈਂ, ਨਿਰੋਲ ਸੱਚਾ ਹੈਂ ਅਤੇ ਸਾਰਿਆਂ ਦੇ ਉਪਰ ਤੂੰ (ਜੀਵਾਂ ਦਾ) ਆਸਰਾ ਹੈਂ; ਤੂੰ ਸਭ ਦੇ ਉਪਰ ਹਾਕਮ ਹੈਂ (ਜਿਥੇ ਫਰਿਆਦੀ ਨੂੰ ਜੋਰ ਜੁਲਮ ਤੋਂ ਪਨਾਹ ਮਿਲਦੀ ਹੈ (ਸ਼ਬਦਾਰਥ)। ਜੋ ਪੁਰਖ ਤੈਨੂੰ ਸੱਚ ਸਰੂਪ ਜਾਣ ਕੇ ਧਿਆਉਂਦੇ ਹਨ, ਸੱਚ ਸਰੂਪ ਜਾਣ ਕੇ ਸੇਵਾ ਕਰਦੇ ਹਨ, ਹੇ ਸੱਚੇ ! (ਉਨ੍ਹਾਂ ਨੂੰ) ਤੇਰਾ ਹੀ ਮਾਣ ਹੈ। ਉਨ੍ਹਾਂ ਦੇ ਹਿਰਦੇ ਅੰਦਰ ਸੱਚ ਸਰੂਪ ਹਰੀ ਵਸਦਾ ਹੈ, ਉਹ ਸੱਚ ਬੋਲਦੇ ਹਨ, ਉਨ੍ਹਾਂ ਦੇ ਮੂੰਹ ਖਿੜੇ ਰਹਿੰਦੇ ਹਨ, ਹੇ ਸੱਚੇ ! ਉਨ੍ਹਾਂ ਨੂੰ ਤੇਰਾ ਤਾਣ ਹੈ। ਉਹ ਭਗਤ ਹਨ, ਜਿਨ੍ਹਾਂ ਨੇ (ਹੇ ਸੱਚੇ ! ਤੈਨੂੰ) ਗੁਰੂ ਦੁਆਰਾ ਸਲਾਹਿਆ ਹੈ, (ਉਨ੍ਹਾਂ ਦੇ ਹਿਰਦੇ ਰੂਪ ਮੱਥੇ ਤੇ) ਸੱਚਾ ਸ਼ਬਦ ਰੂਪ ਨਿਸ਼ਾਨ ਉਕਰ (ਸ਼ਬਦ ਹਿਰਦੇ ਵਿਚ ਵਸ) ਗਿਆ ਹੈ; ਉਨ੍ਹਾਂ ਨੂੰ ਸੱਚਾ ਸਬਦ ਰੂਪ ਪ੍ਰਵਾਨਾ ਮਿਲ ਗਿਆ ਹੈ। ਜਿਹੜੇ ਮਨੁੱਖ ਸੱਚੇ ਵਾਹਿਗੁਰੂ ਨੂੰ ਸਿਮਰਦੇ ਹਨ, ਉਹ ਸੱਚੇ ਹਨ, ਮੈਂ ਉਨ੍ਹਾਂ ਤੋਂ ਸਦਾ ਵਾਰਨੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ।੧੩।

ਪਦਾਰਥ = ਸਭ ਦੂ-ਸਭ ਤੋਂ। ਦੀਬਾਣੁ-ਆਸਰਾ; ਹਾਕਮ; ਦਾਰਬਾਰ। ਤੁਧੁ-ਤੈਨੂੰ। ਉਜਲੇ-ਖਿੜੇ ਹੋਏ। ਤਾਣੁ-ਬਲ। ਸੇ-ਉਹ। ਨੀਸਾਣੁ -ਚਿੰਨ; (ਦਰਗਾਹ ਵਿਚ ਪੁੱਜਣ ਦੀ) ਰਾਹਦਾਰੀ। ਜਿ-ਜਿਹੜੇ (ਪੁਰਖ)। ਸੇਵਦੇ-ਸਿਮਰਦੇ ਹਨ। ਵਾਰੀ-ਵਾਰਨੇ ਜਾਂਦਾ ਹਾਂ।੧੩।

ਵਿਆਖਿਆ = ਪਉੜੀ ਵਿਚ ਵਾਹਿਗੁਰੂ ਨੂੰ ਸੱਚ ਸਰੂਪ ਦਸ ਕੇ ਉਸ ਅੱਗੇ ਅਰਦਾਸ ਕੀਤੀ ਹੈ। ਉਹ ਸੱਚ ਹੋਣ ਕਰਕੇ ਉਸ ਦੇ ਹੁਕਮ ਤੇ ਵੀਚਾਰ ਸਭ ਸੱਚੇ ਹਨ। ਉਸ ਦਾ ਦਰਬਾਰ ਸੱਚਾ ਹੈ, ਜਿਥੇ ਸੱਚਾ ਨਿਆਂ ਹੁੰਦਾ ਹੈ, ਉਸ ਨੂੰ ਸਭ ਤੋਂ ਵੱਡਾ ਦਸਿਆ ਹੈ। ਜੋ ਉਸ ਸੱਚ ਨੂੰ ਜਪਦੇ ਹਨ, ਉਨ੍ਹਾਂ ਨੂੰ ਸੱਚੇ ਦਾ ਮਾਣ ਤੇ ਤਾਣ ਪ੍ਰਾਪਤ ਹੁੰਦਾ ਹੈ, ਇਹ ਉਨ੍ਹਾਂ ਦੀ ਕੀਤੀ ਸੇਵਾ ਦਾ ਫਲ ਹੈ। ਅੱਗੇ ਉਨ੍ਹਾਂ ਦੀ ਰਹਿਣੀ ਦਸਦੇ ਹਨ, ਉਨ੍ਹਾਂ ਅੰਦਰ ਸੱਚ ਹੁੰਦਾ ਹੈ, ਸੱਚ ਬੋਲਦੇ ਹਨ, ਸੱਚੇ ਦੀ ਸਿਫਤ ਸਲਾਹ ਕਰਦੇ ਹਨ। ਉਨ੍ਹਾਂ ਤੇ ਸੱਚੇ ਸ਼ਬਦ ਦਾ ਨਿਸ਼ਾਨ ਪੈ ਜਾਂਦਾ ਹੈ ਭਾਵ ਉਨ੍ਹਾਂ ਦੀ ਪਹੁੰਚ ਰੱਬੀ ਦਰਗਾਹ ਤਕ ਹੋ ਜਾਂਦੀ ਹੈ। ਇਸ ਕਰਕੇ ਉਨ੍ਹਾਂ ਦੇ ਮੂੰਹ ਖਿੜੇ ਰਹਿੰਦੇ ਹਨ।

ਸਲੋਕ ਮਃ ੪ ॥ ਧੁਰਿ ਮਾਰੇ ਪੂਰੈ ਸਤਿਗੁਰੂ ,ਸੇਈ ਹੁਣਿ ਸਤਿਗੁਰਿ ਮਾਰੇ ॥ ਜੇ ਮੇਲਣ ਨੋ ਬਹੁਤੇਰਾ ਲੋਚੀਐ, ਨ ਦੇਈ ਮਿਲਣ ਕਰਤਾਰੇ ॥ ਸਤਸੰਗਤ ਢੋਈ ਨ ਲਹਨਿ, ਵਿਚਿ ਸੰਗਤਿ ਗੁਰਿ ਵੀਚਾਰੇ ॥ ਕੋਈ ਜਾਇ ਮਿਲੈ ਹੁਣਿ ਓਨਾ ਨੋ, ਤਿਸੁ ਮਾਰੇ ਜਮੁ ਜੰਦਾਰੇ ॥ ਗੁਰਿ ਬਾਬੈ ਫਿਟਕੇ ਸੇ ਫਿਟੇ, ਗੁਰਿ ਅੰਗਦ ਕੀਤੇ ਕੂੜਿਆਰੇ ॥ ਗੁਰਿ ਤੀਜੀ ਪੀੜੀ ਵੀਚਾਰਿਆ, ਕਿਆ ਹਥਿ ਏਨਾ ਵੇਚਾਰੇ ॥ ਗੁਰੁ ਚਉਥੀ ਪੀੜੀ ਟਿਕਿਆ, ਤਿਨਿ ਨਿੰਦਕ ਦੁਸਟ ਸਭਿ ਤਾਰੇ ॥ ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ, ਤਿਸੁ ਕਾਰਜ ਸਭਿ ਸਵਾਰੇ ॥ ਜੋ ਇਛੈ ਸੋ ਫਲੁ ਪਾਇਸੀ, ਪੁਤੁ ਧਨੁ ਲਖਮੀ, ਖੜਿ ਮੇਲੇ ਹਰਿ ਨਿਸਤਾਰੇ ॥ ਸਭਿ ਨਿਧਾਨ ਸਤਿਗੁਰੂ ਵਿਚਿ, ਜਿਸੁ ਅੰਦਰਿ ਹਰਿ ਉਰ ਧਾਰੇ ॥ ਸੋ ਪਾਏ ਪੂਰਾ ਸਤਿਗੁਰੂ ,ਜਿਸੁ ਲਿਖਿਆ ਲਿਖਤੁ ਲਿਲਾਰੇ ॥ ਜਨੁ ਨਾਨਕੁ ਮਾਗੈ ਧੂੜਿ ਤਿਨ, ਜੋ ਗੁਰਸਿਖ ਮਿਤ ਪਿਆਰੇ ॥੧॥ (ਜਿਹੜੇ ਮਨੁੱਖ) ਸ਼ੁਰੂ ਤੋਂ ਹੀ ਪੂਰੇ ਸਤਿਗੁਰੂ (ਨਾਨਕ ਦੇਵ ਜੀ) ਨੇ ਫਿਟਕਾਰੇ ਹੋਏ ਸਨ, ਉਹ ਹੁਣ ਵੀ ਸਤਿਗੁਰੂ ਨੇ ਧ੍ਰਿਕਾਰ ਦਿਤੇ ਹਨ। ਜੇ (ਉਨ੍ਹਾਂ ਧ੍ਰਿਕਾਰੇ ਹੋਏ ਮਨੁੱਖਾਂ ਨੂੰ ਗੁਰੂ ਨਾਲ) ਮਿਲਾਉਣ ਲਈ ਬਹੁਤਾ ਚਾਹੀਏ, ਤਾਂ ਵੀ ਕਰਤਾਰ (ਉਨ੍ਹਾਂ ਦੇ ਕੀਤੇ ਪਾਪ ਕਰਮਾਂ ਦੇ ਕਾਰਣ ਗੁਰੂ ਨਾਲ) ਮਿਲਣ ਨਹੀਂ ਦੇਂਦਾ। (ਉਹ) ਸਤ ਸੰਗਤ ਵਿਚ ਵੀ ਆਸਰਾ ਨਹੀਂ ਲੈ ਸਕਦੇ, (ਕਿਉਂਕਿ) ਸੰਗਤ ਵਿਚ ਗੁਰੂ (ਅਮਰਦਾਸ ਜੀ) ਨੇ ਇਹ ਵਿਚਾਰ (ਪ੍ਰਗਟ ਕਰ) ਦਿਤੀ ਹੈ। ਕਿ ਜੇ ਕੋਈ ਸਿਖ ਹੁਣ ਉਨ੍ਹਾਂ ਨੂੰ ਜਾ ਕੇ ਮਿਲੇਗਾ, ਉਸ ਨੂੰ ਜਲਾਦ ਜਮ ਮਾਰੇਗਾ। (ਜੋ ਮਨੁੱਖ) ਗੁਰੂ ਬਾਬਾ ਜੀ ਨੇ ਫਿਟਕਾਰੇ ਸਨ, ਉਹ ਭ੍ਰਿਸਟੇ ਹੀ ਰਹੇ, ਗੁਰੂ ਅੰਗਦ ਦੇਵ ਜੀ ਨੇ ਵੀ (ਉਹ) ਝੂਠੇ ਕਰ ਦਿਤੇ। (ਜਦ ਉਹ ਮਨਮੁਖ ਗੁਰੂ ਅਮਰਦਾਸ ਜੀ ਦੀ ਸ਼ਰਣ ਵਿਚ ਭੁੱਲ ਮੰਗਣ ਆਏ ਤਾਂ) ਫਿਰ ਤੀਜੀ ਪੀੜ੍ਹੀ ਵਾਲੇ ਗੁਰੂ (ਅਮਰਦਾਸ ਜੀ) ਨੇ ਵਿਚਾਰ ਕੀਤੀ ਕਿ ਇਨ੍ਹਾਂ ਵਿਚਾਰਿਆਂ ਦੇ ਹੱਥ ਵਿਚ ਕੀ ਹੈ? (ਫਿਰ ਜਿਸ ਗੁਰੂ ਨੇ) ਚੌਥੀ ਜਗ੍ਹਾ (ਸਾਨੂੰ) ਗੁਰੂ ਅਸਥਾਪਨ ਕੀਤਾ, ਉਸ (ਗੁਰੂ ਅਮਰਦਾਸ ਜੀ) ਨੇ ਨਿੰਦਕ ਦੁਸ਼ਟ ਸਭ ਤਾਰ ਦਿਤੇ। ਪੁਤ੍ਰ ਹੋਵੇ, ਚਾਹੇ ਸਿਖ ਹੋਵੇ, ਕੋਈ ਵੀ ਸਤਿਗੁਰੂ ਦੀ ਸੇਵਾ

All Rights Reserved by Harjinder Singh Gyani | www.GuruGranthVakhyaan.org

ਕਰਦਾ ਹੈ, (ਸਤਿਗੁਰੂ) ਉਸ ਦੇ ਸਾਰੇ ਕਾਰਜ ਸਵਾਰ ਦੇਂਦਾ ਹੈ।ਪੁਤ੍ਰ ਧਨ ਦੌਲਤ (ਆਦਿ ਦੀ ਉਹ) ਜੋ ਇਛਾ ਕਰਦਾ ਹੈ, ਉਹ ਹੀ ਫਲ ਪ੍ਰਾਪਤ ਕਰ ਲੈਂਦਾ ਹੈ, (ਸਤਿਗੁਰੂ) ਉਸ ਨੂੰ ਲਿਜਾ ਕੇ ਹਰੀ ਨਾਲ ਮੇਲ ਦੇਂਦਾ ਹੈ ਤੇ (ਹਰੀ ਉਸ ਨੂੰ) ਮੁਕਤ ਕਰ ਦੇਂਦਾ ਹੈ; (ਜੋ ਸਿੱਖ) ਅਪਣਾ ਪੁਤ੍ਰ, ਧਨ ਤੇ ਇਸਤ੍ਰੀ ਨੂੰ ਗੁਰੂ ਦੀ ਸੇਵਾ ਵਿਚ ਲਾਉਂਦਾ ਹੈ, (ਉਹ) ਜੋ ਇਛਾ ਕਰਦਾ ਹੈ, ਉਹ ਫਲ ਪਾ ਲੈਂਦਾ ਹੈ ਤੇ (ਗੁਰੂ ਉਸ ਸਿੱਖ ਨੂੰ) ਲਿਜਾ ਕੇ ਹਰੀ ਨਾਲ ਮਿਲਾ ਕੇ (ਭਵਜਲ ਤੋਂ) ਤਾਰ ਦੇਂਦਾ ਹੈ (ਸੰ.ਸ.; ਫ.ਸ.; ਟਕਸਾਲ ਨੇ ਦੋਵੇਂ ਅਰਥ ਕੀਤੇ ਹਨ)।ਸਾਰੇ ਖਜਾਨੇ ਸਤਿਗੁਰੂ ਵਿਚ ਹਨ, ਜਿਸ (ਗੁਰੂ ਨੇ ਅਪਣੇ) ਅੰਦਰ ਹਿਰਦੇ ਵਿਚ ਹਰੀ ਨੂੰ ਟਿਕਾ ਰੱਖਿਆ ਹੈ।(ਐਸੇ) ਸਤਿਗੁਰੂ ਨੂੰ ਉਹ ਸੇਵਕ ਪ੍ਰਾਪਤ ਕਰਦਾ ਹੈ, ਜਿਸ ਦੇ ਮੱਥੇ ਤੇ (ਧੁਰੋਂ) ਲੇਖ ਲਿਖਿਆ ਹੁੰਦਾ ਹੈ।ਜੋ ਪਿਆਰੇ ਮਿਤ੍ਰ ਗੁਰੂ ਦੇ ਸਿਖ ਹਨ; ਜੋ ਪਿਆਰੇ ਗੁਰਸਿਖ ਹਨ, (ਉਹ ਮੇਰੇ) ਮਿਤ੍ਰ ਹਨ, ਦਾਸ ਨਾਨਕ ਉਨ੍ਹਾਂ ਦੀ ਚਰਨ ਧੂੜ ਮੰਗਦਾ ਹੈ।੧।

ਪਦਾਰਥ = ਧੁਰਿ–ਮੁੱਢ (ਸ਼ੁਰੂ) ਤੋਂ।ਸੇਈ–ਉਹ।ਮਾਰੇ–ਧੱਕੇ ਹੋਏ ਹਨ; ਫਿਟਕਾਰੇ ਹਨ; ਬੇਮੁਖ ਕਰਾਰ ਦਿਤੇ।ਬਹੁਤੇਰਾ–ਬਹੁਤਾ। ਲੋਚੀਐ–ਚਾਹੀਏ।ਢੋਈ–ਆਸਰਾ।ਗੁਰਿ ਵੀਚਾਰੇ–ਗੁਰੂ ਜੀ ਨੇ ਵਿਚਾਰ (ਹੁਕਮ) ਦਿਤਾ (ਕਿ ਇਹ ਬੇਮੁਖ ਹਨ)।ਜੰਦਾਰੇ–ਜਲਾਦ। ਫਿਟਕੇ–ਫਿਟਕਾਰੇ ਸਨ।ਫਿਟੇ–ਫਿਟੇ ਹੋਏ (ਹੰਕਾਰੀ); ਮਨੋਂ ਵਿਗੜੇ ਹੋਏ।ਤੀਜੀ–ਪੀੜੀ–ਤੀਜੀ ਪਾਤਸ਼ਾਹੀ; ਤੀਜੀ ਥਾਂ।ਏਨਾ–ਇਨ੍ਹਾਂ ਦੇ।ਟਿਕਿਆ–ਟਿਕਾਇਆ; ਅਸਥਾਪਨ ਕੀਤਾ।ਤਿਨਿ–ਉਸ (ਗੁਰੂ ਅਮਰਦਾਸ ਜੀ) ਨੇ।ਪਾਇਸੀ–ਪਾ ਲਵੇਗਾ।ਖੜਿ–ਲੈ ਜਾ ਕੇ। ਨਿਧਾਨੁ–ਖਜਾਨਾ।ਉਰਧਾਰੇ–ਹਿਰਦੇ ਵਿਚ ਟਿਕਾ ਰੱਖਿਆ ਹੈ।ਲਿਖਤੁ–ਲੇਖ।ਲਿਲਾਰੇ–ਮੱਥੇ–ਉਤੇ।ਮਿਤ–ਮਿੱਤ੍ਰ।੧।

ਸੇਈ ਹੁਣਿ ਸਤਿਗੁਰਿ ਮਾਰੇ = ਹੁਣ ਸ਼ਬਦ ਗੁਰੂ ਅਮਰਦਾਸ ਜੀ ਦਾ ਲਖਾਇਕ ਹੈ (ਨਿਰਣੈ; ਭਾਈ ਸ਼ਾਮ ਸਿੰਘ)

ਵਿਆਖਿਆ = ਉਪਰਲੇ ਸਲੋਕ ਵਿਚ ਗੁਰੂ ਅਮਰਦਾਸ ਜੀ ਦੀ ਵਡਿਆਈ ਹੈ, ਇਸ ਵਿਚ ਕਿਸੇ ਇਤਿਹਾਸਕ ਘਟਨਾ ਵੱਲ ਇਸ਼ਾਰਾ ਕੀਤਾ ਹੈ।ਜਿਨ੍ਹਾਂ ਮਨੁੱਖਾਂ ਨੇ ਗੁਰੂ ਨਾਨਕ ਦੇਵ ਜੀ ਦੇ ਚਲਾਏ ਪੰਥ ਦੀ ਵਿਰੋਧਤਾ ਕੀਤੀ, ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੇ ਨੇ ਧ੍ਰਿਕਾਰ ਦਿਤਾ।ਗੁਰੂ ਅੰਗਦ ਦੇਵ ਜੀ ਵੇਲੇ ਇਨ੍ਹਾਂ ਨੂੰ ਰਲਾਉਣ ਦੀ ਕੋਸ਼ਿਸ਼ ਹੋਈ ਹੋਵੇਗੀ, ਪਰ ਗੁਰੂ ਅੰਗਦ ਦੇਵ ਜੀ ਨੇ ਵੀ ਇਨ੍ਹਾਂ ਮਨਮੁਖਾਂ ਨੂੰ ਪੰਥ ਵਿਚ ਨਹੀਂ ਰਲਾਇਆ।ਇਹ ਉਪਰੋਂ ਰਲਨ ਦੀ ਕੋਸ਼ਿਸ਼ ਵੀ ਕਰਦੇ ਸਨ ਤੇ ਨਾਲ ਨਾਲ ਗੁਰਮਤਿ ਦੀ ਵਿਰੋਧਤਾ ਕਰ ਰਹੇ ਸਨ।ਗੁਰੂ ਅਮਰਦਾਸ ਜੀ ਸਮੇਂ ਇਨ੍ਹਾਂ ਮਨਮੁੱਖਾਂ ਨੇ ਸੋਚਿਆ ਕਿ ਸਾਡੀ ਵਿਰੋਧਤਾ ਦੇ ਬਾਵਜੂਦ ਵੀ ਗੁਰਮਤਿ ਨੂੰ ਲੋਕ ਅਪਣਾਈ ਜਾਂਦੇ ਹਨ।ਇਨ੍ਹਾਂ ਨੇ ਗੁਰੂ ਜੀ ਕੋਲ ਆ ਕੇ ਅਪਣੇ ਕੀਤੇ ਕਰਮ ਦਾ ਦਿਲੋਂ ਪਛਤਾਵਾ ਕੀਤਾ।ਗੁਰੂ ਅਮਰਦਾਸ ਜੀ ਨੇ ਇਨ੍ਹਾਂ ਦੇ ਗੁਨਾਹ ਹੀ ਮਾਫ ਨਹੀਂ ਕੀਤੇ, ਸੱਗੋਂ ਭਵਜਲ ਤੋਂ ਇਨ੍ਹਾਂ ਨਿੰਦਕਾਂ ਤੇ ਦੁਸ਼ਟਾਂ ਨੂੰ ਪਾਰ ਕਰ ਦਿਤਾ।

ਅੰਗ ੩੦੮ = ਮਃ ੪ ॥ ਜਿਨ ਕਉ ਆਪਿ ਦੇਇ ਵਡਿਆਈ, ਜਗਤੁ ਭੀ ਆਪੇ ਆਣਿ, ਤਿਨ ਕਉ ਪੈਰੀ ਪਾਏ ॥ ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ, ਸਭੁ ਕਰਤਾ ਆਪਣੀ ਕਲਾ ਵਧਾਏ ॥ ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ, ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥ ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ, ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥ ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ, ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ ॥ ਅਨਦਿਨ ਨਾਮੁ ਜਪਹੁ ਗੁਰਸਿਖਹੁ ,ਹਰਿ ਕਰਤਾ ਸਤਿ ਗੁਰੁ ਘਰੀ ਵਸਾਏ ॥ ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ,ਹਰਿ ਕਰਤਾ ਆਪਿ ਮੁਹਹੁ ਕਢਾਏ ॥ ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ, ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥ ਜਨੁ ਨਾਨਕ ਹਰਿ ਕਾ ਦਾਸੁ ਹੈ, ਹਰਿ ਦਾਸਨ ਕੀ ਹਰਿ ਪੈਜ ਰਖਾਏ ॥੨॥ (ਗੁਰ ਗੱਦੀ ਦੀ ਉਪਮਾ ਸੁਣ ਕੇ ਮਤੇ ਕੋਈ ਇਹ ਸਮਝੇ ਕਿ ਗੁਰੂ ਜੀ ਅਪਣੀ ਪਦਵੀ ਦਾ ਖਿਆਲ ਕਰ ਰਹੇ ਹਨ, ਇਸ ਲਈ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ) ਜਿਨ੍ਹਾਂ ਨੂੰ (ਵਾਹਿਗੁਰੂ) ਆਪ ਵਡਿਆਈ ਦੇਂਦਾ ਹੈ, ਜਗਤ ਨੂੰ ਭੀ (ਵਾਹਿਗੁਰੂ) ਲਿਆ ਕੇ ਆਪ ਉਨ੍ਹਾਂ ਦੇ ਚਰਨਾਂ ਵਿਚ ਪਾਉਂਦਾ ਹੈ (ਨਿਵਾਉਂਦਾ ਹੈ।ਇਸ ਵਡਿਆਈ ਨੂੰ ਆਉਂਦਾ ਦੇਖ ਕੇ) ਤਦ ਡਰੀਏ ਜੇ (ਅਸੀਂ) ਅਪਣੇ ਵੱਲੋਂ ਕੁਝ ਕਰਦੇ ਹੋਈਏ, (ਇਹ ਤਾਂ) ਅਪਣੀ ਸਾਰੀ ਤਾਕਤ ਕਰਤਾਰ ਵਧਾ ਰਿਹਾ ਹੈ।ਦੇਖੋ ਭਰਾਵੋ! ਇਹ (ਜੋਰ ਅਜਮਾਈ ਦਾ) ਅਖਾੜਾ ਸੱਚੇ ਹਰੀ ਪ੍ਰੀਤਮ ਦਾ ਹੈ, ਜਿਸ ਨੇ ਅਪਣੇ ਜੋਰ ਨਾਲ ਸਭ ਲੋਕਾਂ ਨੂੰ ਲਿਆ ਕੇ (ਸਤਿਗੁਰੂ ਅੱਗੇ) ਨਿਵਾਇਆ ਹੈ।ਹਰੀ ਮਾਲਕ ਅਪਣੇ ਭਗਤਾਂ ਦੀ (ਆਪ) ਰਖਿਆ ਕਰਦਾ ਹੈ ਅਤੇ ਨਿੰਦਕਾਂ ਦੁਸ਼ਟਾਂ ਦੇ ਮੂੰਹ ਕਾਲੇ ਕਰਾਉਂਦਾ ਹੈ।ਸਤਿਗੁਰੂ ਦੀ ਵਡਿਆਈ ਨਿਤ ਵਧ ਤੋਂ ਵੱਧ ਚੜ੍ਹਦੀ ਜਾ ਰਹੀ ਹੈ, (ਕਿਉਂਕਿ ਸਤਿਗੁਰੂ ਤੋਂ) ਨਿਤ ਕੀਰਤਨ ਤੇ ਭਗਤੀ ਹਰੀ ਆਪ ਕਰਾ ਰਿਹਾ ਹੈ; ਕੀਰਤਨ ਭਗਤੀ (ਸਤਿਗੁਰੂ) ਨਿਤ ਆਪ ਕਰਦੇ ਹਨ (ਤੇ ਹੋਰਾਂ ਤੋਂ) ਕਰਾਉਂਦੇ ਹਨ (ਫ.ਸ.)।ਹੇ ਗੁਰਸਿੱਖੋ! ਹਰ ਰੋਜ ਪ੍ਰਭੂ ਦਾ ਨਾਮ ਜਪੋ,

(ਇਸ ਤਰ੍ਹਾਂ) ਸਤਿਗੁਰੂ ਸਿਰਜਨਹਾਰ ਹਰੀ ਨੂੰ ਤੁਹਾਡੇ ਹਿਰਦੇ ਵਿਚ ਵਸਾ ਦੇਵੇਗਾ (ਸੰ.ਪੋ); ਸਿਰਜਨਹਾਰ ਹਰੀ ਸਤਿਗੁਰੂ ਨੂੰ (ਬਾਣੀ ਦੇ ਰੂਪ ਵਿਚ) ਤੁਹਾਡੇ ਹਿਰਦੇ ਘਰ ਵਿਚ ਵਸਾ ਦੇਵੇਗਾ (ਸ਼ਬਦਾਰਥ)। ਹੇ ਗੁਰੂ ਦੇ ਸਿੱਖੋ! ਸਤਿਗੁਰੂ ਦੀ ਬਾਣੀ ਨੂੰ ਸੱਚ ਸੱਚ ਕਰਕੇ ਜਾਣੋ, (ਕਿਉਂਕਿ ਇਹ ਬਾਣੀ ਸਤਿਗੁਰੂ ਦੇ) ਮੂੰਹ ਤੋਂ ਸਿਰਜਨਹਾਰ ਹਰੀ ਆਪ ਕਢਾਉਂਦਾ (ਉਚਾਰਨ ਕਰਾਉਂਦਾ) ਹੈ। ਹਰੀ ਪਿਆਰਾ ਗੁਰੂ ਦੇ ਸਿੱਖਾਂ ਦਾ ਮੂੰਹ (ਲੋਕ ਪ੍ਰਲੋਕ ਵਿਚ) ਰੋਸ਼ਨ ਕਰਦਾ ਹੈ ਅਤੇ ਗੁਰੂ ਦੀ ਜੈ ਜੈਕਾਰ ਸੰਸਾਰ ਵਿਚ ਸਭ ਜਗ੍ਹਾ ਕਰਾਉਂਦਾ ਹੈ। ਦਾਸ ਨਾਨਕ ਹਰੀ ਦਾ ਸੇਵਕ ਹੈ, ਹਰੀ ਅਪਣੇ ਦਾਸਾਂ ਦੀ ਪੈਜ (ਆਪ) ਰਖਦਾ ਹੈ।੨।

ਪਦਾਰਥ = ਆਨਿ–ਲਿਆ ਕੇ। ਤਿਨ ਕਉ–ਉਨ੍ਹਾਂ ਦੇ। ਪੈਰੀ–ਚਰਨੀਂ। ਆਪ ਦੂ–ਅਪਣੇ ਆਪ ਤੋਂ। ਕੀਚੈ–ਕਰੀਏ। ਕਲਾ–ਤਾਕਤ। ਅਖਾੜਾ–ਰਣ ਭੂਮੀ; ਸੰਸਾਰ; ਜੋਰ ਅਜਮਾਈ ਦੀ ਥਾਂ। ਜੋਰਿ–ਤਾਕਤ ਨਾਲ। ਨਿਵਾਏ–ਝੁਕਾਇਆ ਹੈ। ਰੱਖ–ਰੱਖਿਆ। ਨਿਤ–ਰੋਜ; ਸਦਾ। ਚੜੈ ਸਵਾਈ–ਵਧਦੀ ਹੈ। ਕੀਰਤਿ–ਕੀਰਤਨ। ਅਨਦਿਨ–ਹਰ ਰੋਜ। ਕਰਤਾ–ਸਿਰਜਨਹਾਰ। ਘਰੀ–ਹਿਰਦੇ ਵਿਚ। ਮਹਹੁ–ਮੂੰਹ ਤੋਂ ।ਜੈਕਾਰੁ–ਜੈ ਜੈ ਕਾਰ ਦੀ ਧੁਨੀ; ਜਿੱਤ। ਸਭਤੁ–ਸਭ ਥਾਂ। ਦਾਸਨ ਕੀ–ਦਾਸਾਂ ਦੀ। ਪੈਜ–ਲਾਜ; ਇੱਜਤ।੨।

ਪਉੜੀ ॥ ਤੂ ਸਚਾ ਸਾਹਿਬੁ ਆਪਿ ਹੈ, ਸਚੁ ਸਾਹ ਹਮਾਰੇ ॥ ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ, ਵਣਜਾਰੇ ਥਾਰੇ ॥ ਸਚੁ ਸੇਵਹਿ ਸਚੁ ਵਣੰਜ ਲੈਹਿ, ਗੁਣ ਕਥਹਿ ਨਿਰਾਰੇ ॥ ਸੇਵਕ ਭਾਇ ਸੇ ਜਨ ਮਿਲੇ, ਗੁਰ ਸਬਦਿ ਸਵਾਰੇ ॥ ਤੂ ਸਚਾ ਸਾਹਿਬੁ ਅਲਖੁ ਹੈ, ਗੁਰ ਸਬਦਿ ਲਖਾਰੇ ॥੧੪॥ ਹੇ ਸਾਡੇ ਸੱਚੇ ਪਾਤਸ਼ਾਹ! ਤੂੰ ਆਪ (ਸਾਰੇ ਜਗਤ ਦਾ) ਸੱਚਾ ਮਾਲਕ ਹੈਂ। ਹੇ ਪ੍ਰਭੂ! ਸਾਨੂੰ ਨਾਮ ਰੂਪ ਸੱਚੀ ਪੂੰਜੀ ਦ੍ਰਿੜ ਕਰਾ ਦੇਹ, (ਅਸੀਂ) ਤੇਰੇ ਵਣਜਾਰੇ ਹਾਂ। (ਜਿਹੜੇ ਸੇਵਕ) ਸਚੇ ਨਾਮ ਨੂੰ ਸਿਮਰਦੇ ਹਨ ਤੇ ਸੱਚ ਨੂੰ ਖ਼੍ਰੀਦ ਲੈਂਦੇ ਹਨ ਅਤੇ ਤੇਰੇ ਨਿਰਾਲੇ ਗੁਣ ਕਥਨ ਕਰਦੇ ਹਨ। ਸੇਵਕ ਭਾਵਨਾ ਨਾਲ ਉਹ ਸੇਵਕ (ਤੇਰੇ ਨਾਲ) ਮਿਲੇ ਹਨ (ਅਤੇ ਅਪਣੇ ਆਪ ਨੂੰ ਉਨ੍ਹਾਂ ਨੇ) ਗੁਰੂ ਸ਼ਬਦ ਦੁਆਰਾ ਸਵਾਰ ਲਿਆ ਹੈ। ਤੂੰ ਸੱਚਾ ਮਾਲਕ ਹੈਂ, ਸਮਝਣ ਤੋਂ ਰਹਿਤ ਹੈਂ, ਗੁਰੂ ਦੇ ਸ਼ਬਦ ਦੁਆਰਾ ਸਮਝਿਆ ਜਾਂਦਾ ਹੈਂ।੧੪।

ਪਦਾਰਥ = ਦ੍ਰਿੜਾਇ–ਦ੍ਰਿੜ (ਨਿਸਚੇ) ਕਰਾ ਦੇਹ। ਥਾਰੇ–ਤੇਰੇ। ਨਿਰਾਰੇ–ਨਿਰਾਲੇ (ਜੋ ਕਿਸੇ ਹੋਰ ਵਿਚ ਨਹੀਂ ਮਿਲਦੇ)। ਸੇਵਕ ਭਾਇ–ਸੇਵਕਾਂ ਵਾਲੀ ਭਾਵਨਾ ਨਾਲ। ਸੇ ਜਨ–ਉਹ ਸੇਵਕ। ਸਵਾਰੇ–ਸੁਧਾਰ ਲਿਆ। ਅਲਖ–ਸਮਝਣ ਰਹਿਤ। ਲਖਾਰੇ–ਸਮਝਿਆ।੧੪।

ਸਲੋਕ ਮਃ ੪ ॥ ਜਿਸੁ ਅੰਦਰਿ ਤਾਤਿ ਪਰਾਈ ਹੋਵੈ, ਤਿਸ ਦਾ ਕਦੇ ਨ ਹੋਵੀ ਭਲਾ ॥ ਓਸ ਦੈ ਆਖਿਐ ਕੋਈ ਨ ਲਗੈ, ਨਿਤ ਓਜਾੜੀ ਪੂਕਾਰੇ ਖਲਾ ॥ ਜਿਸੁ ਅੰਦਰਿ ਚੁਗਲੀ ਚੁਗਲੋ ਵਜੈ, ਕੀਤਾ ਕਰਤਿਆ ਓਸ ਦਾ ਸਭੁ ਗਇਆ ॥ ਨਿਤ ਚੁਗਲੀ ਕਰੇ ਅਣਹੋਦੀ ਪਰਾਈ ,ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ ॥ ਕਰਮ ਧਰਤੀ ਸਰੀਰੁ ਕਲਿਜੁਗ ਵਿਚਿ, ਜੇਹਾ ਕੋ ਬੀਜੇ ਤੇਹਾ ਕੋ ਖਾਏ ॥ ਗਲਾ ਉਪਰਿ ਤਪਾਵਸੁ ਨ ਹੋਈ, ਵਿਸੁ ਖਾਧੀ ਤਤਕਾਲ ਮਰਿ ਜਾਏ ॥ ਭਾਈ ਵੇਖਹੁ ਨਿਆਉ ਸਚੁ ਕਰਤੇ ਕਾ, ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥ ਜਨ ਨਾਨਕ ਕਉ ਸਭ ਸੋਝੀ ਪਾਈ, ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥੧॥ ਜਿਸ ਮਨੁੱਖ ਦੇ ਅੰਦਰਿ ਦੂਜਿਆਂ ਲਈ ਸਾੜਾ ਹੋਵੇ, ਉਸ ਦਾ (ਅਪਣਾ) ਕਦੇ ਵੀ ਭਲਾ ਨਹੀਂ ਹੁੰਦਾ। ਉਸ ਮਨੁੱਖ ਦੇ ਆਖੇ ਕੋਈ ਨਹੀਂ ਲਗਦਾ, ਉਹ ਰੋਜ ਉਜਾੜ ਵਿਚ ਖੜਾ ਪੁਕਾਰਦਾ ਹੈ (ਉਸ ਦਾ ਬੋਲਿਆ ਨਿਸਫਲ ਜਾਂਦਾ ਹੈ)। ਜਿਸ ਮਨੁੱਖ ਦੇ ਅੰਦਰ ਚੁਗਲੀ ਹੁੰਦੀ ਹੈ, (ਉਸ ਦਾ ਨਾਮ) ਚੁਗਲਖੋਰ ਵਜਦਾ (ਮਸ਼ਹੂਰ ਹੁੰਦਾ) ਹੈ, ਉਸ ਦਾ ਕੀਤਾ ਕੰਮ ਸਭ ਬਿਰਥਾ ਚਲਾ ਗਿਆ। ਉਹ ਨਿੱਤ ਬਿਨਾ ਕੁਛ ਹੋਏ ਦੇ ਪਰਾਈ ਚੁਗਲੀ ਕਰਦਾ ਹੈ, (ਉਹ ਅਪਣਾ) ਮੂੰਹ ਬਾਹਰ ਨਹੀਂ ਕੱਢ ਸਕਦਾ, (ਕਿਉਂਕਿ ਚੁਗਲੀ ਕਰਕੇ) ਉਸਦਾ ਮੂੰਹ ਕਾਲਾ ਹੋਇਆ ਹੁੰਦਾ ਹੈ (ਲੋਕਾਂ ਸਾਮ੍ਹਣੇ ਆਉਣ ਜੋਗਾ ਨਹੀਂ ਰਹਿੰਦਾ, ਸ਼ਰਮਿੰਦਾ ਹੋ ਕੇ ਲੁਕਦਾ ਫਿਰਦਾ ਹੈ)। ਸਰੀਰ ਕਰਮਾਂ ਦੀ ਧਰਤੀ ਹੈ, ਕਲਜੁਗ ਵਿਚ ਜੈਸਾ ਕੋਈ ਬੀਜਦਾ ਹੈ, ਤੈਸਾ ਕੋਈ (ਉਸ ਬੀਜੇ ਦਾ ਫਲ) ਖਾਂਦਾ ਹੈ। (ਨਿਰੀਆਂ) ਗੱਲਾਂ ਉਪਰ ਨਿਆਂ ਨਹੀਂ ਹੁੰਦਾ, ਜਹਿਰ ਖਾਣ ਨਾਲ (ਮਨੁੱਖ) ਤੁਰੰਤ ਮਰ ਜਾਂਦਾ ਹੈ (ਅੰਮ੍ਰਿਤ ਦੀਆਂ ਗੱਲਾਂ ਕਰਨ ਨਾਲ ਅਮਰ ਨਹੀਂ ਹੋ ਜਾਈਦਾ। ਖੋਟੇ ਕਰਮ ਕਰਨ ਨਾਲ ਸੁਖ ਨਹੀਂ ਮਿਲਦਾ, ਦੁਖ ਹੀ ਮਿਲਦਾ ਹੈ)। ਹੇ ਭਾਈ! ਸੱਚੇ ਕਰਤਾਰ ਦਾ ਨਿਆਂ ਦੇਖੋ, ਜੈਸਾ ਕੋਈ (ਮਨੁੱਖ ਕਰਮ) ਕਰਦਾ ਹੈ, ਤੈਸਾ ਕੋਈ (ਫਲ) ਪਾ ਲੈਂਦਾ ਹੈ। (ਹਰੀ ਨੇ) ਦਾਸ ਨਾਨਕ ਨੂੰ ਸਾਰੀ ਸਮਝ ਪਾ ਦਿਤੀ ਹੈ, ਹਰੀ ਦੇ ਦਰ ਦੀਆਂ ਗੱਲਾਂ ਆਖ ਕੇ ਸੁਣਾ ਰਿਹਾ ਹਾਂ (ਜੋ ਉਥੇ ਹੁੰਦਾ ਹੈ)।੨।

ਪਦਾਰਥ = ਤਾਤਿ–ਸਾੜਾ; ਈਰਖਾ। ਖਲਾ–ਖੜਾ। ਚੁਗਲੋ–ਚੁਗਲ ਖੋਰ। ਵਜੈ–ਪ੍ਰਸਿੱਧ ਹੁੰਦਾ ਹੈ। ਕੀਤਾ ਕਰਤਿਆ–ਕੀਤਾ ਕੰਮ; ਕੀਤਾ ਕਰਾਇਆ। ਅਣ ਹੋਦੀ–ਜੋ ਨਹੀ ਹੋਈ; ਝੂਠੀ। ਭਇਆ–ਹੋਇਆ। ਜੇਹਾ–ਜੈਸਾ। ਕੋ–ਕੋਈ। ਤੇਹਾ–ਤੈਸਾ। ਗਲਾ–ਗੱਲਾਂ। ਤਪਾਵਸੁ–ਨਿਆਂ; ਨਿਬੇੜਾ। ਵਿਸੁ–ਜਹਿਰ। ਤਤਕਾਲ–ਤੁਰੰਤ। ਕੀਆ–ਦੀਆਂ। ਬਾਤਾ–ਗੱਲਾਂ।੧।

ਨੋਟ = ਤਾਤਿ ਪਰਾਈ ਨੂੰ ਵਿਹੁ ਦਸਿਆ ਹੈ, ਜੋ ਖਾਣ ਵਾਲੇ ਨੂੰ ਮਾਰ ਦੇਂਦੀ ਹੈ। ਦੂਜੀ ਮਿਸਾਲ ਦਿਤੀ ਹੈ ਕਿ ਸਰੀਰ ਇਕ ਖੇਤ ਵਾਂਗ

All Rights Reserved by Harjinder Singh Gyani | www.GuruGranthVakhyaan.org

ਹੈ, ਇਸ ਵਿਚ ਪਰਾਈ ਤਾਤ ਬੀਜੋਗੇ ਤਾਂ ਫਲ ਤਾਤਿ ਪਰਾਈ ਦਾ ਹੀ ਲੱਗੇਗਾ। ਜੈਸਾ ਕੋਈ ਬੀਜਦਾ ਹੈ, ਤੈਸਾ ਹੀ ਫਲ ਖਾਂਦਾ ਹੈ।

ਮਃ ੪ ॥ ਹੋਦੈ ਪਰਤਖਿ ਗੁਰੂ ਜੋ ਵਿਛੁੜੇ, ਤਿਨ ਕਉ ਦਰਿ ਢੋਈ ਨਾਹੀ ॥ ਕੋਈ ਜਾਇ ਮਿਲੈ ਤਿਨ ਨਿੰਦਕਾ, ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥ ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ, ਨਿਤ ਭੰਭਲ ਭੂਸੇ ਖਾਹੀ ॥ ਜਿਨ ਗੁਰੁ ਗੋਪਿਆ ਆਪਣਾ, ਸੇ ਲੈਦੇ ਢਹਾ ਫਿਰਾਹੀ ॥ ਤਿਨ ਕੀ ਭੁਖ ਕਦੇ ਨ ਉਤਰੈ, ਨਿਤ ਭੁਖਾ ਭੁਖ ਕੂਕਾਹੀ ॥ ਓਨਾ ਦਾ ਆਖਿਆ ਕੋ ਨ ਸੁਣੈ, ਨਿਤ ਹਉਲੇ ਹਉਲਿ ਮਰਾਹੀ ॥ ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ, ਓਨਾ ਅਗੈ ਪਿਛੈ ਥਾਉ ਨਾਹੀ ॥ ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ, ਰਹਦੀ ਖੁਹਦੀ ਸਭ ਪਤਿ ਗਵਾਹੀ ॥ ਗੁਰੂ ਦੇ ਪ੍ਰਤੱਖ ਹੁੰਦਿਆਂ ਜੋ (ਮਨੁੱਖ ਬੇਮੁਖ ਹੋ ਕੇ) ਵਿਛੜ ਗਏ ਹਨ, ਉਨ੍ਹਾਂ ਨੂੰ ਰੱਬ ਦੇ ਦਰ ਉਤੇ ਢੋਈ ਨਹੀਂ ਮਿਲਦੀ। (ਸਤਿਗੁਰੂ ਦੇ) ਉਨ੍ਹਾਂ ਨਿੰਦਕਾਂ ਨੂੰ ਕੋਈ ਵੀ ਮਨੁੱਖ ਜਾ ਕੇ ਮਿਲਦਾ ਹੈ (ਨਿੰਦਕਾਂ ਦਾ ਸਾਥੀ ਬਣਦਾ ਹੈ, ਉਨ੍ਹਾਂ ਦੇ) ਮੂੰਹ ਫਿੱਕੇ ਪੈ (ਬੇ ਰੌਣਕੇ ਹੋ) ਜਾਂਦੇ ਹਨ ਅਤੇ ਮੂੰਹ ਤੇ ਥੁੱਕਾਂ ਹੀ ਥੁੱਕਾਂ ਪੈਂਦੀਆਂ (ਲਾਹਣਤਾਂ ਮਿਲਦੀਆਂ) ਹਨ। ਜੋ ਮਨੁੱਖ ਸਤਿਗੁਰੂ ਨੇ ਫਿਟਕਾਰੇ ਹੋਏ ਹਨ, ਉਹ ਸਾਰੇ ਜਗਤ ਨੇ ਫਿਟਕਾਰ ਦਿਤੇ ਹਨ, (ਉਹ) ਨਿਤ ਠੋਕਰਾਂ ਖਾਂਦੇ (ਜੂਨਾਂ ਵਿਚ ਭਟਕਦੇ ਫਿਰਦੇ) ਹਨ। ਜਿਨ੍ਹਾਂ ਮਨੁੱਖਾਂ ਨੇ ਅਪਣਾ ਗੁਰੂ ਛੁਪਾਇਆ ਹੈ (ਗੁਰੂ ਮੰਨਣ ਤੋਂ ਇਨਕਾਰੀ ਹਨ), ਉਹ (ਝੂਠੇ ਗੁਰੂਆਂ ਦਾ) ਆਸਰਾ ਲੈਂਦੇ ਫਿਰਦੇ ਹਨ; ਜਿਨ੍ਹਾਂ ਨੇ ਅਪਣੇ ਗੁਰੂ ਨੂੰ ਨਿੰਦਿਆ ਹੈ, ਉਹ ਧਾਹਾਂ ਮਾਰਦੇ (ਰੋਂਦੇ) ਫਿਰਦੇ ਹਨ। (ਸੱਚੇ ਗੁਰੂ ਤੋਂ ਬਿਨਾ) ਉਨ੍ਹਾਂ ਦੀ ਭੁੱਖ ਕਦੇ ਨਹੀਂ ਉਤਰਦੀ, ਉਹ ਨਿਤ ਭੁੱਖਾ ਭੁੱਖਾ ਹੀ ਕੂਕਦੇ ਰਹਿੰਦੇ ਹਨ। ਉਨ੍ਹਾਂ ਦਾ ਆਖਿਆ ਕੋਈ ਨਹੀਂ ਸੁਣਦਾ, ਉਹ ਹੌਲ ਹੀ ਹੌਲ ਵਿਚ ਮਰ ਜਾਂਦੇ ਹਨ; ਉਹ ਦਿਲ ਦੇ ਹੌਲੇ (ਹੋਛੇ ਮਨੁੱਖ) ਡਰ ਵਿਚ ਹੀ ਮਰ ਜਾਂਦੇ ਹਨ (ਮੇਰਾ ਵਿਚਾਰ। ਜੋ ਮਨੁੱਖ) ਸਤਿਗੁਰੂ (ਅਮਰਦਾਸ ਜੀ ਦੀ) ਵਡਿਆਈ ਦੇਖ ਕੇ ਸਹਾਰ ਨਹੀਂ ਸਕਦੇ, ਉਨ੍ਹਾਂ ਨੂੰ ਲੋਕ ਪ੍ਰਲੋਕ ਵਿਚ ਥਾਂ ਨਹੀਂ ਮਿਲ ਸਕਦੀ। ਜਿਹੜੇ ਮਨੁੱਖ ਸਤਿਗੁਰੂ ਨੇ ਫਿਟਕਾਰੇ ਹੋਏ ਹਨ, ਉਨ੍ਹਾਂ ਨੂੰ (ਜਿਹੜੇ) ਜਾ ਕੇ ਮਿਲਦੇ ਹਨ, (ਉਨ੍ਹਾਂ ਨੇ ਅਪਣੇ) ਬਚੀ ਖੁਚੀ ਸਾਰੀ ਪੱਤ ਗਵਾ ਲਈ ਹੈ।

ਪਦਾਰਥ = ਹੋਦੈ-ਹੁੰਦਿਆਂ। ਤਿਨ ਕਉ-ਉਨ੍ਹਾਂ ਨੂੰ। ਦਰਿ-(ਰੱਬ ਦੇ) ਦਰ ਉਤੇ। ਢੋਈ-ਆਸਰਾ। ਫਿਕੇ-ਬੇ ਰਸੇ; ਕੌੜਾ ਬੋਲਣ ਵਾਲੇ; ਸੋਭਾ ਹੀਣ। ਪਾਹੀ-ਪੈਂਦੀਆਂ ਹਨ। ਫਿਟਕੇ-ਫਿਟਕਾਰੇ ਹੋਏ; ਵਿਛੋੜੇ ਹੋਏ। ਸੇ-ਉਹ। ਗੋਪਿਆ-ਛੁਪਾਇਆ; ਨਿੰਦਿਆ ਹੈ। ਢਹਾ ਫਿਰਾਹੀ-ਆਸਰਾ ਲੈਂਦੇ ਫਿਰਦੇ ਹਨ; ਧਾਹਾਂ ਮਾਰਦੇ (ਰੋਂਦੇ) ਫਿਰਦੇ ਹਨ। ਕੂਕਾਹੀ-ਕੂਕਦੇ ਹਨ। ਕੋ ਨਾ-ਕੋਈ ਨਹੀਂ। ਹਉਲੇ ਹਉਲਿ-ਡਰ ਵਿਚ; ਹੌਲੇ (ਹੋਛੇ ਮਨੁੱਖ) ਹੌਲ ਵਿਚ; ਡਰ; ਗਮ ਹੀ ਗਮ ਵਿਚ। ਅਗੈ ਪਿਛੈ-ਅੱਗੇ ਪਿੱਛੇ (ਲੋਕ ਪ੍ਰਲੋਕ ਵਿਚ)। ਥਾਉ-ਥਾਂ; ਟਿਕਾਣਾ। ਮਾਰੇ-ਫਿਟਕਾਰੇ ਹੋਏ ਹਨ। ਰਹਦੀ ਖੁਹਦੀ-ਬਚੀ ਖੁਚੀ; ਬਾਕੀ ਬਚੀ ਹੋਈ। ਪਤਿ-ਇੱਜਤ। ਗਵਾਹੀ-ਗਵਾ ਲਈ ਹੈ।

ਭੰਭਲ ਭੂਸੇ ਖਾਹੀ = ਠੋਕਰਾਂ ਖਾਂਦੇ ਹਨ; (ਜੋਨੀਆਂ ਵਿਚ) ਭਟਕਦੇ ਫਿਰਦੇ ਹਨ। ਮ.ਕੋ. = ਜਿਵੇਂ ਕੁੱਤਾ ਸ਼ੀਸ਼ੇ ਦੇ ਮਕਾਨ ਵਿਚ ਅਪਣੇ ਅਕਸ ਨੂੰ ਦੇਖ ਕੇ ਭੌਂਕਦਾ ਹੈ। ਭੁਲੇਖਾ ਖਾਂਦੇ ਰਹਿੰਦੇ ਹਨ। ਧੋਖਾ ਖਾਂਦੇ ਹਨ। ਪਤਾ ਨਾ ਲਗਣਾ ਕਿ ਮੈਂ ਕੀ ਕਰਾਂ ਤੇ ਕੀ ਨਾ ਕਰਾਂ।

ਅੰਗ ੩੦੯ = ਓਇ ਅਗੈ ਕੁਸਟੀ ਗੁਰ ਕੇ ਫਿਟਕੇ, ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥ ਹਰਿ ਤਿਨ ਕਾ ਦਰਸਨੁ ਨਾ ਕਰਹੁ ,ਜੋ ਦੂਜੈ ਭਾਇ ਚਿਤੁ ਲਾਹੀ ॥ ਧੁਰਿ ਕਰਤੈ ਆਪਿ ਲਿਖਿ ਪਾਇਆ, ਤਿਸੁ ਨਾਲਿ ਕਿਹੁ ਚਾਰਾ ਨਾਹੀ ॥ ਜਨ ਨਾਨਕ ਨਾਮੁ ਅਰਾਧਿ ਤੂ ,ਤਿਸੁ ਅਪੜਿ ਕੋ ਨ ਸਕਾਹੀ ॥ ਨਾਵੈ ਕੀ ਵਡਿਆਈ ਵਡੀ ਹੈ, ਨਿਤ ਸਵਾਈ ਚੜੈ ਚੜਾਹੀ ॥੨॥ ਗੁਰੂ ਦੇ ਫਿਟਕਾਰੇ ਹੋਏ ਉਹ (ਨਿੰਦਕ) ਪਹਿਲਾਂ ਹੀ ਕੋਹੜੀ ਸਨ, ਜਿਹੜਾ (ਮਨੁੱਖ) ਉਨ੍ਹਾਂ ਨੂੰ ਮਿਲਦਾ ਹੈ, ਉਸ ਨੂੰ ਵੀ (ਮਨਮੁਖਤਾ ਦਾ) ਕੋਹੜ ਉਠ ਪੈਂਦਾ ਹੈ (ਕਿਉਂ ਕੋਹੜ ਲਾਗ ਦਾ ਰੋਗ ਹੈ)। ਹੇ ਹਰੀ ਦੇ (ਗੁਰਸਿੱਖੋ!) ਉਨ੍ਹਾਂ ਦਾ ਦਰਸ਼ਨ ਨ ਕਰੋ; ਹੇ ਹਰੀ! ਮੈਂ ਉਨ੍ਹਾਂ ਦਾ ਦੀਦਾਰ ਨਹੀਂ ਕਰਦਾ, ਜੋ (ਸਤਿਗੁਰੂ ਨੂੰ ਛਡ ਕੇ ਕਿਸੇ) ਦੂਜੇ ਦੇ ਪ੍ਰੇਮ ਵਿਚ ਚਿਤ ਲਾਉਂਦੇ ਹਨ। (ਪਰ ਕੀ ਕੀਤਾ ਜਾਵੇ, ਉਨ੍ਹਾਂ ਦੀ ਕਿਰਤ ਅਨੁਸਾਰ) ਕਰਤਾਰ ਨੇ ਆਪ ਧੁਰ ਤੋਂ ਲੇਖ ਲਿਖ ਕੇ (ਮੱਥੇ ਤੇ) ਪਾਇਆ ਹੈ, ਉਸ (ਕਰਤੇ) ਨਾਲ ਕਿਸੇ ਦਾ ਕੋਈ ਚਾਰਾ ਨਹੀਂ ਚਲਦਾ (ਜੋ ਲਿਖਿਆ ਹੈ, ਭੋਗਣਾ ਪੈਂਦਾ ਹੈ)। ਹੇ ਦਾਸ ਨਾਨਕ! ਤੂੰ ਪ੍ਰਭੂ ਦਾ ਨਾਮ ਜਪ, ਉਸ ਨਾਮ ਦੇ ਬਰਾਬਰ ਕੋਈ (ਹੋਰ ਧਰਮ ਕਰਮ) ਨਹੀਂ ਪਹੁੰਚ ਸਕਦਾ। ਨਾਮ ਦੀ ਵਡਿਆਈ ਵਡੀ ਹੈ, ਜੋ ਚੜ੍ਹਾਈ ਹੋਈ ਰੋਜ ਵਧ ਚੜ੍ਹਦੀ ਜਾਂਦੀ ਹੈ।੨।

ਪਦਾਰਥ = ਓਇ-ਉਹ। ਅਗੈ-ਪਹਿਲਾ ਹੀ। ਕੁਸਟੀ-ਕੋਹੜੀ। ਫਿਟਕੇ-ਫਿਟਕਾਰੇ ਹੋਏ; ਖੁੰਝੇ ਹੋਏ। ਜਿ-ਜਿਹੜਾ ਮਨੁੱਖ। ਓਸੁ-ਉਸ ਨੂੰ। ਉਠਾਹੀ-ਉਠ ਪੈਂਦਾ (ਲਗ ਜਾਂਦਾ) ਹੈ। ਤਿਨ ਕਾ-ਉਨ੍ਹਾਂ ਦਾ। ਦੂਜੈ ਭਾਇ-ਦੂਜੇ ਦੇ ਪ੍ਰੇਮ ਵਿਚ; ਦ੍ਵੈਤ ਭਾਵ ਵਿਚ। ਲਾਹੀ-ਲਾਉਂਦੇ ਹਨ। ਧੁਰਿ-ਧੁਰ ਤੋਂ। ਕਰਤੈ-ਕਰਤਾਰ ਨੇ। ਕਿਹੁ-ਕੁਛ; ਕੋਈ। ਚਾਰਾ-ਜੋਰ; ਵਸ। ਅਪੜਿ-ਪਹੁੰਚ। ਕੋ ਨ-ਕੋਈ ਨਹੀਂ। ਸਕਾਹੀ-

All Rights Reserved by Harjinder Singh Gyani | www.GuruGranthVakhyaan.org

ਸਕਦਾ। ਨਿਤ-ਰੋਜ; ਸਦਾ। ਸਵਾਈ-ਵੱਧ; ਜਿਆਦਾ। ਚੜੈ ਚੜਾਹੀ-ਚੜ੍ਹਾਈ ਹੋਈ ਚੜਦੀ ਹੈ।੨।

ਮਃ ੪ ॥ ਜਿ ਹੋਂਦੈ ਗੁਰੂ ਬਹਿ ਟਿਕਿਆ, ਤਿਸੁ ਜਨ ਕੀ ਵਡਿਆਈ ਵਡੀ ਹੋਈ ॥ ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ, ਜਸੁ ਵਰਤਿਆ ਲੋਈ ॥ ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ, ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ, ਸੋ ਪੂਰਾ ਹੋਈ ॥ ਗੁਰ ਕੀ ਵਡਿਆਈ ਨਿਤ ਚੜੈ ਸਵਾਈ, ਅਪੜਿ ਕੋ ਨ ਸਕੋਈ ॥ ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ, ਆਪੇ ਪੈਜ ਰਖੈ ਪ੍ਰਭੁ ਸੋਈ ॥੩॥ ਜਿਸ (ਗੁਰੂ ਅਮਰਦਾਸ ਜੀ) ਨੂੰ ਗੁਰੂ (ਅੰਗਦ ਦੇਵ ਜੀ) ਨੇ ਅਪਣੇ ਹੁੰਦਿਆਂ (ਗੁਰ ਗੱਦੀ ਤੇ) ਬੈਠ ਕੇ ਸਥਾਪਨ ਕੀਤਾ ਹੈ, ਉਸ (ਗੁਰੂ) ਪੁਰਖ ਦੀ ਵਡਿਆਈ ਵੱਡੀ ਹੋਈ ਹੈ। ਉਸ (ਗੁਰੂ ਅਮਰਦਾਸ ਜੀ) ਨੂੰ ਸਾਰਾ ਜਗਤ ਝੁਕਿਆ ਤੇ ਪੈਰੀਂ ਪਿਆ ਅਤੇ ਸਾਰੀ ਲੋਕਾਈ ਵਿਚ (ਗੁਰੂ ਅਮਰਦਾਸ ਜੀ ਦਾ) ਜਸ ਵਰਤ (ਫੈਲ) ਗਿਆ ਹੈ। ਜਿਸ ਦੇ ਮੱਥੇ ਉਤੇ ਪੂਰੇ ਗੁਰੂ ਨੇ ਹੱਥ ਧਰਿਆ, ਉਹ ਪੂਰਾ (ਗੁਰੂ) ਹੋਇਆ ਹੈ, (ਇਸ ਕਰਕੇ) ਉਸ (ਗੁਰੂ) ਨੂੰ ਖੰਡਾਂ ਬ੍ਰਹਮੰਡਾਂ ਦੇ ਲੋਕ ਨਮਸ਼ਕਾਰ ਕਰਦੇ ਹਨ। ਗੁਰੂ ਦੀ ਵਡਿਆਈ ਨਿਤ ਵਧ ਤੋਂ ਵਧ ਚੜ੍ਹਦੀ ਹੈ, (ਉਸ ਦੇ ਬਰਾਬਰ) ਕੋਈ ਨਹੀਂ ਪਹੁੰਚ ਸਕਦਾ। ਦਾਸ ਨਾਨਕ ਆਖਦਾ ਹੈ ਕਿ ਸਿਰਜਨਹਾਰ ਹਰੀ ਨੇ ਆਪ (ਗੁਰ ਦੇ ਹਿਰਦੇ) ਵਿਚ ਬੈਠ ਕੇ (ਜਿਸ ਨੂੰ ਗੁਰ ਗੱਦੀ ਤੇ) ਟਿੱਕਿਆ ਹੈ (ਜਿਸ ਵਾਹਿਗੁਰੂ ਦੇ ਸਰੂਪ ਗੁਰੂ ਅੰਗਦ ਦੇਵ ਨੇ ਆਪ ਗੁਰੂ ਅਮਰਦਾਸ ਜੀ ਨੂੰ ਗੁਰ ਗੱਦੀ ਉਤੇ ਟਿਕਾਇਆ ਹੈ), ਉਹ ਪ੍ਰਭੂ ਆਪੇ (ਗੁਰੂ ਅਮਰਦਾਸ ਜੀ ਦੀ) ਪੈਜ ਰੱਖੇਗਾ।੩।

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰ ਗੱਦੀ ਵਾਹਿਗੁਰੂ ਦੀ ਬਖਸ਼ਿਸ਼ ਨਾਲ ਮਿਲਦੀ ਸੀ। ਕਿਸੇ ਵੀ ਗੁਰੂ ਸਾਹਿਬ ਨੇ ਅਗਲੇ ਗੁਰੂ ਨੂੰ ਅਪਣੀ ਮਰਜੀ ਨਾਲ ਗੁਰਿਆਈ ਨਹੀਂ ਸੌਂਪੀ। ਇਸ ਵਿਚ ਵਾਹਿਗੁਰੂ ਦਾ ਹੁਕਮ ਕੰਮ ਕਰਦਾ ਸੀ।

ਪਦਾਰਥ = ਜਿ-ਜਿਸ ਨੂੰ। ਹੋਂਦੈ-ਹੁੰਦਿਆਂ (ਅਪਣੇ ਜੀਵਨ ਸਮੇਂ ਵਿਚ ਹੀ)। ਬਹਿ-ਬੈਠ ਕੇ। ਟਿਕਿਆ-ਗੁਰਿਆਈ ਦਾ ਟਿੱਕਾ ਲਾਇਆ। ਨਿਵਿਆ-ਝੁਕਿਆ। ਪੈਰੀ ਪਇਆ-ਚਰਨੀਂ ਪਿਆ। ਲੋਈ-ਦੁਨੀਆਂ ਵਿਚ; ਲੋਕਾਂ ਵਿਚ। ਸੋ-ਉਹ। ਸਵਾਈ-ਵਧ; ਜਿਆਦਾ। ਅਪੜਿ ਨ ਸਕੋਈ-ਪਹੁੰਚ ਨਹੀਂ ਸਕਦਾ (ਬਰਾਬਰੀ ਨਹੀਂ ਕਰ ਸਕਦਾ)। ਕੋ-ਕੋਈ। ਪੈਜ-ਲਾਜ; ਇੱਜਤ। ਸੋਈ-ਉਹ।੩।

ਪਉੜੀ ॥ ਕਾਇਆ ਕੋਟੁ ਅਪਾਰੁ ਹੈ, ਅੰਦਰਿ ਹਟਨਾਲੇ ॥ ਗੁਰਮੁਖਿ ਸਉਦਾ ਜੋ ਕਰੇ, ਹਰਿ ਵਸਤੁ ਸਮਾਲੇ ॥ ਨਾਮੁ ਨਿਧਾਨੁ ਹਰਿ ਵਣਜੀਐ, ਹੀਰੇ ਪਰਵਾਲੇ ॥ ਵਿਣੁ ਕਾਇਆ ਜਿ ਹੋਰਥੈ ਧਨੁ ਖੋਜਦੇ, ਸੇ ਮੂੜ ਬੇਤਾਲੇ ॥ ਸੇ ਉਝੜਿ ਭਰਮਿ ਭਵਾਈਅਹਿ, ਜਿਉ ਝਾੜ ਮਿਰਗੁ ਭਾਲੇ ॥੧੫॥ (ਮਨੁੱਖ ਦਾ) ਸਰੀਰ ਇਕ ਬਹੁਤ ਵੱਡਾ ਕਿਲ੍ਹਾ ਹੈ, ਜਿਸ ਦੇ ਅੰਦਰ (ਇੰਦ੍ਰੀਆਂ ਰੂਪ) ਬਜਾਰ ਹਨ। ਜੋ (ਮਨੁੱਖ) ਗੁਰੂ ਦੁਆਰਾ ਸੌਦਾ ਕਰਦਾ ਹੈ (ਇੰਦ੍ਰੀਆਂ ਨੂੰ ਹਰੀ ਪ੍ਰਾਪਤੀ ਵੱਲ ਲਾਉਂਦਾ ਹੈ, ਉਹ) ਹਰੀ ਦਾ ਨਾਮ ਰੂਪ ਵਸਤੂ ਨੂੰ ਸੰਭਾਲਦਾ ਹੈ। ਹਰੀ ਦਾ ਨਾਮ ਰੂਪ ਖਜਾਨਾ ਵਣਜੀਏ, (ਇਹੋ ਹੀ ਨਾਲ ਨਿਭਣ ਵਾਲੇ) ਹੀਰੇ ਤੇ ਮੂੰਗੇ ਹਨ। ਸਰੀਰ ਤੋਂ ਬਿਨਾ ਜੋ ਲੋਕ ਹੋਰ ਜਗ੍ਹਾ ਨਾਮ ਧਨ ਖੋਜਦੇ ਹਨ, ਉਹ ਮੂਰਖ ਤੇ ਭੂਤਨੇ ਹਨ। ਉਹ ਮਨੁੱਖ ਭਰਮ ਵਿਚ ਪਾ ਕੇ ਕੁਰਾਹੇ ਫਿਰਾਏ ਜਾਂਦੇ ਹਨ, ਜਿਵੇਂ ਮਿਰਗ (ਕਸਤੂਰੀ ਨੂੰ) ਝਾੜੀਆਂ ਵਿਚ ਭਾਲਦਾ ਫਿਰਦਾ ਹੈ (ਪਰ ਕਸਤੂਰੀ ਉਸ ਦੇ ਅੰਦਰ ਹੀ ਹੈ)।੧੫।

ਪਦਾਰਥ = ਕਾਇਆ-ਸਰੀਰ। ਕੋਟੁ-ਕਿਲ੍ਹਾ। ਅਪਾਰੁ-ਬਹੁਤ ਵੱਡਾ। ਹਟਨਾਲੇ-ਬਜਾਰ। ਗੁਰਮੁਖਿ-ਗੁਰੂ ਦੁਆਰਾ। ਸਮਾਲੇ-ਸੰਭਾਲਦਾ ਹੈ। ਨਿਧਾਨੁ-ਖਜਾਨਾ। ਹੀਰੇ-ਕੀਮਤੀ ਰਤਨ। ਪਰਵਾਲੇ-ਮੂੰਗੇ (ਹੀਰੇ ਪਰਵਾਲੇ-ਆਤਮਕ ਗੁਣ ਜੋ ਬੇਸ਼ ਕੀਮਤੀ ਹਨ)। ਵਿਣੁ-ਬਿਨਾ। ਜਿ-ਜਿਹੜੇ। ਹੋਰ ਥੈ-ਹੋਰ ਜਗ੍ਹਾ। ਸੇ-ਉਹ। ਮੂੜ-ਮੂਰਖ। ਬੇਤਾਲੇ-ਭੂਤਨੇ। ਉਝੜਿ-ਕੁਰਾਹੇ ;ਸੰਘਣੇ ਜੰਗਲ ਵਿਚ, ਜਿਥੇ ਰਾਹ ਨ ਲੱਭੇ। ਭਵਾਈਅਹਿ-ਫਿਰਾਏ ਜਾਂਦੇ ਹਨ। ਝਾੜ-ਝਾੜੀਆਂ ਵਿਚ; ਜੰਗਲ ਵਿਚ। ਮਿਰਗੁ-ਹਿਰਣ। ਭਾਲੇ-ਲੱਭਦਾ ਹੈ।੧੫।

ਸਲੋਕ ਮਃ ੪ ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ, ਸੁ ਅਉਖਾ ਜਗ ਮਹਿ ਹੋਇਆ ॥ ਨਰਕ ਘੋਰੁ ਦੁਖ ਖੂਹੁ ਹੈ, ਓਥੈ ਪਕੜਿ ਓਹੁ ਢੋਇਆ ॥ ਕੂਕ ਪੂਕਾਰ ਕੋ ਨ ਸੁਣੇ, ਓਹੁ ਅਉਖਾ ਹੋਇ ਹੋਇ ਰੋਇਆ ॥ ਓਨਿ ਹਲਤੁ ਪਲਤੁ ਸਭੁ ਗਵਾਇਆ, ਲਾਹਾ ਮੂਲੁ ਸਭੁ ਖੋਇਆ ॥ ਓਹੁ ਤੇਲੀ ਸੰਦਾ ਬਲਦੁ ਕਰਿ, ਨਿਤ ਭਲਕੇ ਉਠਿ ਪ੍ਰਭਿ ਜੋਇਆ ॥ ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ,ਤਿਦੂ ਕਿਛੁ ਗੁਝਾ ਨ ਹੋਇਆ ॥ ਜੈਸਾ ਬੀਜੇ ਸੋ ਲੁਣੈ, ਜੇਹਾ ਪੁਰਬਿ ਕਿਨੈ ਬੋਇਆ ॥ ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ, ਤਿਸੁ ਸਤਿਗੁਰ ਕੇ ਚਰਣ ਧੋਇਆ ॥ ਗੁਰ ਸਤਿਗੁਰ ਪਿਛੈ ਤਰਿ ਗਇਆ, ਜਿਉ ਲੋਹਾ ਕਾਠ ਸੰਗੋਇਆ ॥ ਜਨ ਨਾਨਕ ਨਾਮੁ ਧਿਆਇ ਤੂ ,ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥ ਜਿਹੜਾ ਮਨੁੱਖ ਪੂਰੇ ਸਤਿਗੁਰੂ ਦੀ ਨਿੰਦਿਆ ਕਰਦਾ ਹੈ, ਉਹ ਜਗਤ ਵਿਚ ਦੁਖੀ ਹੁੰਦਾ ਹੈ। (ਮਰਣ ਤੋਂ ਬਾਦ) ਭਿਆਨਕ ਨਰਕ ਜੋ ਦੁੱਖਾਂ ਦਾ ਖੂਹ ਹੈ, (ਜਮਾਂ ਵੱਲੋਂ) ਫੜ ਕੇ ਉਹ ਉਥੇ (ਨਰਕ ਵਿਚ) ਲਿਜਾਇਆ ਜਾਂਦਾ ਹੈ। (ਨਰਕ ਵਿਚ ਉਸ ਦੀ) ਕੂਕ ਪੁਕਾਰ (ਚੀਕਾਂ) ਕੋਈ ਨਹੀਂ ਸੁਣਦਾ, ਉਹ ਦੁਖੀ ਹੋ ਹੋ ਕੇ ਰੋਂਦਾ ਰਹਿੰਦਾ ਹੈ। ਉਸ ਨੇ (ਅਪਣਾ) ਲੋਕ ਪ੍ਰਲੋਕ ਸਭ

All Rights Reserved by Harjinder Singh Gyani | www.GuruGranthVakhyaan.org

ਗਵਾ ਲਿਆ, ਮੂਲ ਤੇ ਲਾਹਾ (ਜੋ ਪੱਲੇ ਸੀ) ਸਭ ਗਵਾ ਲਿਆ।(ਫਿਰ ਅਗਲੇ ਜਨਮ ਵਿਚ) ਉਹ ਤੇਲੀ ਦਾ ਬਲਦ ਬਣਾ ਕਰਕੇ, ਨਿਤ ਸਵੇਰੇ ਉਠ ਕੇ ਮਾਲਕ ਤੇਲੀ ਨੇ (ਕੋਹਲੂ ਨੂੰ) ਜੋੜ ਦਿਤਾ ਹੈ।ਹਰੀ ਨਿਤ (ਜੀਵਾਂ ਦੇ ਕਰਮ) ਸਭ ਕੁਛ ਦੇਖਦਾ ਸੁਣਦਾ ਹੈ, ਉਸ ਤੋਂ ਕੁਛ ਲੁਕਿਆ ਹੋਇਆ ਨਹੀਂ ਹੈ।ਜੈਸਾ ਕੋਈ ਬੀਜ ਬੀਜਦਾ ਹੈ, ਉਹ (ਵੈਸਾ ਹੀ) ਵਢੇਗਾ, ਜੈਸਾ ਕਿਸੇ ਜੀਵ ਨੇ ਪਹਿਲਾਂ (ਪਿਛਲੇ ਜਨਮ ਵਿਚ) ਬੀਜਿਆ ਹੈ, ਉਹ ਹੁਣ ਵਢਦਾ ਹੈ (ਕੀਤੇ ਕਰਮਾਂ ਦਾ ਫਲ ਭੋਗਦਾ ਹੈ)।ਜਿਸ ਮਨੁੱਖ ਉਤੇ ਪ੍ਰਭੂ ਅਪਣੀ ਮੇਹਰ ਕਰਦਾ ਹੈ, ਉਸ ਨੇ ਸਤਿਗੁਰੂ ਦੇ ਚਰਣ ਧੋਤੇ ਹਨ (ਸਤਿਗੁਰੂ ਦੀ ਸੇਵਾ ਕਰਦਾ ਹੈ)।ਉਹ ਪੂਜਨੀਕ ਸਤਿਗੁਰੂ ਦੇ ਪਿੱਛੇ ਲਗ (ਸ਼ਰਣ ਵਿਚ ਪੈ) ਕੇ ਤਰ ਗਿਆ ਹੈ, ਜਿਵੇਂ ਲੋਹਾ ਲਕੜ (ਦੀ ਬੇੜੀ ਦਾ) ਸੰਗ ਕਰਕੇ ਤਰ ਜਾਂਦਾ ਹੈ।ਦਾਸ ਨਾਨਕ ਆਖਦਾ ਹੈ (ਕਿ ਹੇ ਭਾਈ!) ਤੂੰ ਨਾਮ ਨੂੰ ਸਿਮਰ, (ਕਿਉਂਕਿ ਜੇ ਕਿਸੇ ਨੂੰ) ਸੁਖ ਹੋਇਆ ਹੈ, ਤਾਂ ਹਰਿ ਹਰਿ ਨਾਮ ਜਪ ਕੇ ਹੀ ਹੋਇਆ ਹੈ।੧।

ਪਦਾਰਥ = ਸੁ–ਉਹ।ਅਉਖਾ–ਦੁਖੀ।ਘੋਰ–ਭਿਆਨਕ।ਢੋਇਆ–ਲਿਜਾਇਆ ਗਿਆ।ਓਨਿ–ਉਸ ਨੇ।ਹਲਤੁ ਪਲਤੁ–ਲੋਕ ਪ੍ਰਲੋਕ।ਲਾਹਾ–ਨਾਮ ਜਪਣ ਦਾ ਲਾਭ।ਮੂਲੁ–ਸੁਆਸਾਂ ਰੂਪ ਰਾਸ਼ੀ; ਮਨੁੱਖਾ ਜਨਮ।ਖੋਇਆ–ਗਵਾ ਲਿਆ।ਤੇਲੀ ਸੰਦਾ–ਤੇਲੀ ਦਾ।ਭਲਕੇ–ਸਵੇਰੇ।ਪ੍ਰਭਿ–(ਤੇਲੀ) ਮਾਲਕ ਨੇ।ਜੋਇਆ–ਜੋੜਿਆ।ਤਿਦੂ–ਉਸ ਤੋਂ।ਗੁਝਾ–ਲੁਕਿਆ।ਸੋ–ਉਹੋ।ਲੁਣੈ–ਵਢਦਾ ਹੈ।ਪੁਰਬਿ–ਪਹਿਲਾਂ ;ਪਿਛਲੇ ਜਨਮ ਵਿਚ।ਕਿਨੈ–ਕਿਸੇ ਨੇ।ਬੋਇਆ–ਬੀਜਿਆ ਹੈ।ਕਾਠ–ਲੱਕੜੀ।ਸੰਗੋਇਆ–ਸੰਗਤ ਦੁਆਰਾ (ਨਾਲ ਲਗ ਕੇ)।੧।

ਮਃ ੪ ॥ ਵਡਭਾਗੀਆ ਸੋਹਾਗਣੀ, ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥ ਅੰਤਰਿ ਜੋਤਿ ਪ੍ਰਗਾਸੀਆ, ਨਾਨਕ ਨਾਮਿ ਸਮਾਇ ॥੨॥ (ਉਹ ਗੁਰਮੁਖ) ਸੁਹਾਗਣਾਂ ਵੱਡੇ ਭਾਗਾਂ ਵਾਲੀਆਂ ਹਨ, ਜਿਨ੍ਹਾਂ ਨੂੰ ਗੁਰੂ ਦੁਆਰਾ ਪ੍ਰਭੂ ਪਾਤਸ਼ਾਹ ਮਿਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਉਨ੍ਹਾਂ ਦੇ ਹਿਰਦੇ) ਅੰਦਰ ਗਿਆਨ ਦੀ ਜੋਤ ਜਗ ਪਈ ਹੈ ਅਤੇ (ਉਹ) ਨਾਮ ਵਿਚ ਲੀਨ ਰਹਿੰਦੀਆਂ ਹਨ।੨।

ਪਦਾਰਥ = ਸੋਹਾਗਣੀ–ਉਹ ਇਸਤ੍ਰੀ, ਜਿਸ ਦਾ ਪਤੀ ਜਿਉਂਦਾ ਹੈ।ਪ੍ਰਗਾਸੀਆ–ਜਗ ਪਈ ਹੈ।ਸਮਾਇ–ਲੀਨ ਹੋਈਆਂ ਹਨ।੨।

ਨੋਟ = ਸਲੋਕ ਵਾਰਾਂ ਤੇ ਵਧੀਕ ਵਿਚ ਵੀ ਇਹ ਸਲੋਕ ੧੪੨੧ ਅੰਗ ਤੇ ਆਉਂਦਾ ਹੈ।

ਪਉੜੀ ॥ ਇਹੁ ਸਰੀਰੁ ਸਭੁ ਧਰਮੁ ਹੈ, ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ, ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਸਭੁ ਆਤਮ ਰਾਮੁ ਪਛਾਣਿਆ, ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥ ਇਕੁ ਦੇਖਿਆ ਇਕੁ ਮੰਨਿਆ, ਇਕੋ ਸੁਣਿਆ ਸ੍ਰਵਣ ਸਰੋਤਿ ॥ ਇਹ ਸਾਰਾ ਮਨੁੱਖਾ ਸਰੀਰ ਧਰਮ ਕਮਾਉਣ ਵਾਸਤੇ ਹੈ, ਜਿਸ ਦੇ ਅੰਦਰਲੇ ਵਿਚ ਸੱਚੇ ਵਾਹਿਗੁਰੂ ਦੀ ਜੋਤ ਹੈ।(ਇਸ ਸਰੀਰ) ਵਿਚ ਗੁੱਝੇ ਰਤਨ (ਦੈਵੀ ਗੁਣ) ਲੁਕ ਰਹੇ ਹਨ, (ਉਨ੍ਹਾਂ ਰਤਨਾਂ ਨੂੰ) ਗੁਰੂ ਦੇ ਸਨਮੁਖ ਹੋ ਕੇ ਕੋਈ ਵਿਰਲਾ ਸੇਵਕ ਖੋਦ ਕੇ (ਬਿਚਾਰ ਕਰਕੇ ਸਰੀਰ ਵਿਚੋਂ) ਕਢਦਾ ਹੈ।(ਜਦ ਉਸ ਨੇ) ਸਾਰੇ ਜੀਵਾਂ ਦੀ ਆਤਮਾ ਵਿਚ ਰਮੇ ਹੋਏ ਵਾਹਿਗੁਰੂ ਨੂੰ ਪਛਾਣਿਆ, ਤਾਂ (ਉਸ ਨੂੰ ਦਿਸਿਆ ਕਿ ਸਭ ਪਾਸੇ) ਇਕੋ ਪ੍ਰਭੂ ਰਮਿਆ ਹੋਇਆ ਹੈ, ਜਿਵੇਂ ਤੇਣੇ ਪੇਟੇ ਵਿਚ ਇਕੋ ਸੂਤ ਹੁੰਦਾ ਹੈ।(ਅੱਖਾਂ ਨਾਲ) ਇਕ ਨੂੰ ਹੀ ਦੇਖਿਆ, (ਮਨ ਵਿਚ) ਇਕ ਨੂੰ ਮੰਨਿਆ ਤੇ ਇਕ ਨੂੰ ਹੀ ਕੰਨਾਂ ਦੀ ਸੁਣਨ ਸ਼ਕਤੀ ਦੁਆਰਾ ਸੁਣਿਆ।

ਅੰਗ ੩੧੦ = ਜਨ ਨਾਨਕ ਨਾਮੁ ਸਲਾਹਿ ਤੂ ,ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥ ਦਾਸ ਨਾਨਕ ਆਖਦਾ ਹੈ (ਕਿ ਹੇ ਜੀਵ!) ਤੂੰ ਵਾਹਿਗੁਰੂ ਦੇ ਨਾਮ ਨੂੰ ਸਲਾਹੁਣਾ ਕਰ, ਤਾਂ ਸੱਚੇ ਦੀ ਤੇਰੀ ਇਹ ਸੱਚੀ ਸੇਵਾ (ਅਪਣੇ ਆਪ) ਹੁੰਦੀ ਰਹੇਗੀ।੧੬।

ਪਦਾਰਥ = ਸਚੇ ਕੀ–ਸੱਚੇ ਵਾਹਿਗੁਰੂ ਦੀ।ਗੁਹਜ–ਗੁਪਤ।ਰਤਨ–ਵੈਰਾਗ ਬਿਬੇਕ ਆਦਿ ਦੈਵੀ ਗੁਣ ਜਾਂ ਨਾਮ ਰੂਪ ਰਤਨ।ਖੋਤਿ–ਖੋਦ (ਪੁੱਟ) ਕੇ; ਲੱਭ ਕੇ।ਸਭੁ–ਸਭ ਜੀਵਾਂ ਵਿਚ।ਆਤਮ ਰਾਮੁ–ਸਾਰੇ ਜੀਵਾਂ ਦੀ ਆਤਮਾ ਵਿਚ ਵਿਆਪਕ ਵਾਹਿਗੁਰੂ।ਇਕੁ–ਇਕ ਪ੍ਰਭੂ।ਰਵਿਆ–ਵਿਆਪਕ ਹੋ ਰਿਹਾ ਹੈ।ਓਤਿ–ਉਣੇ ਹੋਏ ਵਿਚ।ਪੋਤਿ–ਪ੍ਰੋਤੇ ਹੋਏ ਵਿਚ (ਤਾਣੇ ਪੇਟੇ ਵਿਚ); ਪਰਸਪਰ ਜੁੜਿਆ ਹੋਇਆ।ਸ੍ਰਵਣ–ਕੰਨਾਂ ਦੀ।ਸਰੋਤਿ–ਸੁਣਨ ਸ਼ਕਤੀ ਦੁਆਰਾ।ਹੋਤਿ–ਹੁੰਦੀ ਰਹੇਗੀ।੧੬।

ਸਲੋਕ ਮਃ ੪ ॥ ਸਭਿ ਰਸ ਤਿਨ ਕੈ ਰਿਦੈ ਹਹਿ, ਜਿਨ ਹਰਿ ਵਸਿਆ ਮਨ ਮਾਹਿ ॥ ਹਰਿ ਦਰਗਹ ਤੇ ਮੁਖ ਉਜਲੇ, ਤਿਨ ਕਉ ਸਭਿ ਦੇਖਣ ਜਾਹਿ ॥ ਜਿਨ ਨਿਰਭਉ ਨਾਮੁ ਧਿਆਇਆ, ਤਿਨ ਕਉ ਭਉ ਕੋਈ ਨਾਹਿ ॥ ਹਰਿ ਉਤਮੁ ਤਿਨੀ ਸਰੇਵਿਆ, ਜਿਨ ਕਉ ਧੁਰਿ ਲਿਖਿਆ ਆਹਿ ॥ ਤੇ ਹਰਿ ਦਰਗਹ ਪੈਨਾਈਅਹਿ, ਜਿਨ ਹਰਿ ਵੁਠਾ ਮਨ ਮਾਹਿ ॥ ਓਇ ਆਪਿ ਤਰੇ ਸਭ ਕੁਟੰਬ ਸਿਉ ,ਤਿਨ ਪਿਛੈ ਸਭੁ ਜਗਤੁ ਛਡਾਹਿ ॥ ਜਨ ਨਾਨਕ ਕਉ ਹਰਿ ਮੇਲਿ ਜਨ, ਤਿਨ ਵੇਖਿ ਵੇਖਿ ਹਮ ਜੀਵਾਹਿ ॥੧॥ ਜਿਨ੍ਹਾਂ ਪੁਰਖਾਂ ਦੇ ਮਨ ਵਿਚ ਹਰੀ ਵਸਿਆ ਹੈ, ਉਨ੍ਹਾਂ ਦੇ ਹਿਰਦੇ ਵਿਚ ਸੰਪੂਰਨ ਅਨੰਦ ਹੈ।ਉਨ੍ਹਾਂ ਦੇ ਮੂੰਹ ਹਰੀ ਦੀ ਦਰਗਾਹ ਵਿਚ ਉਜਲੇ ਹੁੰਦੇ ਹਨ ਤੇ ਸਾਰੇ ਉਨ੍ਹਾਂ ਨੂੰ

All Rights Reserved by Harjinder Singh Gyani | www.GuruGranthVakhyaan.org

ਦੇਖਣ ਜਾਂਦੇ ਹਨ। ਜਿਨ੍ਹਾਂ ਪੁਰਖਾਂ ਨੇ ਨਿਰਭੈ ਵਾਹਿਗੁਰੂ ਦੇ ਨਾਮ ਨੂੰ ਧਿਆਇਆ ਹੈ, ਉਨ੍ਹਾਂ ਨੂੰ (ਕਿਸੇ ਦਾ) ਕੋਈ ਭੈ ਨਹੀਂ ਹੁੰਦਾ। ਉਤਮ ਹਰੀ ਨੂੰ ਉਨ੍ਹਾਂ ਨੇ ਹੀ ਸਿਮਰਿਆ ਹੈ, ਜਿਨ੍ਹਾਂ ਨੂੰ (ਮੱਥੇ ਉਤੇ) ਧੁਰ ਦਰਗਾਹ ਤੋਂ ਲਿਖਿਆ ਹੁੰਦਾ ਹੈ। ਉਨ੍ਹਾਂ ਪੁਰਖਾਂ ਨੂੰ ਹਰੀ ਦੀ ਦਰਗਾਹ ਵਿਚ ਸਿਰੋਪਾਉ ਪਹਿਨਾਏ (ਸਨਮਾਨੇ) ਜਾਂਦੇ ਹਨ, ਜਿਨ੍ਹਾਂ ਦੇ ਮਨ ਵਿਚ ਹਰੀ ਵਸਿਆ ਹੈ। ਉਹ ਸਾਰੇ ਪ੍ਰਵਾਰ ਸਮੇਤ ਆਪ ਵੀ (ਭਵਜਲ ਤੋਂ) ਤਰ ਗਏ ਹਨ, ਉਨ੍ਹਾਂ ਦੇ ਪਿੱਛੇ ਲਗ ਕੇ ਸਾਰਾ ਜਗਤ (ਜਮਾਂ ਤੋਂ) ਛੁੱਟ ਗਿਆ ਹੈ। ਹੇ ਹਰੀ! ਦਾਸ ਨਾਨਕ ਨੂੰ (ਅਜੇਹੇ ਗੁਰਮੁਖ) ਜਨ ਮਿਲਾ ਦੇ, (ਤਾਂ ਜੋ) ਉਨ੍ਹਾਂ ਨੂੰ ਦੇਖ ਦੇਖ ਕੇ ਅਸੀਂ ਜੀਵੀਏ।੧। ਰਸ = ਪ੍ਰੇਮ ਰਸ, ਨਾਮ ਰਸ, ਗਿਆਨ ਰਸ (ਟਕਸਾਲ)।

ਪਦਾਰਥ = ਰਸ–ਅਨੰਦ। ਨਿਰਭਉ–ਭੈ ਰਹਿਤ। ਤਿਨ ਕਉ–ਉਨ੍ਹਾਂ ਨੂੰ। ਤਿਨੀ–ਉਨ੍ਹਾਂ ਨੇ। ਸਰੇਵਿਆ–ਸਿਮਰਿਆ। ਧੁਰਿ–ਧੁਰ ਰੱਬ ਦੀ ਹਜ਼ੂਰੀ ਤੋਂ। ਆਹਿ–ਹੈ। ਪੈਨਾਈਅਹਿ–ਸਿਰੋਪੇ ਪਹਿਨਾਏ (ਸਨਮਾਨੇ) ਜਾਂਦੇ ਹਨ। ਵੁਠਾ–ਵਸਿਆ। ਕੁਟੰਬ ਸਿਉ–ਪ੍ਰਵਾਰ ਸਮੇਤ।੧।

ਮਃ ੪ ॥ ਸਾ ਧਰਤੀ ਭਈ ਹਰੀਆਵਲੀ, ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ ਸੇ ਜੰਤ ਭਏ ਹਰੀਆਵਲੇ, ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ , ਧਨੁ ਧਨੁ ਸੁ ਜਨਨੀ, ਜਿਨਿ ਗੁਰੂ ਜਣਿਆ ਮਾਇ ॥ ਧਨੁ ਧੰਨੁ ਗੁਰੂ ਜਿਨੀ ਨਾਮੁ ਅਰਾਧਿਆ, ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥ ਹਰਿ ਸਤਿਗੁਰੁ ਮੇਲਹੁ ਦਇਆ ਕਰਿ, ਜਨੁ ਨਾਨਕੁ ਧੋਵੈ ਪਾਇ ॥੨॥ ਉਹ ਧਰਤੀ ਹਰੀ ਭਰੀ ਹੋ ਗਈ ਹੈ, ਜਿਥੇ ਮੇਰਾ ਸਤਿਗੁਰੂ ਆ ਕੇ ਬੈਠਾ ਹੈ। ਉਹ ਜੀਵ ਵੀ ਹਰੇ ਭਰੇ ਹੋ (ਖਿੜ) ਗਏ ਹਨ, ਜਿਨ੍ਹਾਂ ਨੇ ਮੇਰੇ ਸਤਿਗੁਰੂ ਨੂੰ ਜਾ ਕੇ ਦੇਖਿਆ (ਦਰਸ਼ਨ ਕੀਤਾ) ਹੈ। ਹੇ ਮਾਂ! ਧੰਨ ਧੰਨ (ਉਹ) ਪਿਤਾ ਹੈ (ਜਿਸ ਦੇ ਘਰ ਵਿਚ ਗੁਰੂ ਜੀ ਜਨਮੇ ਹਨ), ਧੰਨ ਧੰਨ (ਉਹ) ਕੁੱਲ ਹੈ (ਜਿਸ ਵਿਚ ਗੁਰੂ ਜੀ ਜਨਮੇ ਹਨ), ਧੰਨ ਧੰਨ ਉਹ ਮਾਂ ਹੈ, ਜਿਸ (ਮਾਂ) ਨੇ ਗੁਰੂ ਨੂੰ ਜਨਮ ਦਿਤਾ ਹੈ। ਗੁਰੂ (ਆਪ) ਧੰਨਤਾ ਦੇ ਯੋਗ ਹੈ, ਜਿਸ ਨੇ ਹਰੀ ਦਾ ਨਾਮ ਜਪਿਆ ਹੈ, (ਉਹ ਗੁਰੂ ਜੀ) ਆਪ ਵੀ ਤਰੇ ਹੋਏ ਹਨ , ਜਿਨ੍ਹਾਂ ਨੇ (ਗੁਰੂ ਜੀ ਨੂੰ) ਦੇਖਿਆ ਹੈ, ਉਨ੍ਹਾਂ ਨੂੰ ਵੀ (ਗੁਰੂ ਨੇ ਜਨਮ ਮਰਣ ਤੋਂ) ਛੁਡਾ ਲਿਆ ਹੈ। ਹੇ ਹਰੀ! ਦਇਆ ਕਰਕੇ (ਸਾਨੂੰ) ਸਤਿਗੁਰੂ ਮਿਲਾ ਦਿਓ, (ਤਾਂ ਜੋ) ਦਾਸ ਨਾਨਕ ਉਨ੍ਹਾਂ ਦੇ ਚਰਨ ਧੋਂਦਾ ਰਹੇ।੨। ਕਈ ਬੀੜਾਂ ਵਿਚ 'ਧਰਤੀ' ਦੀ ਥਾਂ 'ਧਰਤਿ' ਪਾਠ ਹੈ।

ਨੋਟ = ਗੁਰੂ ਰਾਮਦਾਸ ਜੀ ਨੇ ਇਸ ਸਲੋਕ ਤੇ ਅੱਗੇ ਪਉੜੀ ਵਿਚ ਗੁਰੂ ਅਮਰਦਾਸ ਜੀ ਦੀ ਵਡਿਆਈ ਕੀਤੀ ਹੈ।

ਪਦਾਰਥ = ਸਾ–ਉਹ। ਹਰੀਆਵਲੀ–ਹਰੀ ਭਰੀ; ਸੁਹਾਵਣੀ। ਸੇ–ਉਹ। ਜੰਤ–ਜੀਵ। ਭਏ–ਹੋ ਗਏ। ਹਰੀਆਵਲੇ–ਪ੍ਰਫੁਲੱਤ ਹੋ ਗਏ। ਜਿਨੀ–ਜਿਨ੍ਹਾਂ ਨੇ। ਧਨੁ–ਸਲਾਹੁਣ ਯੋਗ; ਭਾਗਾਂ ਵਾਲਾ। ਕੁਲੁ–ਖਾਨਦਾਨ; ਵੰਸ। ਸੁ–ਉਹ। ਜਨਨੀ–ਮਾਂ। ਜਣਿਆ–ਜਨਮ ਦਿਤਾ। ਮਾਇ –ਹੇ ਮਾਂ!; ਹੇ ਭਾਈ!। ਜਿਨੀ–ਜਿਨ੍ਹਾਂ ਨੇ। ਡਿਠਾ–ਦੇਖਿਆ; ਦਰਸ਼ਨ ਕੀਤੇ। ਪਾਇ–ਪੈਰ (ਚਰਨ)।੨।

ਪਉੜੀ ॥ ਸਚੁ ਸਚਾ ਸਤਿਗੁਰੁ ਅਮਰੁ ਹੈ, ਜਿਸੁ ਅੰਦਰਿ ਹਰਿ ਉਰਿ ਧਾਰਿਆ ॥ ਸਚੁ ਸਚਾ ਸਤਿਗੁਰੁ ਪੁਰਖੁ ਹੈ, ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥ ਜਾ ਡਿਠਾ ਪੂਰਾ ਸਤਿਗੁਰੂ ,ਤਾਂ ਅੰਦਰਹੁ ਮਨੁ ਸਾਧਾਰਿਆ ॥ ਬਲਿਹਾਰੀ ਗੁਰ ਆਪਣੇ, ਸਦਾ ਸਦਾ ਘੁਮਿ ਵਾਰਿਆ ॥ ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥੧੭॥ ਸਤਿਗੁਰੂ ਅਮਰਦਾਸ ਜੀ ਪੂਰਨ ਸੱਚੇ ਪ੍ਰਭੂ ਦਾ ਸਰੂਪ ਹਨ (ਸੰ.ਪੋ.; ਟਕਸਾਲ); ਸਤਿ ਗੁਰੂ ਮੌਤ ਰਹਿਤ ਹੈ, ਜਿਸ ਨੇ ਅੰਦਰ ਹਿਰਦੇ ਵਿਚ ਹਰੀ ਨੂੰ ਟਿਕਾ ਰੱਖਿਆ ਹੈ। ਸਤਿਗੁਰੂ ਪੁਰਖ ਪੂਰਨ ਸੱਚ ਸਰੂਪ ਹੈ, ਜਿਸ ਨੇ ਕਾਮ ਕ੍ਰੋਧ ਰੂਪ ਜਹਿਰ ਨੂੰ ਮਾਰ ਦਿਤਾ ਹੈ। ਜਦ ਪੂਰੇ ਸਤਿਗੁਰੂ ਨੂੰ ਦੇਖਿਆ (ਦਰਸ਼ਨ ਕੀਤੇ), ਤਾਂ ਅੰਦਰੋਂ ਮਨ ਆਸਰੇ ਸਹਿਤ (ਧੀਰਜ ਵਾਲਾ) ਹੋ ਗਿਆ। ਮੈਂ ਅਪਣੇ ਗੁਰੂ ਤੋਂ ਬਲਹਾਰ ਜਾਂਦਾ ਹਾਂ, ਸਦਾ ਘੁੰਮ ਘੁੰਮ ਕੇ (ਗੁਰੂ ਤੋਂ) ਵਾਰਨੇ ਜਾਂਦਾ ਹਾਂ। ਗੁਰਮੁਖ ਨੇ (ਮਨੁੱਖਾ ਜਨਮ ਦੀ ਬਾਜੀ) ਜਿਤ ਲਈ ਹੈ ਤੇ ਮਨਮੁਖ ਨੇ (ਮਨੁੱਖਾ ਜਨਮ) ਹਾਰ ਦਿਤਾ (ਬੇਅਰਥ ਗੁਆ ਲਿਆ) ਹੈ।੧੭।

ਪਦਾਰਥ = ਸਚੁ ਸਚਾ–ਪੂਰਨ ਸੱਚ ਸਰੂਪ; ਅਤਿਅੰਤ ਸੱਚ (ਮ.ਕੋ.)। ਅਮਰੁ–ਗੁਰੂ ਅਮਰਦਾਸ ਜੀ; ਮੌਤ ਰਹਿਤ। ਉਰਿ–ਹਿਰਦੇ ਵਿਚ। ਧਾਰਿਆ–ਟਿਕਾ ਲਿਆ। ਬਿਖੁ–ਜਹਿਰ। ਜਾ–ਜਦ। ਡਿਠਾ–ਦੇਖਿਆ। ਸਾਧਾਰਿਆ–ਆਸਰੇ ਸਹਿਤ; ਧੀਰਜ ਵਾਲਾ ਹੋ ਗਿਆ; ਸੁਧਾਰ ਦਿਤਾ। ਘੁਮਿ ਵਾਰਿਆ–ਸਿਰ ਉਪਰੋਂ ਘੁਮਾ ਕੇ ਕੁਰਬਾਨ ਕਰਨਾ; ਸਿਰ ਵਾਰਨਾ ਕਰਨਾ।੧੭।

ਸਲੋਕ ਮਃ ੪ ॥ ਕਰਿ ਕਿਰਪਾ ਸਤਿਗੁਰੁ ਮੇਲਿਓਨੁ ,ਮੁਖਿ ਗੁਰਮੁਖਿ ਨਾਮੁ ਧਿਆਇਸੀ ॥ ਸੋ ਕਰੇ ਜਿ ਸਤਿਗੁਰ ਭਾਵਸੀ, ਗੁਰੁ ਪੂਰਾ ਘਰੀ ਵਸਾਇਸੀ ॥ ਜਿਨ ਅੰਦਰਿ ਨਾਮੁ ਨਿਧਾਨੁ ਹੈ, ਤਿਨ ਕਾ ਭਉ ਸਭੁ ਗਵਾਇਸੀ ॥ ਜਿਨ ਰਖਣ ਕਉ ਹਰਿ ਆਪਿ ਹੋਇ, ਹੋਰ ਕੇਤੀ ਝਖਿ ਝਖਿ ਜਾਇਸੀ ॥ ਜਨ ਨਾਨਕ ਨਾਮੁ ਧਿਆਇ ਤੂ ,ਹਰਿ ਹਲਤਿ ਪਲਤਿ ਛੋਡਾਇਸੀ ॥੧॥ (ਜਿਸ ਪੁਰਖ ਨੂੰ) ਉਸ ਪ੍ਰਭੂ ਨੇ ਕ੍ਰਿਪਾ ਕਰਕੇ ਸਤਿਗੁਰੂ ਨਾਲ ਮਿਲਾਇਆ ਹੈ, ਉਹ ਮੂੰਹ ਨਾਲ ਗੁਰੂ ਦੁਆਰਾ (ਵਾਹਿਗੁਰੂ ਦਾ) ਨਾਮ ਧਿਆਉਂਦਾ ਹੈ। (ਉਹ ਪੁਰਖ) ਉਹ ਕੁਛ ਹੀ ਕਰਦਾ ਹੈ, ਜੋ ਸਤਿਗੁਰੂ ਨੂੰ ਚੰਗਾ ਲਗਦਾ ਹੈ, ਪੂਰਾ ਗੁਰੂ (ਉਸ ਨੂੰ) ਸ੍ਵੈ ਸਰੂਪ ਵਿਚ ਵਸਾ ਦੇਂਦਾ ਹੈ; ਪੂਰਾ ਗੁਰੂ ਉਸ

All Rights Reserved by Harjinder Singh Gyani | www.GuruGranthVakhyaan.org

ਦੇ ਹਿਰਦੇ ਘਰ ਵਿਚ (ਨਾਮ) ਵਸਾ ਦੇਂਦਾ ਹੈ। ਜਿਨ੍ਹਾਂ ਪੁਰਖਾਂ ਦੇ ਹਿਰਦੇ ਅੰਦਰ ਨਾਮ ਰੂਪ ਖਜਾਨਾ ਹੈ, (ਸਤਿਗੁਰੂ) ਉਨ੍ਹਾਂ ਦਾ ਸਾਰਾ ਡਰ ਦੂਰ ਕਰ ਦੇਂਦਾ ਹੈ। ਜਿਨ੍ਹਾਂ ਪੁਰਖਾਂ ਦੀ ਰੱਖਿਆ ਕਰਨ ਲਈ ਹਰੀ ਆਪ ਹੁੰਦਾ ਹੈ, (ਉਨ੍ਹਾਂ ਦਾ ਵਿਰੋਧ ਕਰਦੀ ਹੋਈ) ਹੋਰ ਕਿਤਨੀ ਹੀ ਦੁਨੀਆਂ ਖਪ ਖਪ ਕੇ ਚਲੇ ਜਾਂਦੀ ਹੈ (ਪਰ ਉਨ੍ਹਾਂ ਦਾ ਕੋਈ ਕੁਛ ਵਿਗਾੜ ਨਹੀਂ ਸਕਦਾ)। ਹੇ ਦਾਸ ਨਾਨਕ! ਤੂੰ ਪ੍ਰਭੂ ਦਾ ਨਾਮ ਸਿਮਰ, (ਕਿਉਂਕਿ) ਪ੍ਰਭੂ ਦਾ ਨਾਮ ਲੋਕ ਪ੍ਰਲੋਕ ਵਿਚ (ਮਨੁੱਖ ਨੂੰ ਦੁੱਖਾਂ ਤੋਂ) ਛੁਡਾਉਂਦਾ ਹੈ।੧।

ਪਦਾਰਥ = ਮੇਲਿਓਨੁ–ਮਿਲਾਇਆ ਹੈ ਉਸ ਪ੍ਰਭੂ ਨੇ। ਮੁਖਿ–ਮੂੰਹ ਨਾਲ। ਸੋ–ਉਹ। ਭਾਵਸੀ–ਚੰਗਾ ਲਗਦਾ ਹੈ। ਘਰੀ–ਹਿਰਦੇ ਘਰ ਵਿਚ; ਨਿਜ ਘਰ ਵਿਚ। ਨਿਧਾਨੁ–ਖਜਾਨਾ। ਭਉ–ਡਰ। ਗਵਾਇਸੀ–ਦੂਰ ਕਰਦਾ ਹੈ। ਰਖਣ ਕਉ–ਰੱਖਿਆ ਕਰਨ ਲਈ। ਝਖਿ ਝਖਿ–ਖਪ ਖਪ ਕੇ। ਜਾਇਸੀ–ਚਲੇ ਜਾਂਦੀ ਹੈ। ਹਲਤਿ–ਇਸ ਲੋਕ ਵਿਚ। ਪਲਤਿ–ਪ੍ਰਲੋਕ ਵਿਚ।੧।

ਮਃ ੪ ॥ ਗੁਰਸਿਖਾ ਕੈ ਮਨਿ ਭਾਵਦੀ, ਗੁਰ ਸਤਿਗੁਰ ਕੀ ਵਡਿਆਈ ॥ ਹਰਿ ਰਾਖਹੁ ਪੈਜ ਸਤਿਗੁਰੂ ਕੀ, ਨਿਤ ਚੜੈ ਸਵਾਈ ॥ ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ, ਪਾਰਬ੍ਰਹਮੁ ਛਡਾਈ ॥ ਗੁਰ ਸਤਿਗੁਰ ਤਾਣੁ ਦੀਬਾਣੁ ਹਰਿ, ਤਿਨਿ ਸਭ ਆਣਿ ਨਿਵਾਈ ॥ ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ, ਤਿਨ ਕੇ ਸਭਿ ਪਾਪ ਗਵਾਈ ॥ ਹਰਿ ਦਰਗਹ ਤੇ ਮੁਖ ਉਜਲੇ, ਬਹੁ ਸੋਭਾ ਪਾਈ ॥ ਜਨੁ ਨਾਨਕੁ ਮੰਗੈ ਧੂੜਿ ਤਿਨ, ਜੋ ਗੁਰ ਕੇ ਸਿਖ ਮੇਰੇ ਭਾਈ ॥੨॥ ਗੁਰਸਿੱਖਾਂ ਦੇ ਮਨ ਵਿਚ ਪੂਜਨੀਕ ਸਤਿਗੁਰੂ ਦੀ ਵਡਿਆਈ ਚੰਗੀ ਲਗਦੀ ਹੈ। ਹੇ ਹਰੀ! (ਤੁਸੀਂ) ਸਦਾ ਸਤਿਗੁਰੂ ਦੀ ਪੈਜ ਰਖਦੇ ਹੋ, (ਜਿਸ ਕਰਕੇ ਸਤਿਗੁਰੂ ਦੀ ਵਡਿਆਈ) ਨਿਤ ਵਧਦੀ ਰਹਿੰਦੀ ਹੈ। ਪੂਜਨੀਕ ਸਤਿਗੁਰੂ ਦੇ ਮਨ ਵਿਚ ਪਾਰਬ੍ਰਹਮ ਵਸਦਾ ਹੈ, ਪਾਰਬ੍ਰਹਮ (ਸਾਰੇ ਦੋਖੀਆਂ ਤੋਂ ਗੁਰੂ ਨੂੰ) ਬਚਾਉਂਦਾ ਹੈ। ਹਰੀ ਪੂਜਨੀਕ ਸਤਿਗੁਰੂ ਦਾ ਬਲ ਤੇ ਆਸਰਾ ਹੈ, ਉਸ (ਹਰੀ) ਨੇ ਸਾਰੀ ਦੁਨੀਆਂ ਗੁਰੂ ਅੱਗੇ ਲਿਆ ਕੇ ਨਿਵਾਈ ਹੈ। ਜਿਨ੍ਹਾਂ ਪੁਰਖਾਂ ਨੇ ਸਤਿਗੁਰੂ ਨੂੰ ਪ੍ਰੇਮ ਕਰਕੇ ਦੇਖਿਆ ਹੈ, (ਸਤਿਗੁਰੂ ਨੇ) ਉਨ੍ਹਾਂ ਦੇ ਸਾਰੇ ਪਾਪ ਨਾਸ਼ ਕਰ ਦਿਤੇ ਹਨ। ਉਹ ਹਰੀ ਦੀ ਦਰਗਾਹ ਵਿਚ ਉਜਲਾ ਮੂੰਹ ਲੈ ਕੇ ਜਾਂਦੇ ਹਨ ਅਤੇ (ਇਸ ਲੋਕ ਵਿਚ ਵੀ ਉਨ੍ਹਾਂ ਨੇ) ਬਹੁਤ ਸੋਭਾ ਪਾਈ ਹੈ। ਗੁਰੂ ਦੇ ਜੋ (ਅਜੇਹੇ) ਮੇਰੇ ਸਿਖ ਭਰਾ ਹਨ, ਦਾਸ ਨਾਨਕ ਉਨ੍ਹਾਂ ਦੀ ਚਰਨ ਧੂੜ ਮੰਗਦਾ ਹੈ।੨।

ਪਦਾਰਥ = ਭਾਵਦੀ–ਚੰਗੀ; ਪਿਆਰੀ ਲਗਦੀ ਹੈ। ਪੈਜ–ਇੱਜਤ। ਨਿਤ–ਰੋਜ; ਸਦਾ। ਚੜ੍ਹੈ ਸਵਾਈ–ਵਧਦੀ ਰਹਿੰਦੀ ਹੈ। ਤਾਣੁ–ਬਲ। ਦੀਬਾਣੁ–ਆਸਰਾ; ਹਾਕਮ। ਤਿਨਿ–ਉਸ ਨੇ। ਆਣਿ–ਲਿਆ ਕੇ। ਨਿਵਾਈ–ਝੁਕਾਈ ਹੈ। ਭਾਉ ਕਰਿ–ਪ੍ਰੇਮ ਕਰਕੇ। ਬਹੁ–ਬਹੁਤ।੨।

ਪਉੜੀ ॥ ਹਉ ਆਖਿ ਸਲਾਹੀ ਸਿਫਤਿ ਸਚੁ ,ਸਚੁ ਸਚੇ ਕੀ ਵਡਿਆਈ ॥ ਸਾਲਾਹੀ ਸਚੁ ਸਲਾਹ ਸਚੁ ,ਸਚੁ ਕੀਮਤਿ ਕਿਨੈ ਨ ਪਾਈ ॥ ਮੈਂ ਸੱਚ ਸਰੂਪ ਪ੍ਰਭੂ ਦੀ ਵਡਿਆਈ (ਮੂੰਹ ਨਾਲ) ਆਖ ਕੇ ਸਲਾਹੁੰਦਾ ਹਾਂ, (ਉਸ) ਸੱਚੇ ਪ੍ਰਭੂ ਦੀ ਵਡਿਆਈ ਸਚ ਸਰੂਪ ਬਣਾ ਦੇਂਦੀ ਹੈ। ਸਲਾਹੁਣ ਯੋਗ ਪ੍ਰਭੂ ਸੱਚ ਸਰੂਪ ਹੈ, (ਉਸ ਦੀ) ਉਸਤਤੀ ਵੀ ਸੱਚੀ ਹੈ (ਜੋ ਮਨੁੱਖ ਨੂੰ ਸੱਚ ਸਰੂਪ ਵਿਚ ਲੈ ਜਾਂਦੀ ਹੈ, ਉਸ ਦੀ) ਕੀਮਤ ਵੀ ਸੱਚੀ ਹੈ, ਜੋ ਕਿਸੇ ਤੋਂ ਪਾਈ ਨਹੀਂ ਜਾਂਦੀ (ਕਿਉਂਕਿ ਉਹ ਬੇਅੰਤ ਹੈ)।

ਅੰਗ ੩੧੧ = ਸਚੁ ਸਚਾ ਰਸੁ ਜਿਨੀ ਚਖਿਆ, ਸੇ ਤ੍ਰਿਪਤਿ ਰਹੇ ਆਘਾਈ ॥ ਇਹੁ ਹਰਿ ਰਸੁ ਸੇਈ ਜਾਣਦੇ, ਜਿਉ ਗੂੰਗੈ ਮਿਠਿਆਈ ਖਾਈ ॥ ਗੁਰਿ ਪੂਰੈ ਹਰਿ ਪ੍ਰਭੁ ਸੇਵਿਆ, ਮਨਿ ਵਜੀ ਵਾਧਾਈ ॥੧੮॥ ਸੱਚੇ ਪ੍ਰਭੂ ਦਾ ਸੱਚਾ ਨਾਮ ਰਸ ਜਿਨ੍ਹਾਂ ਪੁਰਖਾਂ ਨੇ ਚੱਖਿਆ ਹੈ, ਉਹ ਮਨ ਕਰਕੇ ਰੱਜੇ ਰਹਿੰਦੇ ਹਨ ਤੇ ਤਨ ਕਰਕੇ ਵੀ ਰੱਜ ਗਏ ਹਨ। ਇਸ ਹਰੀ ਰਸ ਨੂੰ (ਜੋ ਮਨੁੱਖ ਚੱਖਦੇ ਹਨ) ਉਹ ਹੀ ਜਾਣਦੇ ਹਨ, (ਇਸ ਦਾ ਸੁਆਦ ਦਸ ਨਹੀਂ ਸਕਦੇ), ਜਿਵੇਂ ਗੂੰਗੇ ਨੇ ਮਠਿਆਈ ਖਾਧੀ ਹੋਵੇ (ਉਸ ਦਾ ਸੁਆਦ ਗੂੰਗਾ ਦਸ ਨਹੀਂ ਸਕਦਾ। ਜਿਸ ਨੇ) ਪੂਰੇ ਗੁਰੂ ਦੁਆਰਾ ਹਰੀ ਪ੍ਰਭੂ ਨੂੰ ਸਿਮਰਿਆ ਹੈ, (ਉਸ ਪੁਰਖ ਦੇ) ਮਨ ਵਿਚ ਖੁਸ਼ੀ ਪ੍ਰਗਟ ਹੋਈ ਹੈ।੧੮।

ਪਦਾਰਥ = ਹਉ–ਮੈਂ। ਸਲਾਹੀ–ਸਲਾਹੁੰਦਾ ਹਾਂ। ਸਿਫਤਿ–ਸਿਫਤ (ਉਸਤਤੀ)। ਕਿਨੈ–ਕਿਸੇ ਨੇ। ਰਸੁ–ਸੁਆਦ। ਚਖਿਆ–ਮਾਣਿਆ; ਖਾਧਾ। ਸੇ–ਉਹ। ਤ੍ਰਿਪਤਿ ਰਹੇ–ਰੱਜੇ ਰਹਿੰਦੇ ਹਨ। ਆਘਾਈ–ਰੱਜ ਗਏ। ਸੇਈ–ਉਹ ਹੀ। ਵਜੀ–ਪ੍ਰਗਟ ਹੋਈ। ਵਾਧਾਈ–ਖੁਸ਼ੀ।੧੮।

ਸਲੋਕ ਮਃ ੪ ॥ ਜਿਨਾ ਅੰਦਰਿ ਉਮਰਥਲ, ਸੇਈ ਜਾਣਨਿ ਸੂਲੀਆ ॥ ਹਰਿ ਜਾਣਹਿ ਸੇਈ ਬਿਰਹੁ ,ਹਉ ਤਿਨ ਵਿਟਹੁ ਸਦ ਘੁਮਿ ਘੋਲੀਆ ॥ ਹਰਿ ਮੇਲਹੁ ਸਜਣੁ ਪੁਰਖੁ ,ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ ॥ ਜੋ ਸਿਖ ਗੁਰ ਕਾਰ ਕਮਾਵਹਿ, ਹਉ ਗੁਲਮੁ ਤਿਨਾ ਕਾ ਗੋਲੀਆ ॥ ਹਰਿ ਰੰਗਿ ਚਲੂਲੈ ਜੋ ਰਤੇ, ਤਿਨ ਭਿਨੀ ਹਰਿ ਰੰਗਿ ਚੋਲੀਆ ॥ ਕਰਿ ਕਿਰਪਾ ਨਾਨਕ ਮੇਲਿ, ਗੁਰ ਪਹਿ ਸਿਰੁ ਵੇਚਿਆ ਮੋਲੀਆ ॥੧॥ (ਜਿਵੇਂ) ਜਿਨ੍ਹਾਂ ਪੁਰਖਾਂ ਦੇ ਅੰਦਰ ਫੋੜਾ ਹੁੰਦਾ ਹੈ, ਉਹ ਹੀ (ਉਸ ਫੋੜੇ) ਦੇ ਦਰਦ ਨੂੰ ਜਾਣਦੇ ਹਨ। (ਤਿਵੇਂ

ਜਿਨ੍ਹਾਂ ਮਹਾਂ ਪੁਰਖਾਂ ਦੇ ਅੰਦਰ ਵਿਛੋੜੇ ਦਾ ਸੱਲ੍ਹ ਹੈ, ਉਹ ਹੀ ਉਸਦੇ ਦਰਦ ਨੂੰ ਜਾਣਦੇ ਹਨ)।ਹਰੀ ਦੇ ਵਿਛੋੜੇ (ਦੀ ਪੀੜ ਨੂੰ ਵੀ) ਉਹ ਪੁਰਖ ਹੀ ਜਾਣਦੇ ਹਨ, ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ; (ਜਾਂ ਫਿਰ) ਹਰੀ ਉਸ ਵਿਛੋੜੇ ਦੇ ਦਰਦ ਨੂੰ ਜਾਣਦਾ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ।ਹੇ ਹਰੀ! (ਮੈਨੂੰ ਅਜੇਹਾ) ਸੱਜਣ ਪੁਰਖ ਮਿਲਾ ਦੇਹ, (ਤਾਂ ਜੋ) ਮੇਰਾ ਸਿਰ (ਅਜੇਹੇ ਪੁਰਖਾਂ) ਤੋਂ ਕੁਰਬਾਨ ਹੋ ਕੇ ਉਨ੍ਹਾਂ ਦੇ ਚਰਨਾਂ ਦੀਆਂ ਤਲੀਆਂ ਹੇਠ ਰੁਲੇ।ਜੋ ਸਿੱਖ ਗੁਰੂ ਦੀ ਦੱਸੀ ਹੋਈ ਕਾਰ ਕਮਾਉਂਦੇ (ਸਿਮਰਨ ਕਰਦੇ) ਹਨ, ਮੈਂ ਉਨ੍ਹਾਂ ਦੇ ਗੁਲਾਮਾਂ ਦਾ ਗੁਲਾਮ ਹਾਂ।ਜੋ ਪੁਰਖ ਹਰੀ ਦੇ ਗੂੜ੍ਹੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦੇ ਸਰੀਰ ਰੂਪ ਚੋਲੇ ਵੀ ਹਰੀ ਦੇ ਪ੍ਰੇਮ ਵਿਚ ਭਿੱਜੇ ਹੁੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨੇ ਕ੍ਰਿਪਾ ਕਰਕੇ (ਅਜੇਹੇ ਪੁਰਖਾਂ ਨੂੰ ਗੁਰੂ) ਮਿਲਾ ਦਿਤਾ ਹੈ, (ਤਾਂ ਉਨ੍ਹਾਂ ਪੁਰਖਾਂ ਨੇ ਅਪਣਾ) ਸਿਰ ਗੁਰੂ ਪਾਸ ਮੁੱਲ ਵੇਚ ਦਿਤਾ (ਆਪਾ ਸਮਰਪਣ ਕਰ ਦਿਤਾ)।੧।

ਪਦਾਰਥ = ਉਮਰਥਲ–ਅੰਦਰਲੀਆਂ ਅੰਤੜੀਆਂ ਦਾ ਫੋੜਾ (ਬਿਰਹਾ ਦੀ ਪੀੜ)।ਸੇਈ–ਉਹ ਹੀ।ਸੂਲੀਆ–ਦਰਦ।ਬਿਰਹੁ–ਵਿਛੋੜੇ; ਪ੍ਰੇਮ ਦਾ ਦਰਦ।ਹਉ–ਮੈਂ।ਵਿਟਹੁ–ਤੋਂ।ਸਦਾ–ਸਦਾ।ਘੁਮਿ ਘੋਲੀਆ–ਪ੍ਰਕਰਮਾ ਕਰ ਕੇ ਕੁਰਬਾਨ ਜਾਂਦਾ ਹਾਂ।ਤਲ–ਹੇਠ; ਪੈਰਾਂ ਦੀਆਂ ਤਲੀਆਂ ਥੱਲੇ।ਰੋਲੀਆ–ਰੁਲੇ।ਕਾਰ–ਸੇਵਾ; ਸਿਮਰਨ।ਗੁਲਮੁ–ਗੁਲਾਮ।ਗੋਲੀਆ–ਗੋਲਿਆਂ ਦਾ।ਰੰਗਿ–ਪ੍ਰੇਮ ਰੰਗ ਵਿਚ।ਚਲੂਲੈ–ਗੂੜ੍ਹਾ ਲਾਲ।ਰਤੇ–ਰੰਗੇ ਹਨ।ਭਿਨੀ–ਭਿੱਜੀ ਹੋਈ।ਚੋਲੀਆ–ਸਰੀਰ ਰੂਪ ਕੁੜਤਾ।ਪਹਿ–ਪਾਸ।ਮੋਲੀਆ–ਮੁੱਲ।੧।

ਮਃ ੪ ॥ ਅਉਗਣੀ ਭਰਿਆ ਸਰੀਰੁ ਹੈ, ਕਿਉ ਸੰਤਹੁ ਨਿਰਮਲੁ ਹੋਇ ॥ ਗੁਰਮੁਖਿ ਗੁਣ ਵੇਹਾਝੀਅਹਿ, ਮਲੁ ਹਉਮੈ ਕਢੈ ਧੋਇ ॥ ਸਚੁ ਵਣੰਜਹਿ ਰੰਗ ਸਿਉ ,ਸਚੁ ਸਉਦਾ ਹੋਇ ॥ ਤੋਟਾ ਮੂਲਿ ਨ ਆਵਈ, ਲਾਹਾ ਹਰਿ ਭਾਵੈ ਸੋਇ ॥ ਨਾਨਕ ਤਿਨ ਸਚੁ ਵਣੰਜਿਆ, ਜਿਨਾ ਧੁਰਿ ਲਿਖਿਆ ਪਰਾਪਤਿ ਹੋਇ ॥੨॥ (ਪ੍ਰਸ਼ਨ) ਇਹ ਸਰੀਰ ਔਗਣਾਂ (ਦੀ ਮੈਲ) ਨਾਲ ਭਰਿਆ ਹੋਇਆ ਹੈ, ਹੇ ਸੰਤ ਜਨੋਂ! (ਇਹ ਸਰੀਰ) ਨਿਰਮਲ ਕਿਵੇਂ ਹੋਵੇ? (ਉਤਰ) ਗੁਰੂ ਦੁਆਰਾ ਗੁਣ ਖ੍ਰੀਦੇ ਜਾਣ, (ਉਹ ਗੁਣ) ਹਉਮੈ ਦੀ ਮੈਲ ਨੂੰ ਧੋ ਕੇ ਕਢ ਦੇਣਗੇ; (ਤਾਂ ਇਸ ਤਰ੍ਹਾਂ ਮਨੁੱਖ) ਹਉਮੈ ਦੀ ਮੈਲ ਨੂੰ ਧੋ ਕੇ ਕਢ ਸਕਦਾ ਹੈ।(ਜੋ ਪੁਰਖ) ਪ੍ਰੇਮ ਨਾਲ ਸੱਚੇ ਨਾਮ ਨੂੰ ਖ੍ਰੀਦਦੇ ਹਨ, (ਉਨ੍ਹਾਂ ਦਾ) ਸੌਦਾ ਸੱਚਾ ਹੁੰਦਾ ਹੈ (ਜੋ ਸਦਾ ਨਾਲ ਨਿਭਦਾ ਹੈ।ਇਸ ਸੌਦੇ ਵਿਚ) ਘਾਟਾ ਮੂਲੋਂ ਹੀ ਨਹੀਂ ਆਉਂਦਾ, ਜੋ ਹਰੀ ਨੂੰ ਭਾਉਂਦਾ ਹੈ, ਉਹ ਹੀ ਲਾਭ ਮਿਲਦਾ ਹੈ; (ਜਿਨ੍ਹਾਂ ਨੂੰ) ਹਰੀ ਚੰਗਾ ਲਗਦਾ ਹੈ, ਉਹ ਹੀ ਲਾਹਾ ਪ੍ਰਾਪਤ ਕਰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚੇ ਨਾਮ ਨੂੰ ਉਨ੍ਹਾਂ ਨੇ ਖ੍ਰੀਦਿਆ ਹੈ, ਜਿਨ੍ਹਾਂ ਨੂੰ ਧੁਰ ਤੋਂ ਲਿਖਿਆ ਪ੍ਰਾਪਤ ਹੁੰਦਾ ਹੈ।੨।

ਪਦਾਰਥ = ਨਿਰਮਲ–ਮੈਲ ਰਹਿਤ (ਪਵਿਤ੍ਰ)।ਵੇਹਾਝੀਅਹਿ–ਖ੍ਰੀਦੇ ਜਾਣ।ਮਲੁ–ਮੈਲ।ਧੋਇ–ਧੋ ਕੇ।ਵਣੰਜਹਿ–ਖ੍ਰੀਦਦੇ ਹਨ; ਵਪਾਰ ਕਰਦੇ ਹਨ।ਰੰਗ ਸਿਉ–ਪ੍ਰੇਮ ਨਾਲ।ਤੋਟਾ–ਘਾਟਾ।ਮੂਲਿ–ਉਕਾ ਹੀ; ਬਿਲਕੁਲ।ਲਾਹਾ–ਲਾਭ।ਭਾਵੈ–ਚੰਗਾ ਲਗਦਾ ਹੈ।੨।

ਪਉੜੀ ॥ ਸਾਲਾਹੀ ਸਚੁ ਸਾਲਾਹਣਾ, ਸਚੁ ਸਚਾ ਪੁਰਖੁ ਨਿਰਾਲੇ ॥ ਸਚੁ ਸੇਵੀ ਸਚੁ ਮਨਿ ਵਸੈ, ਸਚੁ ਸਚਾ ਹਰਿ ਰਖਵਾਲੇ ॥ ਸਚੁ ਸਚਾ ਜਿਨੀ ਅਰਾਧਿਆ, ਸੇ ਜਾਇ ਰਲੇ ਸਚ ਨਾਲੇ ॥ ਸਚੁ ਸਚਾ ਜਿਨੀ ਨ ਸੇਵਿਆ, ਸੇ ਮਨਮੁਖਿ ਮੂੜ ਬੇਤਾਲੇ ॥ ਓਹ ਆਲੁ ਪਤਾਲੁ ਮੁਹਹੁ ਬੋਲਦੇ, ਜਿਉ ਪੀਤੈ ਮਦਿ ਮਤਵਾਲੇ ॥੧੯॥ (ਹੇ ਭਾਈ!) ਸਲਾਹੁਣ ਯੋਗ ਸੱਚੇ ਹਰੀ ਨੂੰ ਸਲਾਹੁਣਾ ਚਾਹੀਦਾ ਹੈ, (ਉਹ) ਸੱਚੇ ਤੋਂ ਸੱਚਾ ਪੁਰਖ ਹੈ ਤੇ ਅਦੁਤੀ ਹੈ।(ਜੋ ਪੁਰਖ) ਸੱਚੇ ਪ੍ਰਭੂ ਨੂੰ ਸਿਮਰਦੇ ਹਨ, (ਅਤੇ ਜਿਨ੍ਹਾਂ ਦੇ) ਮਨ ਵਿਚ ਸੱਚਾ ਪ੍ਰਭੂ ਵਸਦਾ ਹੈ, ਸੱਚੇ ਤੋਂ ਸੱਚਾ ਹਰੀ (ਉਨ੍ਹਾਂ ਦਾ) ਰਖਵਾਲਾ ਹੁੰਦਾ ਹੈ।ਜਿਨ੍ਹਾਂ ਪੁਰਖਾਂ ਨੇ ਸੱਚ ਸਰੂਪ ਪ੍ਰਭੂ ਨੂੰ ਅਰਾਧਿਆ ਹੈ, ਉਹ ਸੱਚੇ ਪ੍ਰਭੂ ਨਾਲ ਜਾ ਰਲੇ ਹਨ।(ਪਰ) ਜਿਨ੍ਹਾਂ ਮਨੁੱਖਾਂ ਨੇ ਸੱਚੋ ਸੱਚ ਪ੍ਰਭੂ ਨੂੰ ਨਹੀਂ ਸੇਵਿਆ, ਉਹ ਮਨਮੁਖ, ਮੂਰਖ ਤੇ ਭੂਤਨੇ ਹਨ।ਉਹ ਮੂਹੋਂ ਅਰਲ ਬਰਲ ਬੋਲਦੇ ਹਨ, ਜਿਵੇਂ ਸ਼ਰਾਬ ਪੀਤੇ ਹੋਏ ਸ਼ਰਾਬੀ (ਮਸਤ ਹੋ ਕੇ ਬਕਵਾਸ ਕਰਦੇ) ਹੁੰਦੇ ਹਨ।੧੯।

ਪਦਾਰਥ = ਸਚੁ ਸਚਾ–ਅਤਿਅੰਤ ਸੱਚਾ; ਸੱਚੇ ਤੋਂ ਸੱਚਾ।ਨਿਰਾਲੇ–ਅਦੁਤੀ (ਜਿਸ ਵਰਗਾ ਹੋਰ ਕੋਈ ਨਹੀਂ); ਅਸੰਗ; ਵੱਖਰਾ।ਸੇਵੀ–ਸੇਵਾ (ਸਿਮਰਨ) ਕਰਦੇ ਹਨ।ਰਖਵਾਲਾ–ਰਾਖਾ।ਜਿਨੀ–ਜਿਨ੍ਹਾਂ ਨੇ।ਸੇ–ਉਹ।ਮੂੜ–ਮੂਰਖ।ਬੇਤਾਲੇ–ਭੂਤ।ਆਲ ਪਤਾਲੁ–ਊਲ ਜਲੂਲ ;ਉਲਟ ਪੁਲਟ।ਮੁਹਹੁ–ਮੂੰਹ ਤੋਂ।ਪੀਤੈ–ਪੀਤੇ ਹੋਏ।ਮਦਿ–ਸ਼ਰਾਬ ਨਾਲ।ਮਤਵਾਲੇ–ਸ਼ਰਾਬੀ।੧੯।

ਸਲੋਕ ਮਃ ੩ ॥ ਗਉੜੀ ਰਾਗਿ ਸੁਲਖਣੀ, ਜੇ ਖਸਮੈ ਚਿਤਿ ਕਰੇਇ ॥ ਭਾਣੈ ਚਲੈ ਸਤਿਗੁਰੂ ਕੈ, ਐਸਾ ਸੀਗਾਰੁ ਕਰੇਇ ॥ ਸਚਾ ਸਬਦੁ ਭਤਾਰੁ ਹੈ, ਸਦਾ ਸਦਾ ਰਾਵੇਇ ॥ ਜਿਉ ਉਬਲੀ ਮਜੀਠੈ ਰੰਗੁ ਗਹਗਹਾ, ਤਿਉ ਸਚੇ ਨੋ ਜੀਉ ਦੇਇ ॥ ਰੰਗਿ ਚਲੂਲੈ ਅਤਿ ਰਤੀ, ਸਚੇ ਸਿਉ ਲਗਾ ਨੇਹੁ ॥ ਕੂੜੁ ਠਗੀ ਗੁਝੀ ਨ ਰਹੈ, ਕੂੜੁ ਮੁਲੰਮਾ ਪਲੇਟਿ ਧਰੇਹੁ ॥ ਕੂੜੀ ਕਰਨਿ ਵਡਾਈਆ, ਕੂੜੇ ਸਿਉ ਲਗਾ ਨੇਹੁ ॥ ਨਾਨਕ ਸਚਾ ਆਪਿ ਹੈ, ਆਪੇ ਨਦਰਿ ਕਰੇਇ ॥੧॥ ਗਉੜੀ ਰਾਗਣੀ ਸ਼ੁੱਭ ਲੱਖਣਾਂ ਵਾਲੀ ਤਦ ਹੈ, ਜੇ (ਗਾਉਣ ਵਾਲੀ ਜੀਵ

ਰੂਪ ਇਸਤ੍ਰੀ ਇਸ ਦੁਆਰਾ) ਮਾਲਕ ਪ੍ਰਭੂ ਨੂੰ ਅਪਣੇ ਚਿਤ ਵਿਚ ਯਾਦ ਕਰੇ ਭਾਵ ਗਉੜੀ ਰਾਗ ਵਿਚ ਕੀਰਤਨ ਕਰੇ।(ਅਤੇ ਉਹ) ਸਤਿਗੁਰੂ ਦੇ ਭਾਣੇ ਵਿਚ ਚੱਲੇ, ਇਹੋ ਜਿਹਾ ਸ਼ਿੰਗਾਰ ਕਰੇ।ਬ੍ਰਹਮ ਸੱਚਾ ਪਤੀ ਹੈ, ਸਦਾ ਸਦਾ (ਉਸ ਦੇ) ਮਿਲਾਪ ਦਾ ਅਨੰਦ ਮਾਣਦੀ ਰਹੇ; ਸਚਾ ਸ਼ਬਦ ਪਤੀ ਹੈ, ਇਸ ਨੂੰ ਸਦਾ ਭੋਗੇ ਭਾਵ ਸ਼ਬਦ ਦੇ ਰਸ ਨੂੰ ਮਾਣੇ, ਪ੍ਰੇਮ ਨਾਲ ਕਮਾਵੇ (ਸ਼ਬਦਾਰਥ)।ਉਬਲੀ ਹੋਈ ਮਜੀਠ ਦਾ ਰੰਗ ਜਿਵੇਂ ਗੂੜ੍ਹਾ ਲਾਲ ਹੁੰਦਾ ਹੈ, ਤਿਵੇਂ (ਪ੍ਰਭੂ ਦੇ ਪ੍ਰੇਮ ਵਿਚ ਰੰਗ ਕੇ ਅਪਣਾ) ਮਨ ਸੱਚੇ ਪ੍ਰਭੂ ਨੂੰ ਭੇਟ ਕਰ ਦੇਵੇ।(ਜਿਸ ਦਾ) ਸੱਚੇ ਪ੍ਰਭੂ ਨਾਲ ਪ੍ਰੇਮ ਲੱਗਾ ਹੈ, (ਉਹ ਇਸਤ੍ਰੀ ਪ੍ਰਭੂ ਦੇ) ਬਹੁਤ ਗੂੜ੍ਹੇ ਲਾਲ ਰੰਗ ਵਿਚ ਰੰਗੀ ਹੋਈ ਹੈ।ਜੇ ਕੂੜ ਨੂੰ ਸੱਚ ਦੇ ਮੁਲੰਮੇ ਵਿਚ ਲਪੇਟ ਕੇ ਧਰ ਦਿਓ, ਤਾਂ ਵੀ ਝੂਠ ਤੇ ਠੱਗੀ ਲੁਕੀ ਨਹੀਂ ਰਹਿ ਸਕਦੀ (ਝੂਠ ਆਖਰ ਪ੍ਰਗਟ ਹੋ ਹੀ ਜਾਂਦਾ ਹੈ।ਜੋ ਲੋਕ) ਝੂਠੀਆਂ ਵਡਿਆਈਆਂ ਕਰਦੇ ਹਨ (ਹਰੀ ਦਾ ਜਸ ਸੱਚੇ ਮਨੋਂ ਨਹੀਂ ਕਰਦੇ, ਉਨ੍ਹਾਂ ਦਾ) ਝੂਠ ਨਾਲ ਪ੍ਰੇਮ ਲੱਗਾ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਆਪ ਸੱਚਾ ਹੈ ਤੇ ਆਪੇ ਹੀ ਮੇਹਰ ਦੀ ਨਜਰ ਕਰਦਾ ਹੈ (ਤਾਂ ਸੱਚਾ ਪ੍ਰੇਮ ਪ੍ਰਾਪਤ ਹੁੰਦਾ ਹੈ)।੧।

ਪਦਾਰਥ = ਸੁਲਖਣੀ–ਚੰਗੇ ਲੱਛਣਾਂ ਵਾਲਾ; ਭਾਗਵਾਨ।ਖਸਮੈ–ਮਾਲਕ ਪ੍ਰਭੂ ਨੂੰ।ਭਤਾਰੁ–ਪਤੀ।ਰਾਵੇਇ–ਭੋਗੇ; ਅਨੰਦ ਮਾਣੇ।ਉਬਲੀ –ਉਬਲੀ ਹੋਈ।ਮਜੀਠੈ–ਮਜੀਠ ਦਾ।ਗਹਗਹਾ–ਗੂੜ੍ਹਾ।ਜੀਉ–ਜਿੰਦ; ਮਨ।ਚਲੂਲੈ–ਲਾਲ ਰੰਗ।ਅਤਿ–ਬਹੁਤ।ਰਤੀ–ਰੰਗੀ ਹੈ।ਸਿਉ –ਨਾਲ।ਨੇਹੁ–ਪ੍ਰੇਮ।ਗੁਝੀ–ਲੁਕੀ ਛਿਪੀ।ਮੁਲੰਮਾ–ਚਮਕੀਲੀ ਝਾਲ (ਬਨਾਵਟੀ ਗਹਿਣੇ ਉਤੇ ਕੀਤੀ ਚਮਕੀਲੀ ਪਾਲਸ਼ ਕਾਰਣ ਸੋਨੇ ਦੇ ਉਹ ਪ੍ਰਤੀਤ ਹੋਣ)।ਪਲੇਟਿ–ਲਪੇਟ ਕੇ; ਪਾਲਿਸ਼ ਕਰਕੇ (ਕੂੜ ਨੂੰ ਸੱਚ ਬਣਾ ਕੇ ਪੇਸ਼ ਕਰਨਾ)।ਨਦਰਿ–ਨਜਰ (ਮੇਹਰ ਦੀ)।੧।

ਵਿਆਖਿਆ = ਕਿਸੇ ਗਵੱਈਏ ਨੇ ਗੁਰੂ ਅਮਰਦਾਸ ਜੀ ਕੋਲ ਆਕੇ ਗਉੜੀ ਰਾਗ ਗਾਇਆ, ਤਾਂ ਸੰਗਤ ਨੇ ਗਵੱਈਏ ਦੀ ਬੜੀ ਵਾਹ ਵਾਹ ਕੀਤੀ।ਗੁਰੂ ਜੀ ਆਖਦੇ ਹਨ ਕਿ ਗਉੜੀ ਰਾਗਣੀ ਤਾਂ ਸੋਹਣੀ ਹੈ ਜੇ ਇਸ ਰਾਗ ਵਿਚ ਵਾਹਿਗੁਰੂ ਨਾਲ ਚਿਤ ਜੋੜਨ ਵਾਲੀ ਬਾਣੀ ਗਾਈ ਜਾਵੇ।ਗੁਰੂ ਦਾ ਹੁਕਮ ਮੰਨਣ ਰੂਪ ਸ਼ਿੰਗਾਰ ਕਰੇ, ਮਨ ਦੀ ਰੁਚੀ ਮਗਰ ਲਗ ਕੇ ਸੰਸਾਰਕ ਗੀਤ ਨਾ ਗਾਵੇ।ਗੁਰੂ ਦੀ ਮੱਤ ਧਾਰਣ ਕਰਕੇ ਕੀਰਤਨ ਕਰੇ।ਜਿਵੇਂ ਉਬਲੀ ਮਜੀਠ ਦਾ ਰੰਗ ਗੂੜ੍ਹਾ ਲਾਲ ਹੋ ਨਿਕਲਦਾ ਹੈ, ਇਸੇ ਤਰ੍ਹਾਂ ਨਾਮ ਸਿਮਰਨ ਵਿਚ ਰੰਗਿਆ ਮਨ ਵਾਹਿਗੁਰੂ ਦੇ ਮਿਲਾਪ ਦਾ ਅਨੰਦ ਮਾਣਦਾ ਹੈ।ਪਰ ਝੂਠੇ ਮਨ ਨਾਲ ਗਾਏ ਦਾ ਝੂਠ ਜਗ ਜਾਹਰ ਹੋ ਜਾਂਦਾ ਹੈ।

ਮਃ ੪ ॥ ਸਤਸੰਗਤਿ ਮਹਿ ਹਰਿ ਉਸਤਤਿ ਹੈ, ਸੰਗਿ ਸਾਧੂ ਮਿਲੇ ਪਿਆਰਿਆ ॥ ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ, ਉਪਦੇਸੁ ਕਰਹਿ ਪਰਉਪਕਾਰਿਆ ॥ ਹਰਿ ਨਾਮੁ ਦ੍ਰਿੜਵਾਹਿ ਹਰਿ ਨਾਮੁ ਸੁਣਾਵਹਿ, ਹਰਿ ਨਾਮੇ ਜਗੁ ਨਿਸਤਾਰਿਆ ॥ ਗੁਰੁ ਵੇਖਣ ਕਉ ਸਭੁ ਕੋਈ ਲੋਚੈ, ਨਵ ਖੰਡ ਜਗਤਿ ਨਮਸਕਾਰਿਆ ॥ ਤੁਧੁ ਆਪੇ ਆਪੁ ਰਖਿਆ ਸਤਿਗੁਰ ਵਿਚ, ਗੁਰੁ ਆਪੇ ਤੁਧੁ ਸਵਾਰਿਆ ॥ ਤੂ ਆਪੇ ਪੂਜਹਿ ਪੂਜ ਕਰਾਵਹਿ, ਸਤਿਗੁਰ ਕਉ ਸਿਰਜਣਹਾਰਿਆ ॥ ਹੇ ਪਿਆਰਿਆ! ਸਾਧੂ (ਗੁਰੂ) ਦੀ ਸੰਗਤ ਵਿਚ ਹਰੀ ਮਿਲਦਾ ਹੈ (ਕਿਉਂਕਿ) ਸਤਸੰਗਤ ਵਿਚ ਹਰੀ ਦੀ ਉਸਤਤੀ ਹੁੰਦੀ ਹੈ।ਉਹ ਪ੍ਰਾਣੀ, ਮਹਾਂ ਪੁਰਖ ਤੇ ਭਗਤ ਜਨ ਧੰਨਤਾ ਦੇ ਯੋਗ ਹਨ, ਜੋ ਪਰਾਏ ਦੇ ਭਲੇ ਲਈ (ਵਾਹਿਗੁਰੂ ਦੀ ਉਸਤਤੀ ਕਰਨ ਦਾ) ਉਪਦੇਸ਼ ਦੇਣਾ ਕਰਦੇ ਹਨ।(ਉਹ ਲੋਕਾਂ ਨੂੰ) ਹਰੀ ਦਾ ਨਾਮ ਦ੍ਰਿੜ ਕਰਾਉਂਦੇ ਹਨ, ਹਰੀ ਦਾ ਨਾਮ ਸੁਣਾਉਂਦੇ ਹਨ ਅਤੇ (ਉਨ੍ਹਾਂ ਨੇ) ਜਗਤ ਨੂੰ ਹਰੀ ਦੇ ਨਾਮ ਵਿਚ ਲਗਾ ਕੇ (ਭਵਜਲ ਤੋਂ) ਤਾਰ ਦਿਤਾ ਹੈ।ਗੁਰੂ ਨੂੰ ਦੇਖਣ ਲਈ ਸਭ ਕੋਈ ਲੋਚਦਾ ਹੈ, (ਗੁਰੂ ਨੂੰ) ਨੌਂ ਖੰਡਾਂ ਵਾਲੇ ਜਗਤ ਨੇ ਨਮਸ਼ਕਾਰ ਕੀਤੀ ਹੈ।(ਹੇ ਵਾਹਿਗੁਰੂ!) ਤੂੰ ਆਪਣੇ ਆਪ ਨੂੰ ਸਤਿਗੁਰੂ ਵਿਚ ਰੱਖਿਆ ਹੋਇਆ ਹੈ ਤੇ ਗੁਰੂ ਨੂੰ ਤੂੰ ਆਪੇ ਸਵਾਰਿਆ ਹੈ।ਸਤਿਗੁਰੂ ਨੂੰ ਪੈਦਾ ਕਰਨ ਵਾਲੇ ਹੇ ਹਰੀ! ਤੂੰ ਆਪੇ (ਸੇਵਕ ਰੂਪ ਹੋ ਕੇ ਸਤਿਗੁਰੂ ਨੂੰ) ਪੂਜਦਾ ਹੈਂ, (ਆਪੇ ਸਤਿਗੁਰੂ ਰੂਪ ਹੋ ਕੇ) ਪੂਜਾ ਕਰਾਉਂਦਾ ਹੈਂ।

ਅੰਗ ੩੧੨ = ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ,ਤਿਸੁ ਕਾਲਾ ਮੁਹੁ ਜਮਿ ਮਾਰਿਆ ॥ ਤਿਸੁ ਅਗੈ ਪਿਛੈ ਢੋਈ ਨਾਹੀ, ਗੁਰਸਿਖੀ ਮਨਿ ਵੀਚਾਰਿਆ ॥ ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ, ਜਿਨ ਹਿਰਦੈ ਨਾਮੁ ਸਮਾਰਿਆ ॥ ਜਨ ਨਾਨਕ ਕੇ ਗੁਰਸਿਖ ਪੁਤ ਹਹੁ ,ਹਰਿ ਜਪਿਅਹੁ ਹਰਿ ਨਿਸਤਾਰਿਆ ॥੨॥ (ਜੇ) ਕੋਈ ਮਨੁੱਖ ਸਤਿਗੁਰੂ ਪਾਸੋਂ ਵਿਛੜ (ਬੇਮੁਖ ਹੋ) ਜਾਵੇ, ਉਸ ਦਾ ਮੂੰਹ ਕਾਲਾ ਹੈ (ਉਹ ਭੈੜਾ ਬਦਸ਼ਕਲ ਮਨੁੱਖ ਹੈ, ਤੇ ਉਸ ਨੂੰ) ਜਮਾਂ ਨੇ ਵੀ ਮਾਰਿਆ ਹੈ।ਗੁਰਸਿੱਖਾਂ ਨੇ ਮਨ ਵਿਚ ਵਿਚਾਰ ਕੀਤੀ ਹੈ ਕਿ ਉਸ ਮਨੁੱਖ ਨੂੰ ਲੋਕ ਪ੍ਰਲੋਕ ਵਿਚ ਕਿਤੇ ਢੋਈ ਨਹੀਂ ਮਿਲਦੀ।ਜਿਨ੍ਹਾਂ ਪੁਰਖਾਂ ਨੇ ਸਤਿਗੁਰੂ ਨੂੰ ਮਿਲ ਕੇ ਹਿਰਦੇ ਵਿਚ ਨਾਮ ਨੂੰ ਸਿਮਰਿਆ ਹੈ, ਉਹ ਹੀ (ਸੰਸਾਰ ਸਾਗਰ ਤੋਂ) ਤਰੇ ਹਨ।(ਹੇ ਭਾਈ! ਤੁਸੀਂ ਸਾਰੇ) ਦਾਸ ਨਾਨਕ ਦੇ ਪੁਤ੍ਰ ਤੇ ਸਿੱਖ ਹੋ, (ਤੁਸੀਂ) ਹਰੀ ਦਾ ਨਾਮ ਜਪਿਓ, (ਜਿਨ੍ਹਾਂ ਨੇ ਜਪਿਆ ਹੈ, ਉਨ੍ਹਾਂ ਨੂੰ ਭਵਜਲ ਤੋਂ) ਹਰੀ ਨੇ ਤਾਰ ਦਿਤਾ ਹੈ।੨।

www.gurugranthvakhyaan.org

ਪਦਾਰਥ = ਮਹਿ–ਵਿਚ। ਪਰਉਪਕਾਰਿਆ–ਪਰਾਇਆਂ ਦਾ ਭਲਾ। ਦ੍ਰਿੜਾਵਹਿ–ਦਿਲ ਵਿਚ ਚੰਗੀ ਤਰ੍ਹਾਂ ਬਿਠਾ ਦੇਂਦੇ ਹਨ। ਨਿਸਤਾਰਿਆ –ਤਾਰ ਦਿਤਾ। ਲੋਚੈ–ਚਾਹੁੰਦਾ ਹੈ। ਤੁਧੁ–ਤੂੰ। ਸਵਾਰਿਆ–ਸ਼ਿੰਗਾਰਿਆ; ਪੈਦਾ ਕੀਤਾ। ਅਗੈ–ਪ੍ਰਲੋਕ ਵਿਚ। ਪਿਛੈ–ਇਸ ਲੋਕ ਵਿਚ। ਢੋਈ –ਆਸਾਰਾ; ਟਿਕਾਣਾ। ਸੇਈ–ਉਹ ਹੀ। ਉਬਰੇ–ਤਰ ਗਏ ਹਨ। ਸਮਾਰਿਆ। ਸਿਮਰਿਆ ਹੈ; ਸੰਭਾਲਿਆ ਹੈ।੨।

ਗੁਰਸਿਖ ਪੁਤਹਹੁ = ਦਾਸ ਨਾਨਕ ਦੇ ਹੇ ਗੁਰਸਿਖ ਪੁੱਤੋ ! (ਸ਼ਬਦਾਰਥ; ਦਰਪਣ)। ਬਾਕੀ ਅਰਥ ਉਹ ਹੀ ਹਨ।

ਮਹਲਾ ੩ ॥ ਹਉਮੈ ਜਗਤੁ ਭੁਲਾਇਆ, ਦੁਰਮਤਿ ਬਿਖਿਆ ਬਿਕਾਰ ॥ ਸਤਿਗੁਰੁ ਮਿਲੈ ਤ ਨਦਰਿ ਹੋਇ, ਮਨਮੁਖ ਅੰਧ ਅੰਧਿਆਰ ॥ ਨਾਨਕ ਆਪੇ ਮੇਲਿ ਲਏ, ਜਿਸ ਨੋ ਸਬਦਿ ਲਾਏ ਪਿਆਰੁ ॥੩॥ (ਹੇ ਭਾਈ !) ਹਉਮੈ ਨੇ ਜਗਤ ਨੂੰ (ਰੱਬ ਤੋਂ) ਭੁਲਾਇਆ ਹੋਇਆ ਹੈ, (ਕਿਉਂਕਿ ਜਗਤ) ਖੋਟੀ ਮੱਤ ਕਰਕੇ ਵਿਸ਼ਿਆਂ ਵਿਕਾਰਾਂ ਵਿਚ ਲੱਗਾ ਹੋਇਆ ਹੈ। (ਜੇ ਇਸ ਨੂੰ) ਸਤਿਗੁਰੂ ਮਿਲ ਪਵੇ ਤਾਂ (ਇਸ ਤੇ ਗੁਰੂ ਦੀ) ਕ੍ਰਿਪਾ ਦ੍ਰਿਸਟੀ ਹੋ ਜਾਵੇ, (ਪਰ ਜਗਤ ਤਾਂ) ਮਨਮੁਖ ਹੈ, (ਇਸ ਦੇ) ਅੰਦਰ ਘੁੱਪ ਹਨ੍ਹੇਰਾ ਹੈ; ਮਨਮੁਖ ਜਗਤ ਅਗਿਆਨ ਦੇ ਹਨ੍ਹੇਰੇ ਕਰਕੇ ਅੰਨ੍ਹਾ ਹੈ, (ਰੱਬ ਨੂੰ ਦੇਖਣ ਦੀ ਨਿਗ੍ਹਾ ਨਹੀਂ), ਜੇ ਗੁਰੂ ਨੂੰ ਮਿਲ ਪਵੇ ਤਾਂ ਨਜਰ ਪ੍ਰਾਪਤ ਹੋਵੇ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਸਬਦਿ ਵਿਚ ਪਿਆਰਾ ਲਗਾ ਦੇਂਦਾ ਹੈ, (ਉਸ ਨੂੰ ਪ੍ਰਭੂ ਅਪਣੇ ਨਾਲ) ਆਪੇ ਮਿਲਾ ਲੈਂਦਾ ਹੈ।੩।

ਪਦਾਰਥ = ਦੁਰਮਤਿ-ਖੋਟੀ ਬੁੱਧੀ; ਬੇਸਮਝ। ਬਿਖਿਆ–ਵਿਸ਼ੇ; ਮਾਇਆ। ਬਿਕਾਰ–ਕਾਮ ਆਦਿਕ ਵਿਕਾਰ। ਨਦਰਿ–ਨਿਗ੍ਹਾ; ਮੇਹਰ ਦੀ ਨਜਰ। ਅੰਧ ਅੰਧਿਆਰ–ਘੁੱਪ ਹਨ੍ਹੇਰਾ; ਅੰਨ੍ਹਾ ਤੇ ਅਗਿਆਨਤਾ ਦਾ ਹਨ੍ਹੇਰਾ।੩।

ਪਉੜੀ ॥ ਸਚੁ ਸਚੇ ਕੀ ਸਿਫਤਿ ਸਲਾਹ ਹੈ, ਸੋ ਕਰੇ ਜਿਸੁ ਅੰਦਰੁ ਭਿਜੈ ॥ ਜਿਨੀ ਇਕ ਮਨਿ ਇਕੁ ਅਰਾਧਿਆ, ਤਿਨ ਕਾ ਕੰਧੁ ਨ ਕਬਹੂ ਛਿਜੈ ॥ ਧਨੁ ਧਨੁ ਪੁਰਖੁ ਸਾਬਾਸਿ ਹੈ, ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥ ਸਚੁ ਸਚਾ ਜਿਨ ਮਨਿ ਭਾਵਦਾ, ਸੇ ਮਨਿ ਸਚੀ ਦਰਗਹ ਲਿਜੈ ॥ ਧਨੁ ਧੰਨੁ ਜਨਮੁ ਸਚਿਆਰੀਆ, ਮੁਖ ਉਜਲ ਸਚੁ ਕਰਿਜੈ ॥੨੦॥ (ਹੇ ਭਾਈ !) ਸੱਚੇ ਵਾਹਿਗੁਰੂ ਦੀ ਸਿਫਤ ਸਲਾਹ ਸੱਚ ਰੂਪ ਹੈ, (ਪਰ ਸਿਫਤ) ਉਹ ਪੁਰਖ ਕਰਦਾ ਹੈ, ਜਿਸ ਦਾ ਹਿਰਦਾ (ਪ੍ਰੇਮ ਰਸ ਨਾਲ) ਭਿੱਜਿਆ ਹੁੰਦਾ ਹੈ। ਜਿਨ੍ਹਾਂ (ਪੁਰਖਾਂ) ਨੇ ਇਕ ਮਨ ਹੋ ਕੇ ਇਕ ਪ੍ਰਭੂ ਨੂੰ ਅਰਾਧਿਆ ਹੈ, ਉਨ੍ਹਾਂ ਦਾ ਸਰੀਰ ਕਦੇ ਨਾਸ਼ (ਵਿਕਾਰਾਂ ਵਿਚ ਪੈ ਕੇ ਕਮਜੋਰ) ਨਹੀਂ ਹੁੰਦਾ। ਉਹ ਪੁਰਖ (ਮਨ ਤੇ ਤਨ ਕਰਕੇ) ਧੰਨਤਾ ਦੇ ਯੋਗ ਹਨ (ਤੇ ਉਨ੍ਹਾਂ ਨੂੰ) ਸ਼ਾਬਾਸ਼ ਹੈ, ਜਿਨ੍ਹਾਂ ਦੀ ਰਸਨਾ ਸੱਚਾ ਨਾਮ ਰੂਪ ਅੰਮ੍ਰਿਤ ਪੀਂਦੀ ਹੈ। ਜਿਨ੍ਹਾਂ ਪੁਰਖਾਂ ਦੇ ਮਨ ਵਿਚ ਸੱਚਮੁੱਚ ਵਾਹਿਗੁਰੂ ਚੰਗਾ ਲਗਦਾ ਹੈ, ਉਹ ਸੱਚੀ ਦਰਗਾਹ ਵਿਚ ਮੰਨ ਲਏ ਜਾਂਦੇ ਹਨ (ਆਦਰ ਪਾਉਂਦੇ ਹਨ) । ਸਚਿਆਰ ਪੁਰਖਾਂ ਦਾ ਜਨਮ ਧੰਨ ਧੰਨ ਹੈ, (ਕਿਉਂਕਿ ਉਨ੍ਹਾਂ ਦੇ) ਮੂੰਹ ਸੱਚੇ ਵਾਹਿਗੁਰੂ ਵੱਲੋਂ ਉਜਲ ਕੀਤੇ ਜਾਂਦੇ ਹਨ।੨੦।

ਪਦਾਰਥ = ਸਚੇ ਕੀ–ਸੱਚੇ ਵਾਹਿਗੁਰੂ ਦੀ। ਸੋ–ਉਹ। ਅੰਦਰੁ–ਹਿਰਦਾ। ਭਿਜੈ–(ਪ੍ਰੇਮ ਰਸ ਨਾਲ) ਭਿੱਜਿਆ ਹੋਵੇ; ਦ੍ਰਵੀਭੂਤ। ਇਕ ਮਨਿ –ਇਕਾਗਰ ਮਨ ਨਾਲ। ਇਕੁ–ਇਕ ਵਾਹਿਗੁਰੂ ਨੂੰ। ਤਿਨ ਕਾ–ਉਨ੍ਹਾਂ ਦਾ। ਕੰਧੁ–ਸਰੀਰ। ਨ ਛਿਜੈ–ਟੁੱਟਦਾ ਨਹੀਂ (ਕਮਜੋਰ ਨਹੀਂ ਹੁੰਦਾ) ;ਨਿਸਫਲ ਨਹੀਂ ਹੁੰਦਾ। ਰਸਨਾ–ਜੀਭ। ਪਿਜੈ–ਪੀਂਦੇ ਹਨ। ਭਾਵਦਾ–ਚੰਗਾ ਲਗਦਾ ਹੈ। ਸੇ–ਓਹ। ਮਨਿ ਲਿਜੈ–ਮੰਨ ਲਏ ਜਾਂਦੇ ਹਨ। ਕਰਿਜੈ–(ਸੱਚਾ ਨਾਮ ਜਪ ਕੇ ਮੁਖ ਉਜਲਾ) ਕਰਦੇ ਹਨ (ਸੰ.ਸ.; ਸੰ.ਪੋ.; ਟਕਸਾਲ)। ਸਚਿਆਰੀਆ–ਸਚਿਆਰ ਪੁਰਖਾਂ ਦਾ।੨੦।

ਸਲੋਕ ਮਃ ੪ ॥ ਸਾਕਤ ਜਾਇ ਨਿਵਹਿ ਗੁਰ ਆਗੈ, ਮਨਿ ਖੋਟੇ ਕੂੜਿ ਕੂੜਿਆਰੇ ॥ ਜਾ ਗੁਰੁ ਕਹੈ ਉਠਹੁ ਮੇਰੇ ਭਾਈ, ਬਹਿ ਜਾਹਿ ਘੁਸਰਿ ਬਗੁਲਾਰੇ ॥ ਗੁਰਸਿਖਾ ਅੰਦਰਿ ਸਤਿਗੁਰੁ ਵਰਤੈ, ਚੁਣਿ ਕਢੇ ਲਧੋਵਾਰੇ ॥ ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ, ਨ ਰਲਨੀ ਖੋਟੇਆਰੇ ॥ ਓਨਾ ਦਾ ਭਖੁ ਸੁ ਓਥੈ ਨਾਹੀ, ਜਾਇ ਕੂੜੁ ਲਹਨਿ ਭੇਡਾਰੇ ॥ ਜੇ ਸਾਕਤੁ ਨਰੁ ਖਾਵਾਈਐ ਲੋਚੀਐ, ਬਿਖੁ ਕਢੈ ਮੁਖਿ ਉਗਲਾਰੇ ॥ ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ,ਓਇ ਮਾਰੇ ਸਿਰਜਣਹਾਰੇ ॥ ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ, ਜਨ ਨਾਨਕ ਨਾਮੁ ਸਮਾਰੇ ॥੧॥ ਸਾਕਤ ਮਨੁੱਖ (ਅਪਣੇ ਮਤਲਬ ਲਈ) ਗੁਰੂ ਅੱਗੇ ਜਾ ਕੇ ਨਿਉਂਦੇ ਹਨ, (ਪਰ ਉਹ) ਮਨ ਕਰਕੇ ਖੋਟੇ ਹੁੰਦੇ ਹਨ ਅਤੇ ਝੂਠ ਵਿਚ ਰਚੇ ਹੋਣ ਕਰਕੇ ਝੂਠੇ ਹੀ ਰਹਿੰਦੇ ਹਨ। ਜਦ ਗੁਰੂ (ਉਨ੍ਹਾਂ ਸਾਕਤਾਂ ਨੂੰ) ਕਹਿੰਦਾ ਹੈ ਕਿ ਹੇ ਮੇਰੇ ਭਰਾਵੋ ! (ਸੇਵਾ ਕਰਨ ਲਈ) ਉਠੋ, ਤਾਂ ਬਗਲੇ ਵਰਗੇ (ਉਹ ਸਾਕਤ ਸੰਗਤ ਵਿਚ) ਲੁਕ ਕੇ ਬੈਠ ਜਾਂਦੇ ਹਨ (ਉਹ ਸੇਵਾ ਨਹੀਂ ਕਰਦੇ)। ਗੁਰੂ ਦੇ ਸਿੱਖਾਂ ਅੰਦਰ ਸਤਿਗੁਰੂ ਵਰਤਦਾ ਹੈ (ਇਸ ਲਈ ਉਨ੍ਹਾਂ ਨੂੰ ਧੋਖਾ ਕੋਈ ਨਹੀਂ ਦੇ ਸਕਦਾ), ਲੱਭਣ ਵਾਲੇ (ਗੁਰਸਿੱਖ ਲੁਕੇ ਹੋਏ ਸਾਕਤਾਂ ਨੂੰ) ਚੁਣ ਕੇ ਵੱਖ ਕੱਢ (ਸੰਗਤ ਵਿਚ ਬੈਠਿਆਂ ਨੂੰ ਪਛਾਣ) ਲੈਂਦੇ ਹਨ। ਉਹ (ਸਾਕਤ) ਅੱਗੇ ਪਿੱਛੇ ਬੈਠ ਕੇ ਮੂੰਹ ਛੁਪਾਉਂਦੇ ਹਨ; ਲੰਗਰ ਛਕਣ ਵੇਲੇ ਅੱਗੇ ਹੁੰਦੇ ਹਨ ਤੇ ਸੇਵਾ ਵੇਲੇ ਪਿੱਛੇ ਬੈਠ ਕੇ ਮੂੰਹ ਛੁਪਾ ਲੈਂਦੇ ਹਨ (ਸੰ:ਸ.; ਫ.ਸ. ,ਪਰ ਗੁਰਸਿੱਖਾਂ ਵਿਚ ਉਹ) ਖੋਟੇ ਬੰਦੇ ਰਲ ਨਹੀਂ ਸਕਦੇ। ਉਨ੍ਹਾਂ ਦਾ ਖਾਣਾ (ਕੂੜ ਹੈ), ਉਹ ਉਥੇ (ਗੁਰਸਿੱਖਾਂ ਦੀ ਸੰਗਤ ਵਿਚ) ਨਹੀਂ ਹੈ, (ਜਿਵੇਂ) ਭੇਡਾਂ ਗੰਦਗੀ ਉਪਰ ਜਾ ਪੈਂਦੀਆਂ

All Rights Reserved by Harjinder Singh Gyani | www.GuruGranthVakhyaan.org

ਹਨ, (ਤਿਵੇਂ ਸਾਕਤ) ਕੂੜ ਨੂੰ ਲੱਭ ਲੈਂਦੇ ਹਨ। ਜੇ ਸਾਕਤ ਪੁਰਖ ਨੂੰ (ਨਾਮ ਰੂਪ ਪਦਾਰਥ) ਖਵਾਉਣਾ ਚਾਹੀਏ, (ਫਿਰ ਵੀ ਉਹ ਅਪਣੇ) ਮੂੰਹ ਤੋਂ ਬਿਖ ਹੀ ਉਗਲ ਕੇ ਕੱਢਦਾ ਹੈ; ਜੇ ਦੁਸ਼ਟ ਪੁਰਖਾਂ ਨੂੰ ਚੰਗਾ ਪਦਾਰਥ ਖਵਾਈਏ ਤੇ ਚਾਹੀਏ ਕਿ ਚੰਗੇ ਰਸਤੇ ਲੱਗ ਜਾਣ, ਤਾਂ ਵੀ ਉਹ ਮੂੰਹੋਂ ਜਹਿਰ ਰੂਪ ਬਚਨ ਉਗਲ ਕੇ ਕੱਢਦੇ ਹਨ (ਕੂੜ ਰੂਪ ਜਹਿਰ ਖਾਂਦੇ ਹਨ, ਉਹ ਹੀ ਉਗਲ ਕੇ ਬਾਹਰ ਕਢਦੇ ਹਨ)। ਹਰੀ ਤੋਂ ਬੇਮੁੱਖ ਹੋਏ ਸਾਕਤਾਂ ਨਾਲ ਮੇਲ ਜੋਲ ਨਾ ਕਰਨਾ; ਹੇ ਹਰੀ! ਸਾਕਤਾਂ ਨਾਲ ਸਾਡਾ ਮੇਲ ਨਾ ਕਰਾਇਓ (ਟਕਸਾਲ), ਉਹ (ਆਤਮਕ ਜੀਵਨ ਵਲੋਂ) ਸਿਰਜਨਹਾਰ ਦੇ ਮਾਰੇ ਹੋਏ ਹੁੰਦੇ ਹਨ; ਫਿਟਕਾਰੇ ਹੋਏ ਹਨ। ਜਿਸ ਪ੍ਰਭੂ ਦਾ ਇਹ ਜਗਤ ਰੂਪ ਖੇਲ ਹੈ, ਉਹ ਹੀ (ਇਸ ਖੇਲ ਨੂੰ) ਪੈਦਾ ਕਰਕੇ ਦੇਖਦਾ ਹੈ, ਦਾਸ ਨਾਨਕ (ਤਾਂ ਸਿਰਜਨਹਾਰ ਦਾ) ਨਾਮ ਸਿਮਰਦਾ ਹੈ।੧।

ਪਦਾਰਥ = ਸਾਕਤ–ਰੱਬ ਤੋਂ ਟੁੱਟਿਆ ਮਨੁੱਖ (ਸ਼ਕਤੀ ਦਾ ਉਪਾਸ਼ਕ)। ਨਿਵਹਿ–ਨਿੰਵਦੇ (ਝੁਕਦੇ) ਹਨ। ਜਾ–ਜਦ। ਬਹਿ ਜਾਹਿ–ਬੈਠ ਜਾਂਦੇ ਹਨ। ਘੁਸਰਿ–ਘੁਸੜ (ਲੁਕ) ਕੇ। ਬਗੁਲਾਰੇ–ਬਗਲੇ ਵਰਗੇ (ਬਗਲੇ ਦੀ ਬਿਰਤੀ ਵਾਲੇ ਮਨੁੱਖ)। ਲਧੋਵਾਰੇ–ਅਵਾਰਾਗਰਦ (ਮ.ਕੋ.) ;ਲੱਭਣ ਵਾਲੇ। ਨ ਰਲਨੀ–ਨਹੀਂ ਰਲਦੇ। ਖੋਟੇਆਰੇ–ਖੋਟੇ ਬੰਦੇ। ਭਖੁ–ਖੁਰਾਕ। ਲਹਨਿ–ਲੱਭਦੇ; ਪ੍ਰਾਪਤ ਕਰਦੇ ਹਨ। ਭੇਡਾਰੇ–ਭੇਡਾਂ ਵਾਂਗ । ਖਾਵਾਈਐ–ਖੁਆਉਣਾ। ਲੋਚੀਐ–ਚਾਹੀਏ। ਬਿਖੁ–ਜਹਿਰ। ਮੁਖਿ–ਮੂਹੋਂ। ਉਗਲਾਰੇ–ਉਗਲ ਕੇ (ਉਲਟੀ ਕਰਕੇ); ਉਗਾਲੀ ਕਰਕੇ। ਸੇਤੀ–ਨਾਲ। ਸੰਗੁ–ਮੇਲ। ਸੋਈ–ਉਹ ਹੀ। ਸਮਾਰੇ–ਸਿਮਰਦਾ ਹੈ।੧।

ਮਃ ੪ ॥ ਸਤਿਗੁਰੁ ਪੁਰਖੁ ਅਗੰਮੁ ਹੈ, ਜਿਸੁ ਅੰਦਰਿ ਹਰਿ ਉਰਿ ਧਾਰਿਆ ॥ ਸਤਿਗੁਰੂ ਨੋ ਅਪੜਿ ਕੋਇ ਨ ਸਕਈ, ਜਿਸੁ ਵਲਿ ਸਿਰਜਣਹਾਰਿਆ ॥ ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ, ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥ ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ, ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥ ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ, ਸੋ ਆਪਿ ਉਪਾਵਣਹਾਰੈ ਮਾਰਿਆ ॥ ਏਹ ਗਲ ਹੋਵੈ ਹਰਿ ਦਰਗਹ ਸਚੇ ਕੀ, ਜਨ ਨਾਨਕ ਅਗਮੁ ਵੀਚਾਰਿਆ ॥੨॥ (ਸਾਕਤ ਲੋਕ ਗੁਰੂ ਜੀ ਦਾ ਕੋਈ ਨੁਕਸਾਨ ਤਾਂ ਨਹੀਂ ਕਰ ਸਕਦੇ? ਉਤਰ =) ਸਤਿਗੁਰੂ ਪੁਰਖ (ਮਨੁੱਖ ਦੀ) ਪਹੁੰਚ ਤੋਂ ਪਰੇ ਹੈ, ਜਿਸ ਨੇ (ਅਪਣੇ) ਹਿਰਦੇ ਅੰਦਰ ਹਰੀ ਨੂੰ ਟਿਕਾ ਕੇ ਰੱਖਿਆ ਹੈ। ਜਿਸ ਵੱਲ ਸਿਰਜਨਹਾਰ ਪ੍ਰਭੂ ਹੈ, (ਉਸ) ਸਤਿਗੁਰੂ ਨੂੰ (ਦੁਖ ਦੇਣ ਲਈ ਉਸ ਤੱਕ) ਕੋਈ ਨਹੀ ਪਹੁੰਚ ਸਕਦਾ। ਹਰੀ ਦੀ ਭਗਤੀ ਸਤਿਗੁਰੂ ਦਾ ਖੰਡਾ ਤੇ ਸੰਜੋਅ ਹੈ, ਜਿਸ ਨਾਲ ਕਾਲ ਰੂਪ ਬੈਰੀ ਨੂੰ ਮਾਰ ਕੇ ਦੂਰ ਕਰ ਦਿਤਾ ਹੈ। ਸਤਿਗੁਰੂ ਦੀ ਰੱਖਿਆ ਕਰਨ ਵਾਲਾ ਹਰੀ ਆਪ ਹੈ, ਸਤਿਗੁਰੂ ਦੇ ਪਿੱਛੇ (ਲੱਗਣ ਵਾਲੇ ਆਗਿਆਕਾਰੀ) ਸਭ ਸਿੱਖਾਂ ਨੂੰ ਹਰੀ ਨੇ ਬਚਾ ਲਿਆ ਹੈ। ਜੋ (ਸਾਕਤ ਮਨੁੱਖ) ਪੂਰੇ ਸਤਿਗੁਰੂ ਦਾ ਮੰਦਾ ਚਿਤਵਦਾ ਹੈ, ਉਸ ਨੂੰ ਪੈਦਾ ਕਰਨ ਵਾਲੇ ਹਰੀ ਨੇ ਆਪ ਮਾਰ ਦਿਤਾ ਹੈ। ਇਹ (ਨਿਆਂ ਵਾਲੀ) ਗੱਲ ਸਚੇ ਹਰੀ ਦੀ ਦਰਗਾਹ ਵਿਚ ਹੁੰਦੀ ਹੈ, ਦਾਸ ਨਾਨਕ ਨੇ ਭਵਿਖਤ ਗੱਲ ਨੂੰ ਵਿਚਾਰਿਆ ਹੈ; ਜਿਨ੍ਹਾਂ ਗੱਲਾਂ ਦੇ ਜਾਨਣ ਦੀ ਹਰ ਕਿਸੇ ਦੀ ਪਹੁੰਚ ਨਹੀਂ, ਉਹ ਗੱਲ ਵਿਚਾਰ ਕੇ ਦੱਸੀ ਹੈ (ਸੰ.ਪੋ.)।੨।

ਪਦਾਰਥ = ਅਗੰਮੁ–ਪਹੁੰਚ ਤੋਂ ਪਰੇ। ਅੰਦਰਿ ਉਰਿ–ਹਿਰਦੇ ਅੰਦਰ। ਧਾਰਿਆ–ਧਾਰਣ ਕੀਤਾ ਹੈ। ਨੋ–ਨੂੰ। ਅਪੜਿ–ਪਹੁੰਚ; ਬਰਾਬਰੀ। ਖੜਗੁ–ਖੰਡਾ। ਸੰਜੋਉ–ਸਰੀਰ ਦੀ ਰਾਖੀ ਲਈ ਜੰਗ ਸਮੇਂ ਪਹਿਨਣ ਵਾਲਾ ਲੋਹੇ ਦਾ ਕੁੜਤਾ। ਜਿਤੁ–ਜਿਸ ਨਾਲ। ਕਾਲੁ ਕੰਟਕੁ–ਕਾਲ ਰੂਪ ਬੈਰੀ; ਕੰਡੇ ਵਾਂਗ ਚੁਭਣ ਵਾਲਾ ਦੁਖਦਾਈ ਕਾਲ। ਵਿਡਾਰਿਆ–ਦੂਰ ਕੀਤਾ। ਉਬਾਰਿਆ–ਬਚਾ ਲਿਆ; ਤਾਰ ਦਿਤਾ। ਚਿਤਵੈ–ਸੋਚਦਾ ਹੈ। ਉਪਾਵਣਹਾਰੈ–ਪੈਦਾ ਕਰਨ ਵਾਲੇ ਹਰੀ ਨੇ। ਅਗਮੁ–ਭਵਿਖੱਤ ਵਾਕ; ਮਨੁੱਖੀ ਪਹੁੰਚ ਤੋਂ ਪਰੇ ਦੀ ਗੱਲ।੨।

ਪਉੜੀ ॥ ਸਚੁ ਸੁਤਿਆ ਜਿਨੀ ਅਰਾਧਿਆ, ਜਾ ਉਠੇ ਤਾ ਸਚੁ ਚਵੇ ॥ ਸੇ ਵਿਰਲੇ ਜੁਗ ਮਹਿ ਜਾਣੀਅਹਿ, ਜੋ ਗੁਰਮੁਖਿ ਸਚੁ ਰਵੇ ॥ ਹਉ ਬਲਿਹਾਰੀ ਤਿਨ ਕਉ ,ਜਿ ਅਨਦਿਨੁ ਸਚੁ ਲਵੇ ॥ ਜਿਨ ਮਨਿ ਤਨਿ ਸਚਾ ਭਾਵਦਾ, ਸੇ ਸਚੀ ਦਰਗਹ ਗਵੇ ॥ ਜਨੁ ਨਾਨਕੁ ਬੋਲੈ ਸਚੁ ਨਾਮੁ ,ਸਚੁ ਸਚਾ ਸਦਾ ਨਵੇ ॥੨੧॥ ਜਿਨ੍ਹਾਂ ਪੁਰਖਾਂ ਨੇ ਸੌਣ ਲਗਿਆਂ ਵੀ ਸੱਚੇ ਪ੍ਰਭੂ ਨੂੰ ਅਰਾਧਿਆ ਹੈ, ਜਦ ਉਹ ਉਠਦੇ ਹਨ ਤਦ ਵੀ ਸੱਚੇ ਪ੍ਰਭੂ (ਦੇ ਨਾਮ) ਨੂੰ ਹੀ ਉਚਾਰਦੇ ਹਨ। ਉਹ ਪੁਰਖ ਜਗਤ ਵਿਚ ਵਿਰਲੇ ਜਾਣੇ ਜਾਂਦੇ ਹਨ, ਜੋ ਗੁਰੂ ਦੁਆਰਾ ਸੱਚ ਨੂੰ ਸਿਮਰਦੇ ਹਨ। ਮੈਂ ਉਨ੍ਹਾਂ ਪੁਰਖਾਂ ਤੋਂ ਬਲਿਹਾਰ ਜਾਂਦਾ ਹਾਂ, ਜਿਹੜੇ ਹਰ ਰੋਜ ਸਚ ਬੋਲਦੇ ਹਨ (ਸੱਚਾ ਨਾਮ ਜਪਦੇ ਹਨ)। ਜਿਨ੍ਹਾਂ ਪੁਰਖਾਂ ਦੇ ਮਨ ਵਿਚ ਤੇ ਤਨ ਵਿਚ ਸਚਾ ਪਭੂ ਚੰਗਾ ਲਗਦਾ ਹੈ, ਉਹ ਸੱਚੀ ਦਰਗਾਹ ਵਿਚ ਪਹੁੰਚਦੇ ਹਨ। ਦਾਸ ਨਾਨਕ ਸੱਚਾ ਨਾਮ ਉਚਾਰਦਾ ਹੈ, ਪੂਰਨ ਸੱਚ ਸਰੂਪ ਪ੍ਰਭੂ ਸਦਾ ਨਵਾਂ ਹੈ (ਪੁਰਾਣਾ ਨਹੀਂ ਹੁੰਦਾ)।੨੧।

ਪਦਾਰਥ = ਸੁਤਿਆ–ਸੌਣ ਲਗਿਆਂ। ਜਿਨੀ–ਜਿਨ੍ਹਾਂ ਨੇ। ਜਾ–ਜਦ। ਤਾ–ਤਦ। ਚਵੇ–ਉਚਾਰਦੇ ਹਨ। ਸੇ–ਉਹ। ਜੁਗ ਮਹਿ–ਜਗਤ ਵਿਚ । ਰਵੇ–ਸਿਮਰਦੇ ਹਨ। ਹਉ–ਮੈਂ। ਜਿ–ਜਿਹੜੇ। ਲਵੇ–ਬੋਲਦੇ ਹਨ। ਭਾਵਦਾ–ਚੰਗਾ ਲਗਦਾ ਹੈ। ਗਵੇ–ਪਹੁੰਚਦੇ ਹਨ। ਨਵੇ–ਨਵਾਂ।੨੧।

All Rights Reserved by Harjinder Singh Gyani | www.GuruGranthVakhyaan.org

ਅੰਗ ੩੧੩ = ਸਲੋਕੁ ਮਃ ੪ ॥ ਕਿਆ ਸਵਣਾ ਕਿਆ ਜਾਗਣਾ, ਗੁਰਮੁਖਿ ਤੇ ਪਰਵਾਣੁ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ, ਸੇ ਪੂਰੇ ਪੁਰਖ ਪਰਧਾਨ ॥ ਕਰਮੀ ਸਤਿਗੁਰੁ ਪਾਈਐ, ਅਨਦਿਨੁ ਲਗੈ ਧਿਆਨੁ ॥ ਤਿਨ ਕੀ ਸੰਗਤਿ ਮਿਲਿ ਰਹਾ, ਦਰਗਹ ਪਾਈ ਮਾਨੁ ॥ ਸਉਦੇ ਵਾਹੁ ਵਾਹੁ ਉਚਰਹਿ, ਉਠਦੇ ਭੀ ਵਾਹੁ ਕਰੇਨਿ ॥ ਨਾਨਕ ਤੇ ਮੁਖ ਉਜਲੇ, ਜਿ ਨਿਤ ਉਠਿ ਸੰਮਾਲੇਨਿ ॥੧॥ (ਹੇ ਭਾਈ! ਗੁਰਮੁਖਾਂ ਲਾਈ) ਕੀ ਸੌਣਾ ਹੈ ਤੇ ਕੀ ਜਾਗਣਾ ਹੈ? ਜੋ ਗੁਰਮੁਖ ਹਨ, ਉਹ ਪ੍ਰਵਾਨ ਹਨ (ਗੁਰਮੁਖਾਂ ਦਾ ਜਾਗਣਾ ਸੌਣਾ ਸੁਤੇ ਸਿੱਧ ਹੁੰਦਾ ਹੈ। ਕਿਉਂਕਿ) ਜਿਨ੍ਹਾਂ ਨੂੰ ਸਾਹ ਲੈਂਦਿਆਂ ਤੇ ਭੋਜਨ ਖਾਂਦਿਆਂ (ਵਾਹਿਗੁਰੂ) ਨਹੀਂ ਭੁਲਦਾ, ਉਹ ਪੁਰਖ ਪੂਰਨ ਅਤੇ ਮੁਖੀ ਹੁੰਦੇ ਹਨ। ਭਾਗਾਂ ਨਾਲ ਸਤਿਗੁਰੂ ਪ੍ਰਾਪਤ ਹੁੰਦਾ ਹੈ, (ਜਿਸ ਦੀ ਕ੍ਰਿਪਾ ਨਾਲ ਵਾਹਿਗੁਰੂ ਵਿਚ) ਦਿਨ ਰਾਤ ਧਿਆਨ ਲਗ ਜਾਂਦਾ ਹੈ। ਉਨ੍ਹਾਂ (ਗੁਰਮੁਖਾਂ ਦੀ) ਸੰਗਤ ਵਿਚ (ਜੇ ਮੈਂ) ਮਿਲਿਆ ਰਹਾਂ, (ਤਾਂ) ਦਰਗਾਹ ਵਿਚ ਸਨਮਾਨ ਪਾਵਾਂਗਾ। (ਕਿਉਂਕਿ ਉਹ ਗੁਰਮੁਖ ਜਨ) ਸੌਣ ਲੱਗੇ ਵਾਹਿਗੁਰੂ ਵਾਹਿਗੁਰੂ ਉਚਾਰਦੇ ਹਨ ਤੇ ਉਠਦੇ ਹੋਏ ਵੀ ਵਾਹਿਗੁਰੂ (ਉਚਾਰਨ) ਕਰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਉਜਲ ਮੁਖ ਵਾਲੇ ਹਨ, ਜਿਹੜੇ ਨਿਤ ਉਠ ਕੇ (ਵਾਹਿਗੁਰੂ ਨੂੰ) ਯਾਦ ਕਰਦੇ ਹਨ।੧।

ਪਦਾਰਥ = ਸਵਣਾ–ਸੌਣਾ। ਤੇ–ਉਹ। ਸਾਸਿ–ਸਾਹ ਲੈਣ ਸਮੇਂ। ਗਿਰਾਸਿ–ਭੋਜਨ ਖਾਦਿਆਂ; ਬੁਰਕੀ। ਸੇ–ਉਹ। ਪਰਧਾਨੁ–ਮੁਖੀ। ਕਰਮੀ–ਭਾਗਾਂ ਨਾਲ; ਮੇਹਰ ਨਾਲ। ਮਾਨੁ–ਸਨਮਾਨ। ਸਉਦੇ–ਸੌਣ ਵੇਲੇ। ਵਾਹੁ–ਵਾਹਿਗੁਰੂ (ਦਾ ਸੰਖੇਪ); ਪਾਰਬ੍ਰਹਮ (ਮ.ਕੋ.)। ਜਿ–ਜਿਹੜੇ। ਨਿਤ–ਹਰ ਰੋਜ; ਸਦਾ। ਉਠਿ–ਜਾਗ ਕੇ। ਸੰਮਾਲੇਨਿ–ਯਾਦ ਕਰਦੇ ਹਨ।੧।

ਮਃ ੪ ॥ ਸਤਿਗੁਰੁ ਸੇਵੀਐ ਆਪਣਾ, ਪਾਈਐ ਨਾਮੁ ਅਪਾਰੁ ॥ ਭਉਜਲਿ ਡੁਬਦਿਆ ਕਢਿ ਲਏ, ਹਰਿ ਦਾਤਿ ਕਰੇ ਦਾਤਾਰੁ ॥ ਧੰਨੁ ਧੰਨੁ ਸੇ ਸਾਹ ਹੈ, ਜਿ ਨਾਮਿ ਕਰਹਿ ਵਾਪਾਰੁ ॥ ਵਣਜਾਰੇ ਸਿਖ ਆਵਦੇ, ਸਬਦਿ ਲਘਾਵਣਹਾਰੁ ॥ ਜਨ ਨਾਨਕ ਜਿਨ ਕਉ ਕ੍ਰਿਪਾ ਭਈ ,ਤਿਨ ਸੇਵਿਆ ਸਿਰਜਣਹਾਰੁ ॥੨॥ (ਜੇ) ਅਪਣੇ ਸਤਿਗੁਰੂ ਦੀ ਸੇਵਾ ਕਰੀਏ ਤਾਂ ਬੇਅੰਤ ਵਾਹਿਗੁਰੂ ਦਾ ਨਾਮ ਪ੍ਰਾਪਤ ਕਰ ਲਈਦਾ ਹੈ। ਦਾਤਾਰ ਹਰੀ (ਗੁਰੂ ਰਾਹੀਂ ਨਾਮ ਦੀ) ਦਾਤ ਦੇ ਕਰਕੇ ਭਵਜਲ ਵਿਚ ਡੁਬਦਿਆਂ (ਮਨੁੱਖਾਂ) ਨੂੰ ਕਢ ਲੈਂਦਾ ਹੈ। ਉਹ ਸ਼ਾਹ ਧੰਨ ਧੰਨ ਹਨ, ਜਿਹੜੇ ਨਾਮ (ਦੀ ਪੂੰਜੀ) ਨਾਲ ਵਾਪਾਰ ਕਰਦੇ ਹਨ। ਸਿਖ ਵਣਜਾਰੇ (ਸਤਿਗੁਰੂ ਪਾਸ) ਆਉਂਦੇ ਹਨ ਅਤੇ (ਸਤਿਗੁਰੂ ਅਪਣੇ) ਉਪਦੇਸ਼ ਦੁਆਰਾ ਪਾਰ ਲੰਘਾਉਣ ਵਾਲਾ ਨਾਮ ਦਾ ਸੌਦਾ ਦੇਂਦੇ ਹਨ; ਜੋ ਸਿਖ ਵਣਜਾਰੇ (ਸਤਿਗੁਰੂ ਪਾਸ) ਆਉਂਦੇ ਹਨ, (ਸਤਿਗੁਰੂ ਉਨ੍ਹਾਂ ਨੂੰ ਸੰਸਾਰ ਸਾਗਰ ਤੋਂ ਅਪਣੇ) ਸ਼ਬਦ ਦੁਆਰਾ ਪਾਰ ਲੰਘਾ ਦੇਣ ਵਾਲੇ ਹਨ (ਫ.ਸ.)। ਦਾਸ ਨਾਨਕ ਆਖਦਾ ਹੈ ਕਿ ਜਿਨ੍ਹਾਂ ਉਤੇ (ਪ੍ਰਭੂ ਦੀ) ਕ੍ਰਿਪਾ ਹੋਈ ਹੈ, ਉਨ੍ਹਾਂ ਪੁਰਖਾਂ ਨੇ ਸਿਰਜਨਹਾਰ ਪ੍ਰਭੂ ਨੂੰ ਸਿਮਰਿਆ ਹੈ।੨।

ਪਦਾਰਥ = ਅਪਾਰੁ–ਬੇਅੰਤ ਪ੍ਰਭੂ ਦਾ। ਭਉਜਲਿ–ਸੰਸਾਰ ਸਾਗਰ ਵਿਚੋਂ। ਸੇ–ਉਹ। ਜਿ–ਜਿਹੜੇ। ਭਈ–ਹੋਈ ਹੈ। ਤਿਨ–ਉਨ੍ਹਾਂ ਨੇ।੨।

ਪਉੜੀ ॥ ਸਚੁ ਸਚੇ ਕੇ ਜਨ ਭਗਤ ਹਹਿ, ਸਚੁ ਸਚਾ ਜਿਨੀ ਅਰਾਧਿਆ ॥ ਜਿਨ ਗੁਰਮੁਖਿ ਖੋਜਿ ਢੰਢੋਲਿਆ, ਤਿਨ ਅੰਦਰਹੁ ਹੀ ਸਚੁ ਲਾਧਿਆ ॥ ਸਚੁ ਸਾਹਿਬੁ ਸਚੁ ਜਿਨੀ ਸੇਵਿਆ, ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥ ਸਚੁ ਸਚਾ ਸਭ ਦੂ ਵਡਾ ਹੈ, ਸਚੁ ਸੇਵਨਿ ਸੇ ਸਚਿ ਰਲਾਧਿਆ ॥ ਸਚੁ ਸਚੇ ਨੋ ਸਾਬਾਸਿ ਹੈ, ਸਚੁ ਸਚਾ ਸੇਵਿ ਫਲਾਧਿਆ ॥੨੨॥ (ਉਹ ਪੁਰਖ) ਸੱਚੇ ਪ੍ਰਭੂ ਦੇ ਸੱਚੇ ਭਗਤ ਹਨ, ਜਿਨ੍ਹਾਂ ਨੇ ਪੂਰਨ ਸੱਚ ਸਰੂਪ ਪ੍ਰਭੂ ਨੂੰ ਸਿਮਰਿਆ ਹੈ। ਜਿਨ੍ਹਾਂ ਨੇ ਗੁਰੂ ਦੁਆਰਾ (ਵਾਹਿਗੁਰੂ ਨੂੰ) ਖੋਜ ਕੇ ਢੂੰਢਿਆ ਹੈ; (ਪ੍ਰਮਾਰਥ ਦੀ) ਖੋਜ ਕਰਕੇ ਪ੍ਰਭੂ ਨੂੰ ਢੂੰਢਿਆ ਹੈ (ਉਦਮ ਨਾਲ ਲੱਭਣ ਦਾ ਜਤਨ ਕੀਤਾ ਹੈ), ਉਨ੍ਹਾਂ ਨੇ ਅਪਣੇ ਹਿਰਦੇ ਅੰਦਰੋਂ ਹੀ ਸੱਚ ਸਰੂਪ ਪ੍ਰਭੂ ਨੂੰ ਲੱਭ ਲਿਆ ਹੈ। ਜਿਨ੍ਹਾਂ (ਪੁਰਖਾਂ) ਨੇ ਸੱਚ ਕਰਕੇ ਸੱਚੇ ਸਾਹਿਬ ਨੂੰ ਸਿਮਰਿਆ ਹੈ, ਉਨ੍ਹਾਂ ਨੇ ਕੰਡੇ ਵਾਂਗ ਦੁਖਦਾਈ ਕਾਲ ਨੂੰ ਮਾਰ ਕੇ ਜਿੱਤ ਲਿਆ ਹੈ। ਸੱਚ ਸਰੂਪ ਵਾਹਿਗੁਰੂ ਸਭ ਤੋਂ ਵੱਡਾ ਹੈ, (ਜੋ ਪੁਰਖ) ਸੱਚ ਸਰੂਪ ਨੂੰ ਸਿਮਰਦੇ ਹਨ, ਉਹ ਸੱਚੇ ਵਾਹਿਗੁਰੂ ਵਿਚ ਰਲ ਜਾਂਦੇ ਹਨ। ਪੂਰਨ ਸੱਚ ਸਰੂਪ ਪ੍ਰਭੂ ਨੂੰ ਸਾਬਾਸ਼ ਹੈ; ਸੱਚ ਸਰੂਪ ਪ੍ਰਭੂ ਨੂੰ ਸਿਮਰਨ ਵਾਲੇ ਸੱਚੇ ਭਗਤਾਂ ਨੂੰ ਸਾਬਾਸ਼ ਹੈ, ਸੱਚ ਸਰੂਪ ਵਾਹਿਗੁਰੂ ਦੀ ਸੇਵਾ ਭਗਤੀ ਕਰਕੇ ਹੀ (ਭਗਤਾਂ ਨੇ) ਫਲ ਪ੍ਰਾਪਤ (ਜਨਮ ਸਫਲ) ਕੀਤਾ ਹੈ।੨੨।

ਪਦਾਰਥ = ਸਚੁ ਸਚਾ–ਪੂਰਨ ਸੱਚ ਸਰੂਪ; ਅਤਿਅੰਤ ਸੱਚਾ (ਮ.ਕੋ.)। ਹਹਿ–ਹਨ। ਜਿਨੀ–ਜਿਨ੍ਹਾਂ ਨੇ। ਲਾਧਿਆ–ਲੱਭਿਆ ਹੈ। ਕਾਲੁ ਕੰਟਕੁ–ਕੰਡਿਆਲੀ ਮੌਤ; ਕੰਡੇ ਵਾਂਗ ਦੁਖ ਦੇਣ ਵਾਲਾ ਕਾਲ। ਤਿਨੀ–ਉਨ੍ਹਾਂ ਨੇ। ਸਾਧਿਆ–ਜਿੱਤਿਆ; ਕਾਬੂ ਕੀਤਾ। ਸਭ ਦੂ–ਸਭ ਤੋਂ; ਸਭ ਨਾਲੋਂ। ਸੇ–ਉਹ। ਰਲਾਧਿਆ–ਰਲ ਜਾਂਦੇ ਹਨ। ਫਲਾਧਿਆ–ਫਲ ਲੱਧਿਆ (ਪਾਇਆ ਹੈ); ਅਧਿਕ ਫਲ ਹੋਇਆ ਹੈ।੨੨।

ਸਲੋਕ ਮਃ ੪ ॥ ਮਨਮੁਖੁ ਪ੍ਰਾਣੀ ਮੁਗਧੁ ਹੈ, ਨਾਮ ਹੀਣ ਭਰਮਾਇ ॥ ਬਿਨੁ ਗੁਰ ਮਨੂਆ ਨ ਟਿਕੈ, ਫਿਰਿ ਫਿਰਿ ਜੂਨੀ ਪਾਇ ॥ ਹਰਿ

All Rights Reserved by Harjinder Singh Gyani | www.GuruGranthVakhyaan.org

ਪ੍ਰਭੁ ਆਪਿ ਦਇਆਲ ਹੋਹਿ, ਤਾਂ ਸਤਿਗੁਰੁ ਮਿਲਿਆ ਆਇ ॥ ਜਨ ਨਾਨਕ ਨਾਮੁ ਸਲਾਹਿ ਤੂ ,ਜਨਮ ਮਰਣ ਦੁਖੁ ਜਾਇ ॥੧॥ ਪ੍ਰਾਣ ਧਾਰੀ ਮਨਮੁਖ ਆਦਮੀ ਮੂਰਖ ਹੈ, (ਕਿਉਂਕਿ ਉਹ) ਨਾਮ ਤੋਂ ਹੀਣਾ ਹੋਣ ਕਰਕੇ ਭਟਕਦਾ ਫਿਰਦਾ ਹੈ। ਗੁਰੂ ਦੇ ਉਪਦੇਸ਼ ਤੋਂ ਬਿਨਾ (ਉਸ ਦਾ) ਮਨ ਟਿਕਦਾ ਨਹੀਂ, (ਜਿਸ ਕਰਕੇ ਉਹ) ਮੁੜ ਮੁੜ ਜੂਨੀਆਂ ਵਿਚ ਪੈਂਦਾ ਹੈ। (ਉਸ ਮਨਮੁਖ ਉਪਰ ਜੇ) ਹਰੀ ਪ੍ਰਭੂ ਆਪ ਦਿਆਲ ਹੋ ਜਾਵੇ ,ਤਾਂ (ਉਸ ਨੂੰ) ਸਤਿਗੁਰੂ ਆ ਕੇ ਮਿਲਦਾ ਹੈ। ਦਾਸ ਨਾਨਕ ਆਖਦਾ ਹੈ (ਕਿ ਹੇ ਭਾਈ!) ਤੂੰ ਨਾਮ ਨੂੰ ਸਲਾਹੁਣਾ ਕਰ, (ਜਿਸ ਕਰਕੇ ਤੇਰਾ) ਜਨਮ ਮਰਣ ਦਾ ਦੁਖ ਦੂਰ ਹੋ ਜਾਵੇ।੧।

ਪਦਾਰਥ = ਮਨਮੁਖੁ–ਗੁਰੂ ਨੂੰ ਨਾ ਮੰਨਣ ਵਾਲਾ। ਪ੍ਰਾਣੀ–ਮਨੁੱਖ। ਮੁਗਧੁ–ਮੂਰਖ; ਬੇ ਸਮਝ। ਨਾਮ ਹੀਣ–ਨਾਮ ਤੋਂ ਖਾਲੀ। ਭਰਮਾਇ–ਭਟਕਦਾ ਹੈ। ਮਨੂਆ–ਮਨ। ਫਿਰਿ ਫਿਰਿ–ਮੁੜ ਮੁੜ।੧।

ਮਃ ੪ ॥ ਗੁਰੁ ਸਾਲਾਹੀ ਆਪਣਾ, ਬਹੁ ਬਿਧਿ ਰੰਗਿ ਸੁਭਾਇ ॥ ਸਤਿਗੁਰ ਸੇਤੀ ਮਨੁ ਰਤਾ, ਰਖਿਆ ਬਣਤ ਬਣਾਇ ॥ ਜਿਹਵਾ ਸਾਲਾਹਿ ਨ ਰਜਈ, ਹਰਿ ਪ੍ਰੀਤਮ ਚਿਤੁ ਲਾਇ ॥ ਨਾਨਕ ਨਾਵੈ ਕੀ ਮਨਿ ਭੁਖ ਹੈ, ਮਨੁ ਤ੍ਰਿਪਤੈ ਹਰਿ ਰਸੁ ਖਾਇ ॥੨॥ ਮੈਂ ਅਪਣੇ ਗੁਰੂ ਨੂੰ ਕਈ ਤਰ੍ਹਾਂ ਸੁਭਾਵਕ ਪ੍ਰੇਮ ਨਾਲ ਸਲਾਹੁੰਦਾ ਹਾਂ (ਇਹ ਪ੍ਰੇਮ ਬੱਧਾ ਚੱਟੀ ਦਾ ਨਹੀਂ, ਕੁਦਰਤੀ ਅੰਦਰੋਂ ਫੁੱਟ ਕੇ ਨਿਕਲਦਾ ਹੈ); ਕਈ ਤਰ੍ਹਾਂ ਦੀ ਸ਼ੁੱਭ ਭਾਵਨਾ ਨਾਲ ਪ੍ਰੇਮ ਵਿਚ ਸਲਾਹੁੰਦਾ ਹਾਂ (ਸੰ.ਪੋ.)। ਸਤਿਗੁਰੂ ਨਾਲ ਮਨ ਰੰਗਿਆ ਗਿਆ ਹੈ, (ਜਿਸ ਨੇ ਮੇਰੇ ਮਨ ਦੀ ਬੜੀ ਸੁੰਦਰ) ਬਣਤ ਬਣਾ ਰੱਖੀ ਹੈ (ਮਨ ਨੂੰ ਸੁਚੱਜਾ ਬਣਾ ਕੇ ਟਿਕਾ ਦਿਤਾ। ਮੇਰੀ) ਜੀਭ ਪ੍ਰਭੂ ਦੀ ਸਿਫਤ ਸਲਾਹ ਕਰਕੇ ਰੱਜਦੀ ਨਹੀਂ ਅਤੇ ਚਿਤ ਨੂੰ ਪਿਆਰੇ ਹਰੀ ਵਿਚ ਲਗਾ ਰੱਖਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮਨ ਵਿਚ ਨਾਮ ਦੀ ਭੁੱਖ ਹੈ ਅਤੇ ਇਹ ਮਨ ਹਰੀ ਦੇ ਨਾਮ ਰਸ ਨੂੰ ਚੱਖ ਕੇ ਹੀ ਤ੍ਰਿਪਤ ਹੁੰਦਾ ਹੈ।੨।

ਪਦਾਰਥ = ਸਾਲਾਹੀ–ਮੈਂ ਸਲਾਹੁੰਦਾ ਹਾਂ। ਬਹੁ ਬਿਧਿ–ਬਹੁਤ ਤਰੀਕਿਆਂ ਨਾਲ। ਰੰਗਿ–ਪ੍ਰੇਮ ਨਾਲ। ਸੁਭਾਇ–ਸੁਭਾਵਕ; ਸ਼ੁੱਭ ਭਾਵਨਾ ਨਾਲ। ਸੇਤੀ–ਨਾਲ। ਰਤਾ–ਰੰਗਿਆ ਗਿਆ। ਬਣਤ–ਬਨਾਵਟ; ਰਚਨਾ। ਤ੍ਰਿਪਤੈ–ਰੱਜਦਾ ਹੈ।੨।

ਪਉੜੀ ॥ ਸਚੁ ਸਚਾ ਕੁਦਰਤਿ ਜਾਣੀਐ, ਦਿਨੁ ਰਾਤੀ ਜਿਨਿ ਬਣਾਈਆ ॥ ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥ ਸਾਲਾਹੀ ਸਚੁ ਸਲਾਹ ਸਚੁ ,ਸਚੁ ਕੀਮਤਿ ਕਿਨੈ ਨ ਪਾਈਆ ॥ ਜਾ ਮਿਲਿਆ ਪੂਰਾ ਸਤਿਗੁਰੂ ,ਤਾ ਹਾਜਰੁ ਨਦਰੀ ਆਈਆ ॥ ਸਚੁ ਗੁਰਮੁਖਿ ਜਿਨੀ ਸਲਾਹਿਆ, ਤਿਨਾ ਭੁਖਾ ਸਭਿ ਗਵਾਈਆ ॥੨੩॥ ਜਿਸ ਵਾਹਿਗੁਰੂ ਨੇ ਦਿਨ ਤੇ ਰਾਤਾਂ ਬਣਾਈਆਂ ਹਨ, (ਉਹ) ਸੱਚ ਸਰੂਪ ਸੱਚਾ (ਵਾਹਿਗੁਰੂ ਅਪਣੀ) ਕੁਦਰਤ ਤੋਂ ਜਾਣਿਆ ਜਾਂਦਾ ਹੈ। (ਜਿਸ) ਸੱਚੇ ਵਾਹਿਗੁਰੂ ਦੀਆਂ ਸੱਚੀਆਂ ਵਡਿਆਈਆਂ ਹਨ, ਉਸ ਸਚੇ ਨੂੰ (ਮੈਂ) ਸਦਾ ਸਦਾ ਸਲਾਹੁੰਦਾ ਹਾਂ। (ਉਹ) ਸਲਾਹੁਣ ਯੋਗ ਵਾਹਿਗੁਰੂ ਸੱਚ ਸਰੂਪ ਹੈ ਤੇ ਉਸ ਦੀ ਸਿਫਤ ਸਲਾਹ ਵੀ ਸੱਚੀ ਹੈ, (ਪਰ ਉਸ) ਸੱਚ ਸਰੂਪ ਦੀ ਕੀਮਤ ਕਿਸੇ ਨੇ ਨਹੀਂ ਪਾਈ। ਜਦ ਪੂਰਾ ਸਤਿਗੁਰੂ ਮਿਲ ਪਿਆ ਤਾਂ (ਉਹ ਵਾਹਿਗੁਰੂ) ਹਾਜਰ ਹਜੂਰ ਦਿਸ ਆਇਆ; (ਵਡਿਆਈਆਂ) ਪ੍ਰਤੱਖ ਨਜਰ ਆ ਗਈਆਂ। ਜਿਨ੍ਹਾਂ (ਪੁਰਖਾਂ) ਨੇ ਗੁਰੂ ਦੁਆਰਾ ਸਚੁ ਸਰੂਪ ਵਾਹਿਗੁਰੂ ਨੂੰ ਸਲਾਹਿਆ ਹੈ, ਉਨ੍ਹਾਂ ਦੀਆਂ ਸਾਰੀਆਂ ਭੁੱਖਾਂ (ਵਾਹਿਗੁਰੂ ਨੇ) ਦੂਰ ਕਰ ਦਿਤੀਆਂ ਹਨ; ਸਭ ਭੁੱਖਾਂ ਮਿਟ ਗਈਆਂ ਹਨ।੨੩।

ਪਦਾਰਥ = ਕੁਦਰਤਿ–ਕਰਤਾਰ ਦੀ ਰਚਨਾ ਕਰਨ ਵਾਲੀ ਸ਼ਕਤੀ। ਰਾਤੀ–ਰਾਤਾਂ। ਜਿਨਿ–ਜਿਸ ਨੇ। ਸੋ–ਉਹ; ਉਸ। ਸਾਲਾਹੀ–ਸਲਾਹੁਣ ਯੋਗ। ਕਿਨੈ–ਕਿਸੇ ਨੇ। ਜਾ–ਜਦ। ਤਾ–ਤਦ। ਹਾਜਰ–ਪ੍ਰਤੱਖ। ਨਦਰੀ–ਨਜਰ। ਗਵਾਈਆ–ਮਿਟਾ ਦਿਤੀਆਂ; ਮਿਟ ਗਈਆਂ।੨੩।

ਸਲੋਕ ਮਃ ੪ ॥ ਮੈ ਮਨੁ ਤਨੁ ਖੋਜਿ ਖੋਜੇਦਿਆ, ਸੋ ਪ੍ਰਭੁ ਲਧਾ ਲੋੜਿ ॥ ਵਿਸਟੁ ਗੁਰੂ ਮੈ ਪਾਇਆ, ਜਿਨਿ ਹਰਿ ਪ੍ਰਭੁ ਦਿਤਾ ਜੋੜਿ ॥ ੧॥ ਮੈਂ ਅਪਣੇ ਮਨ ਤੇ ਤਨ ਨੂੰ ਖੋਜਦਿਆਂ ਖੋਜਦਿਆਂ ਢੂੰਢ ਕੇ (ਜਾਂ ਚਾਹ ਕਰਕੇ) ਉਹ ਪ੍ਰਭੂ ਲੱਭ ਲਿਆ ਹੈ। (ਅਪਣੇ ਬਲ ਨਾਲ ਨਹੀਂ ਮਿਲਿਆ, ਮਿਲਣ ਵਾਸਤੇ) ਮੈਂ ਗੁਰੂ ਵਿਚੋਲਾ ਪਾਇਆ ਸੀ, ਜਿਸ (ਗੁਰੂ) ਨੇ ਮੈਨੂੰ ਹਰੀ ਪ੍ਰਭੂ ਮਿਲਾ ਦਿਤਾ ਹੈ।੧।

ਪਦਾਰਥ = ਸੋ–ਉਹ। ਲਧਾ–ਲੱਭ ਲਿਆ ਹੈ। ਲੋੜਿ–ਚਾਹ ਕੇ; ਢੂੰਢ ਕੇ। ਵਿਸਟੁ–ਵਿਚੋਲਾ। ਦਿਤਾ ਜੋੜਿ–ਮਿਲਾ ਦਿਤਾ।੧।

ਮਃ ੩ ॥ ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ, ਬਹੁ ਰੋਲ ਘਚੋਲਾ ॥ ਗੁਰਮੁਖਿ ਜਾਪੈ ਸਬਦਿ ਲਿਵ ਲਾਇ ॥ ਹਰਿ ਨਾਮੁ ਸੁਣਿ ਮੰਨੇ, ਹਰਿ ਨਾਮਿ ਸਮਾਇ ॥ ਜੋ ਤਿਸੁ ਭਾਵੈ ਸੁ ਕਰੇ ਕਰਾਇਆ ॥ ਨਾਨਕ ਵਜਦਾ ਜੰਤੁ ਵਜਾਇਆ ॥੨॥ ਮਾਇਆ ਧਾਰੀ (ਮਨੁੱਖ ਪ੍ਰਮਾਰਥ ਤੋਂ) ਬਹੁਤ ਅੰਨ੍ਹਾ ਤੇ ਬੋਲਾ ਹੁੰਦਾ ਹੈ। (ਕਿਉਂਕਿ ਉਸ ਦੇ ਮਨ ਵਿਚ ਰਾਜ ਮਾਲ ਦਾ) ਬਹੁਤ ਰੌਲਾ ਰੱਪਾ ਪਿਆ ਰਹਿੰਦਾ ਹੈ; (ਅਪਣਾ ਹੀ) ਰੌਲਾ ਰੱਪਾ ਪਾਈ ਰਖਦਾ ਹੈ, (ਇਸ ਲਈ ਗੁਰੂ ਦਾ) ਸ਼ਬਦ ਨਹੀਂ ਸੁਣਦਾ (ਰਾਜ ਮਾਲ ਦਾ ਸ਼ੋਰ ਸ਼ਰਾਬਾ ਉਸ ਨੂੰ ਸ਼ਬਦ ਨਹੀਂ ਸੁਣਨ ਦੇਂਦਾ, ਜਿਸ ਕਰਕੇ ਉਸਦੇ ਗਿਆਨ ਨੇਤ੍ਰ ਨਹੀਂ ਖੁਲ੍ਹਦੇ। ਇਸ ਦੇ ਉਲਟ) ਗੁਰਮੁਖ ਇਉਂ ਜਾਣਿਆ ਜਾਂਦਾ

ਹੈ ਕਿ ਉਹ ਸ਼ਬਦ ਵਿਚ ਧਿਆਨ ਜੋੜਦਾ ਹੈ; (ਜੋ ਪੁਰਖ ਗੁਰੂ ਦੇ) ਸ਼ਬਦ ਵਿਚ ਲਿਵ ਲਾਈ ਰਖਦਾ ਹੈ, ਉਹ ਗੁਰਮੁਖ ਜਾਣਿਆ ਜਾਂਦਾ ਹੈ (ਸੰ.ਸ.; ਫ.ਸ.।ਗੁਰਮੁਖ) ਹਰੀ ਦੇ ਨਾਮ ਨੂੰ ਸੁਣ ਕੇ ਮੰਨਦਾ ਹੈ ਅਤੇ ਹਰੀ ਦੇ ਨਾਮ ਵਿਚ ਸਮਾ ਜਾਂਦਾ ਹੈ।(ਜੀਵ ਦੇ ਵਸ ਵਿਚ ਕੁਛ ਨਹੀਂ, ਜੀਵ ਪ੍ਰਭੂ ਦਾ) ਕਰਾਇਆ ਉਹ ਹੀ ਕੰਮ ਕਰਦਾ ਹੈ, ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ; ਜੋ ਕੁਛ ਉਸ ਪ੍ਰਭੂ ਨੂੰ ਭਾਉਂਦਾ ਹੈ, ਉਹ (ਗੁਰਮੁਖ ਪ੍ਰਭੂ ਦਾ) ਕਰਾਇਆ ਕੰਮ ਕਰਦਾ ਹੈ ਭਾਵ ਹੁਕਮ ਵਿਚ ਵਰਤਦਾ ਹੈ (ਸੰ.ਪੋ.)।ਹੇ ਨਾਨਕ! ਜੀਵ ਰੂਪ ਵਾਜਾ ਪ੍ਰਭੂ ਦਾ ਵਜਾਇਆ ਵਜਦਾ ਹੈ (ਜੀਵ ਪ੍ਰਭੂ ਦਾ ਬੁਲਾਇਆ ਬੋਲਦਾ ਹੈ ਭਾਵ ਜੀਵ ਆਪ ਕੁਛ ਨਹੀਂ ਕਰ ਸਕਦਾ)।੨।

ਪਦਾਰਥ = ਅਤਿ–ਬਹੁਤ।ਬਹੁ–ਬਹੁਤ।ਰੋਲ ਘਚੋਲਾ–ਰੌਲਾ ਰੱਪਾ; ਸ਼ੋਰ ਸ਼ਰਾਬਾ।ਜਾਪੈ–ਜਾਣਿਆ ਜਾਂਦਾ ਹੈ।ਲਿਵ–ਧਿਆਨ।ਸਮਾਇ –ਲੀਨ ਹੋ ਜਾਂਦਾ ਹੈ।ਭਾਵੈ–ਚੰਗਾ ਲਗਦਾ ਹੈ।ਸੁ–ਉਹ।ਜੰਤੁ–ਵਾਜਾ; ਜੀਵ।(ਜੰਤ ਦਾ ਭਾਵ ਜੀਵ ਵੀ ਹੈ ਤੇ ਵਾਜਾ ਵੀ)।੨।

ਅੰਗ ੩੧੪ = ਪਉੜੀ ॥ ਤੂ ਕਰਤਾ ਸਭੁ ਕਿਛੁ ਜਾਣਦਾ, ਜੋ ਜੀਆ ਅੰਦਰਿ ਵਰਤੈ ॥ ਤੂ ਕਰਤਾ ਆਪਿ ਅਗਣਤੁ ਹੈ, ਸਭੁ ਜਗੁ ਵਿਚਿ ਗਣਤੈ ॥ ਸਭੁ ਕੀਤਾ ਤੇਰਾ ਵਰਤਦਾ, ਸਭ ਤੇਰੀ ਬਣਤੈ ॥ ਤੂ ਘਟਿ ਘਟਿ ਇਕੁ ਵਰਤਦਾ, ਸਚੁ ਸਾਹਿਬ ਚਲਤੈ ॥ ਸਤਿਗੁਰ ਨੋ ਮਿਲੇ ਸੁ ਹਰਿ ਮਿਲੇ, ਨਾਹੀ ਕਿਸੈ ਪਰਤੈ ॥੨੪॥ ਹੇ ਸਿਰਜਨਹਾਰ ਵਾਹਿਗੁਰੂ! ਜੋ ਕੁਛ ਜੀਵਾਂ ਦੇ ਅੰਦਰ ਵਰਤਦਾ ਹੈ, ਤੂੰ ਸਭ ਕੁਛ ਜਾਣਦਾ ਹੈਂ।ਹੇ ਕਰਤਾਰ! ਤੂੰ ਆਪ ਗਿਣਤੀ ਤੋਂ ਰਹਿਤ ਹੈਂ, (ਬਾਕੀ) ਸਾਰਾ ਜਗਤ ਗਿਣਤੀ ਵਿਚ ਹੈ।ਸਭ ਕੁਝ ਤੇਰਾ ਕੀਤਾ ਹੀ ਵਰਤ ਰਿਹਾ ਹੈ, ਸਾਰੀ ਜਗਤ ਰਚਨਾ ਤੇਰੀ ਬਣਾਈ ਹੋਈ ਹੈ।ਇਕ ਤੂੰ ਹੀ ਘਟ ਘਟ ਵਿਚ ਵਰਤ ਰਿਹਾ ਹੈਂ, ਹੇ ਸੱਚੇ ਸਾਹਿਬ! (ਇਹ ਇਕ ਤੇ ਅਨੇਕਤਾ ਸਭ ਤੇਰੇ) ਖੇਲ੍ਹ ਹਨ।ਜਿਹੜੇ ਮਨੁੱਖ ਸਤਿਗੁਰੂ ਨੂੰ ਮਿਲੇ ਹਨ, ਉਹ ਹੀ ਹਰੀ ਨੂੰ ਮਿਲੇ ਹਨ, (ਉਹ ਹਰੀ ਨੂੰ) ਕਿਸੇ ਹੋਰ ਦੁਆਰਾ ਨਹੀਂ ਮਿਲੇ (ਸ਼ਬਦਾਰਥ; ਮ.ਕੋ.); ਫਿਰ ਉਹ ਕਿਸੇ ਮਾਇਕ ਪਦਾਰਥ ਵਿਚ ਨਹੀਂ (ਫਸਦੇ) ਪੈਂਦੇ (ਫ.ਸ.)।੨੪।

ਪਦਾਰਥ = ਕਰਤਾ–ਸਿਰਜਨਹਾਰ ਵਾਹਿਗੁਰੂ।ਅਗਣਤੁ–ਬੇ ਸ਼ੁਮਾਰ (ਗਿਣਤੀ ਤੋਂ ਰਹਿਤ); ਬੇਅੰਤ।ਵਿਚਿ ਗਣਤੈ–ਗਿਣਤੀ ਵਿਚ। ਬਣਤੈ–ਬਨਾਵਟ; ਰਚਨਾ।ਘਟਿ ਘਟਿ–ਹਰੇਕ ਦਿਲ ਤੇ ਸਰੀਰ ਵਿਚ।ਚਲਤੈ–ਚਲਿਤ੍ਰ; ਕੌਤਕ।ਕਿਸੈ ਪਰਤੈ–ਕਿਸੇ ਹੋਰ ਦੇ ਆਸਰੇ ਦੁਆਰਾ; (ਪਰ+ਤੈ–ਪਰਾਏ ਦੇ ਆਸਰੇ); ਨਾਹੀ ਕਿਸੈ ਪਰਤੈ–ਕਿਸੇ ਦੇ ਮੋੜੇ ਨਹੀਂ ਮੁੜੇ।੨੪।

ਨਾਹੀ ਕਿਸੈ ਪਰਤੈ = ਕਿਸੇ ਦੇ ਮੋੜਿਆਂ ਉਹ ਮੁੜਦੇ ਨਹੀਂ (ਸੰ.ਸ.)।ਟਕਸਾਲ ਦੇ ਅਰਥ = ਉਹ ਪਰਤ ਕੇ ਕਿਸੇ ਹੋਰ ਦੇ ਨਹੀਂ ਬਣਦੇ; ਉਹ ਹੋਰ ਕਿਸੇ ਪਾਸੇ ਨਹੀਂ ਪਰਤਦੇ (ਮੁੜਦੇ); ਕਿਸੇ ਜੂਨ ਵਿਚ ਨਹੀਂ ਪੈਂਦੇ।

ਸਲੋਕੁ ਮਃ ੪ ॥ ਇਹੁ ਮਨੂਆ ਦ੍ਰਿੜੁ ਕਰਿ ਰਖੀਐ, ਗੁਰਮੁਖਿ ਲਾਈਐ ਚਿਤੁ ॥ ਕਿਉ ਸਾਸਿ ਗਿਰਾਸਿ ਵਿਸਾਰੀਐ, ਬਹਦਿਆ ਉਠਦਿਆ ਨਿਤ ॥ ਮਰਣ ਜੀਵਣ ਕੀ ਚਿੰਤਾ ਗਈ, ਇਹੁ ਜੀਅੜਾ ਹਰਿ ਪ੍ਰਭ ਵਸਿ ॥ ਜਿਉ ਭਾਵੈ ਤਿਉ ਰਖੁ ਤੂ ,ਜਨ ਨਾਨਕ ਨਾਮੁ ਬਖਸਿ ॥੧॥ (ਹੇ ਭਾਈ! ਅਪਣੇ) ਇਸ ਮਨ ਨੂੰ ਪੱਕਾ ਕਰ ਕੇ ਰਖੀਏ (ਮਨ ਨੂੰ ਮਾਇਆ ਵੱਲ ਨਾ ਦੌੜਨ ਦੇਈਏ) ਤੇ ਗੁਰੂ ਵਿਚ ਚਿਤ ਨੂੰ ਲਾਈ ਰਖੀਏ; ਗੁਰਮੁਖ ਬਣ ਕੇ ਚਿਤ ਨੂੰ (ਪ੍ਰਭੂ ਵਿਚ) ਜੋੜੀਏ (ਟਕਸਾਲ)।ਸਾਹ ਲੈਂਦਿਆਂ, ਭੋਜਨ ਖਾਂਦਿਆਂ ਤੇ ਨਿਤ ਬਹਿੰਦਿਆਂ ਉਠਦਿਆਂ (ਵਾਹਿਗੁਰੂ ਨੂੰ) ਕਿਉਂ ਭੁਲਾਈਏ? ਭਾਵ ਸਦਾ ਯਾਦ ਰੱਖਣਾ ਚਾਹੀਦਾ ਹੈ।(ਜਿਸ ਪੁਰਖ ਦਾ) ਇਹ ਮਨ ਹਰੀ ਪ੍ਰਭੂ ਦੇ ਵਸ ਵਿਚ ਹੋ ਗਿਆ ਹੈ, ਉਸ ਦੀ ਮਰਨ ਜਿਉਣ ਦੀ ਚਿੰਤਾ ਦੂਰ ਹੋ ਗਈ ਹੈ (ਫ.ਸ.; ਪਤਾ ਲਗ ਗਿਆ ਹੈ ਕਿ) ਇਹ ਜੀਵ ਹਰੀ ਦੇ ਵਸ ਵਿਚ ਹੈ, (ਇਸ ਲਈ) ਮਰਨ ਜੀਵਨ ਦੀ ਚਿੰਤਾ ਮਿਟ ਗਈ (ਸ਼ਬਦਾਰਥ)।ਦਾਸ ਨਾਨਕ ਦੀ ਅਰਦਾਸ ਹੈ (ਕਿ ਹੇ ਪ੍ਰਭੂ! ਤੂੰ ਸਾਨੂੰ ਅਪਣਾ) ਨਾਮ ਬਖਸ਼ (ਅਤੇ ਤੈਨੂੰ) ਜਿਵੇਂ ਚੰਗਾ ਲਗਦਾ ਹੈ, ਤਿਵੇਂ ਤੂੰ (ਸਾਨੂੰ) ਰੱਖ।੧।

ਪਦਾਰਥ = ਮਨੂਆ–ਮਨ।ਦ੍ਰਿੜੁ ਕਰਿ–ਪੱਕਾ ਕਰਕੇ (ਟਿਕਾ ਕੇ; ਅਚੱਲ)।ਗੁਰਮੁਖਿ–ਗੁਰੂ ਵਿਚ; ਗੁਰਮੁਖ ਬਣ ਕੇ।ਸਾਸਿ–ਸਾਹ ਲੈਂਦਿਆਂ।ਗਿਰਸਿ–ਭੋਜਨ ਖਾਂਦਿਆਂ।ਨਿਤ–ਹਰ ਰੋਜ।ਜੀਅੜਾ–ਜੀਵ; ਮਨ।੧।

ਮਃ ੩ ॥ ਮਨਮੁਖੁ ਅਹੰਕਾਰੀ ਮਹਲੁ ਨ ਜਾਣੈ, ਖਿਨੁ ਆਗੈ ਖਿਨੁ ਪੀਛੈ ॥ ਸਦਾ ਬੁਲਾਈਐ ਮਹਲਿ ਨ ਆਵੈ, ਕਿਉ ਕਰਿ ਦਰਗਹ ਸੀਝੈ ॥ ਸਤਿਗੁਰ ਕਾ ਮਹਲੁ ਵਿਰਲਾ ਜਾਣੈ, ਸਦਾ ਰਹੈ ਕਰ ਜੋੜਿ ॥ ਆਪਣੀ ਕ੍ਰਿਪਾ ਕਰੇ ਹਰਿ ਮੇਰਾ, ਨਾਨਕ ਲਏ ਬਹੋੜਿ ॥੨॥ ਹੰਕਾਰ ਨਾਲ ਭਰਿਆ ਮਨਮੁਖ ਸਤਸੰਗਤ ਦਾ ਟਿਕਾਣਾ ਨਹੀਂ ਜਾਣਦਾ, ਪਲ ਵਿਚ ਅੱਗੇ ਤੇ ਪਲ ਵਿਚ ਪਿਛੇ (ਭਟਕਦਾ ਰਹਿੰਦਾ) ਹੈ ।(ਭਾਵੇਂ ਉਸ ਨੂੰ) ਸਦਾ ਬੁਲਾਉਂਦੇ ਰਹੀਏ, (ਫਿਰ ਵੀ ਉਹ) ਸਤਿਸੰਗਤ ਵਿਚ ਨਹੀਂ ਆਉਂਦਾ, (ਇਉਂ ਉਹ ਰੱਬੀ) ਦਰਗਾਹ ਵਿਚ ਕਿਵੇਂ ਕਰਕੇ ਸਫਲ ਹੋਵੇਗਾ? ਸਤਿਗੁਰੂ ਦਾ (ਸਤਿਸੰਗਤ ਰੂਪ) ਟਿਕਾਣਾ ਕੋਈ ਵਿਰਲਾ ਮਨੁੱਖ ਜਾਣਦਾ ਹੈ, (ਜੋ ਜਾਣ ਲੈਂਦਾ ਹੈ, ਉਹ

All Rights Reserved by Harjinder Singh Gyani | www.GuruGranthVakhyaan.org

ਮਨ ਨੀਵਾਂ ਕਰਕੇ ਅਦਬ ਵਿਚ ਗੁਰੂ ਦੇ ਸਨਮੁਖ) ਸਦਾ ਹੱਥ ਜੋੜ ਕੇ ਖੜਾ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਉਸ ਪੁਰਖ ਉਤੇ) ਮੇਰਾ ਹਰੀ ਕ੍ਰਿਪਾ ਕਰਦਾ ਹੈ ਅਤੇ (ਉਸ ਨੂੰ ਮਨਮੁੱਖਤਾ ਵੱਲੋਂ) ਮੋੜ ਕੇ ਅਪਣੇ ਨਾਲ ਜੋੜ ਲੈਂਦਾ ਹੈ।੨।

ਪਦਾਰਥ = ਮਹਲੁ–ਸਤਿਸੰਗ ਦਾ ਟਿਕਾਣਾ। ਖਿਨੁ–ਪਲ। ਸੀਝੈ–ਸਫਲ (ਮੁਕਤ) ਹੁੰਦਾ ਹੈ। ਕਰ–ਹੱਥ। ਬਹੋੜਿ–ਮੋੜ ਕੇ।੨।

ਖਿਨੁ ਆਗੈ ਖਿਨੁ ਪੀਛੈ = ਜਿਸ ਘੜੀ ਲਾਭ ਮਿਲੇ ਤਾਂ ਅੱਗੇ ਹੁੰਦਾ ਹੈ, ਜਿਸ ਪਲ ਕੁਛ ਨਾ ਮਿਲੇ ਤਾਂ ਪਿਛੇ ਹੋ ਜਾਂਦਾ ਹੈ (ਫ.ਸ.)। ਖਾਣ ਪੀਣ ਨੂੰ ਕੁਛ ਮਿਲਦਾ ਦੇਖ ਕੇ ਉਸ ਪਲ ਅੱਗੇ ਹੁੰਦਾ ਹੈ ਤੇ ਸੇਵਾ ਕਰਨ ਦੇ ਪਲ ਪਿੱਛੇ ਹੋ ਬੈਠਦਾ ਹੈ (ਸੰ.ਸ.)।

ਪਉੜੀ ॥ ਸਾ ਸੇਵਾ ਕੀਤੀ ਸਫਲ ਹੈ, ਜਿਤੁ ਸਤਿਗੁਰ ਕਾ ਮਨੁ ਮੰਨੇ ॥ ਜਾ ਸਤਿਗੁਰ ਕਾ ਮਨੁ ਮੰਨਿਆ, ਤਾ ਪਾਪ ਕਸੰਮਲ ਭੰਨੇ ॥ ਉਪਦੇਸੁ ਜਿ ਦਿਤਾ ਸਤਿਗੁਰੂ ,ਸੋ ਸੁਣਿਆ ਸਿਖੀ ਕੰਨੇ ॥ ਜਿਨ ਸਤਿਗੁਰ ਕਾ ਭਾਣਾ ਮੰਨਿਆ, ਤਿਨ ਚੜੀ ਚਵਗਣਿ ਵੰਨੇ ॥ ਇਹ ਚਾਲ ਨਿਰਾਲੀ ਗੁਰਮੁਖੀ, ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥ ਉਹ ਸੇਵਾ ਕੀਤੀ ਹੋਈ (ਸਿੱਖਾਂ ਦੀ) ਸਫਲ ਹੈ, ਜਿਸ (ਸੇਵਾ) ਨਾਲ ਸਤਿਗੁਰੂ ਦਾ ਮਨ ਮੰਨ (ਪ੍ਰਸੰਨ ਹੋ) ਜਾਵੇ। ਜਦ ਸਤਿਗੁਰੂ ਦਾ ਮਨ ਪਤੀਜ ਗਿਆ ਤਾਂ ਛੋਟੇ ਪਾਪ ਤੇ ਵੱਡੇ ਪਾਪ (ਗੁਰੂ ਨੇ) ਨਾਸ਼ ਕਰ ਦਿਤੇ। ਜਿਹੜਾ ਉਪਦੇਸ਼ ਸਤਿਗੁਰੂ ਨੇ ਦਿਤਾ, ਉਹ (ਉਪਦੇਸ਼) ਸਿੱਖਾਂ ਨੇ ਕੰਨਾਂ (ਧਿਆਨ) ਨਾਲ ਸੁਣਿਆ ਹੈ। ਜਿਨ੍ਹਾਂ (ਸਿੱਖਾਂ) ਨੇ ਸਤਿਗੁਰੂ ਦਾ ਭਾਣਾ ਮੰਨਿਆ ਹੈ, ਉਨ੍ਹਾਂ ਨੂੰ (ਨਾਮ ਬਾਣੀ ਦੀ) ਚੌਗੁਣੀ ਰੰਗਤ ਚੜ੍ਹ ਗਈ। ਗੁਰਮੁਖਾਂ ਦੀ ਇਹ ਮਰਿਆਦਾ ਨਿਰਾਲੀ ਹੈ {ਭਗਤਾ ਕੀ ਚਾਲ ਨਿਰਾਲੀ ੯੧੮}, (ਜੋ ਕਿ ਉਨ੍ਹਾਂ ਦਾ) ਮਨ ਗੁਰੂ ਦੀ ਸਿਖਿਆ ਸੁਣ ਕੇ ਭਿੱਜ ਗਿਆ ਹੈ।੨੫।

ਪਦਾਰਥ = ਸਾ–ਉਹ। ਜਿਤੁ–ਜਿਸ ਨਾਲ। ਮਨੁ ਮੰਨੇ–ਪ੍ਰਸੰਨ ਹੋ ਜਾਵੇ; ਪਤੀਜ ਜਾਵੇ। ਜਾ–ਜਦ। ਤਾ–ਤਦ। ਕਸੰਮਲ–ਵੱਡੇ ਪਾਪ। ਭੰਨੇ–ਨਾਸ਼ ਕਰ ਦਿਤੇ; ਭਜਾ ਦਿਤੇ। ਜਿ–ਜਿਹੜਾ। ਸਿਖੀ–ਸਿੱਖਾਂ ਨੇ। ਕੰਨੇ–ਕੰਨਾਂ (ਧਿਆਨ) ਨਾਲ। ਚੜੀ–ਚੜ੍ਹ ਗਈ। ਭਾਣਾ–ਹੁਕਮ। ਚਵਗਣਿ–(ਚਵੱਗਣ ਬੋਲੋ) ਚੌਗੁਣੀ। ਵੰਨੇ–ਰੰਗ। ਚਾਲ–ਮਰਿਆਦਾ; ਰੀਤ। ਨਿਰਾਲੀ–ਅਨੋਖੀ; ਅਦੁਤੀ; ਵੱਖਰੀ। ਗੁਰਮੁਖੀ–ਗੁਰਮੁਖਾਂ ਦੀ। ਦੀਖਿਆ–ਸਿੱਖਿਆ। ਭਿੰਨੇ–ਭਿੱਜ ਗਿਆ (ਕਠੋਰਤਾ ਮਿਟ ਕੇ ਮਨ ਕੋਮਲ ਤੇ ਨਰਮ ਹੋ ਗਿਆ, ਕੋਮਲ ਤੇ ਨਰਮ ਮਨ ਵਿਚ ਗੁਰੂ ਦੀ ਸਿਖਿਆ ਛੇਤੀ ਵਸ ਜਾਂਦੀ ਹੈ। ਜਿਵੇਂ ਪਿੰਘਰੀ ਲਾਖ ਤੇ ਮੋਹਰ ਦੀ ਛਾਪ ਠੀਕ ਲਗਦੀ ਹੈ।੨੫।

ਸਲੋਕੁ ਮਃ ੩ ॥ ਜਿਨਿ ਗੁਰੁ ਗੋਪਿਆ ਆਪਣਾ, ਤਿਸੁ ਠਉਰ ਨ ਠਾਉ ॥ ਹਲਤੁ ਪਲਤੁ ਦੋਵੈ ਗਏ, ਦਰਗਹ ਨਾਹੀ ਥਾਉ ॥ ਓਹ ਵੇਲਾ ਹਥਿ ਨ ਆਵਈ, ਫਿਰਿ ਸਤਿਗੁਰ ਲਗਹਿ ਪਾਇ ॥ ਸਤਿਗੁਰ ਕੀ ਗਣਤੈ ਘੁਸੀਐ, ਦੁਖੇ ਦੁਖਿ ਵਿਹਾਇ ॥ ਸਤਿਗੁਰ ਪੁਰਖੁ ਨਿਰਵੈਰੁ ਹੈ, ਆਪੇ ਲਏ ਜਿਸੁ ਲਾਇ ॥ ਨਾਨਕ ਦਰਸਨੁ ਜਿਨਾ ਵੇਖਾਲਿਓਨੁ ,ਤਿਨਾ ਦਰਗਹ ਲਏ ਛਡਾਇ ॥੧॥ ਜਿਸ (ਮਨੁੱਖ) ਨੇ ਅਪਣੇ ਗੁਰੂ ਨੂੰ ਛੁਪਾਇਆ ਹੈ (ਗੁਰੂ ਨੂੰ ਪ੍ਰਤੱਖ ਤੌਰ ਤੇ ਮੰਨਣ ਤੋਂ ਇਨਕਾਰੀ ਹੋਇਆ), ਉਸ ਨੂੰ (ਲੋਕ ਪ੍ਰਲੋਕ ਵਿਚ ਕੋਈ) ਥਾਂ ਟਿਕਾਣਾ ਨਹੀਂ ਮਿਲਦਾ। ਉਸ ਦੇ ਲੋਕ ਪ੍ਰਲੋਕ ਦੋਵੇਂ ਨਿਸਫਲ ਚਲੇ ਗਏ ਅਤੇ ਰੱਬ ਦੀ ਦਰਗਾਹ ਵਿਚ ਥਾਂ ਵੀ ਨਹੀਂ ਮਿਲਦਾ। (ਅੱਗੇ ਗਿਆਂ) ਉਹ ਵੇਲਾ ਹੱਥ ਨਹੀਂ ਆਉਂਦਾ, (ਜਦ ਉਹ) ਮੁੜ ਸਤਿਗੁਰੂ ਦੇ ਚਰਣੀਂ ਲਗ ਸਕੇ। ਜੇ ਸਤਿਗੁਰੂ ਦੇ ਸਿੱਖਾਂ ਦੀ ਗਿਣਤੀ ਵਿਚ ਆਉਣ ਤੋਂ ਰਹਿ ਜਾਈਏ (ਗੁਰੂ ਦੇ ਲੇਖੇ ਨਾ ਲਗ ਸਕੀਏ), ਤਾਂ ਉਮਰ ਦੁਖ ਹੀ ਦੁਖ ਵਿਚ ਗੁਜਰਦੀ ਹੈ। ਸਤਿਗੁਰੂ ਨਿਰਵੈਰ ਪੁਰਖ ਹੈ, ਜਿਸ ਮਨੁੱਖ ਨੂੰ (ਉਹ ਅਪਣੇ ਨਾਲ) ਆਪ ਲਗਾ ਲੈਂਦਾ ਹੈ, ਉਹ ਹੀ ਲਗਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਨੂੰ ਉਸ ਸਤਿਗੁਰੂ ਨੇ (ਅਪਣੇ ਸਰੂਪ ਦਾ) ਦਰਸ਼ਨ ਦਿਖਾਇਆ ਹੈ, ਉਨ੍ਹਾਂ ਨੂੰ ਦਰਗਾਹ ਵਿਚ (ਲੇਖੇ ਤੋਂ) ਛੁਡਾ ਲੈਂਦਾ ਹੈ।੧।

ਪਦਾਰਥ = ਗੋਪਿਆ–ਲੁਕਾਇਆ (ਗੁਰੂ ਨੂੰ ਮੰਨਣ ਤੋਂ ਇਨਕਾਰ ਹੋਇਆ); ਨਿੰਦਿਆ (ਮ.ਕੋ.; ਦਰਪਣ)। ਠਉਰ–ਠਹਿਰਨ ਦੀ ਥਾਂ। ਠਾਉ–ਥਾਂ; ਟਿਕਾਣਾ। ਹਲਤੁ–ਇਹ ਲੋਕ। ਪਲਤੁ–ਪ੍ਰਲੋਕ। ਫਿਰਿ–ਮੁੜ ਦੁਬਾਰਾ। ਪਾਇ–ਪੈਰੀਂ (ਚਰਨੀਂ)। ਗਣਤੈ–(ਗੁਰੂ ਦੇ ਹਜੂਰੀ ਸਿੱਖਾਂ ਦੀ) ਗਿਣਤੀ ਵਿਚੋਂ। ਘੁਸੀਐ–ਖੁੱਸ ਜਾਈਏ (ਸਤਿਗੁਰੂ ਤੋਂ ਬੇਮੁਖ ਹੋ ਜਾਈਏ)। ਵਿਹਾਇ–ਗੁਜਰਦੀ ਹੈ।੧।

ਮਃ ੩ ॥ ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥ ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ, ਕਿਆ ਆਖਿ ਸੁਣਾਵੈ ॥ ਅੰਨਾ ਬੋਲਾ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥ ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ ਨਾਨਕ ਪੂਰਬਿ ਲਿਖਿਆ ਕਮਾਇ ॥੨॥ ਮਨਮੁਖ ਗਿਆਨ ਰਹਿਤ ਹੋਣ ਕਰਕੇ ਖੋਟੀ ਮੱਤ ਵਾਲਾ ਤੇ ਹੰਕਾਰੀ ਹੈ। (ਉਸ ਦੇ) ਅੰਦਰ ਕ੍ਰੋਧ ਹੈ (ਅਤੇ ਉਸ ਨੇ) ਵਿਸ਼ਿਆਂ ਰੂਪ ਜੂਏ ਵਿਚ ਅਕਲ ਹਾਰ ਦਿਤੀ ਹੈ। ਉਹ ਝੂਠ ਬੋਲਦਾ ਹੈ, ਬੁਰੇ ਤੇ ਪਾਪ ਕਰਮ ਕਰਦਾ ਹੈ। ਉਹ (ਕਿਸੇ ਦੀ ਚੰਗੀ ਸਿਖਿਆ) ਕੀ ਸੁਣੇ ਤੇ (ਕਿਸੇ ਨੂੰ ਚੰਗੀ ਗਲ) ਕੀ ਆਖ ਸੁਣਾਵੇ (ਮਨਮੁਖ ਤੋਂ ਚੰਗੀ ਗਲ ਦੀ ਆਸ ਨਹੀਂ ਕੀਤੀ ਜਾ ਸਕਦੀ। ਉਹ ਗੁਰੂ ਦਾ ਉਪਦੇਸ਼ ਸੁਣਨ ਤੋਂ) ਬੋਲਾ ਹੈ, (ਗੁਰੂ ਦੀ ਪ੍ਰਤੱਖ ਸੱਤਿਆ ਦੇਖਣ ਤੋਂ) ਅੰਨ੍ਹਾ ਹੈ, (ਇਸ ਲਈ

All Rights Reserved by Harjinder Singh Gyani | www.GuruGranthVakhyaan.org

ਮਾਇਆ ਦੇ ਭਰਮ ਰੂਪ ਬਨ ਵਿਚ) ਖੁੰਝ ਕੇ ਕੁਰਾਹੇ ਜਾ ਪੈਂਦਾ ਹੈ।(ਇਸ ਕਰਕੇ) ਮਨਮੁਖ ਅੰਨ੍ਹਾ ਜੰਮਦਾ ਮਰਦਾ ਰਹਿੰਦਾ ਹੈ।ਸਤਿਗੁਰੂ ਨੂੰ ਮਿਲੇ ਬਿਨਾ ਸਰੂਪ ਰੂਪ ਟਿਕਾਣਾ ਨਹੀਂ ਪਾ ਸਕਦਾ; (ਰੱਬ ਦੇ ਦਰਬਾਰ ਵਿਚ) ਪ੍ਰਵਾਨ ਨਹੀਂ ਹੁੰਦਾ।ਹੇ ਨਾਨਕ! ਮੁੱਢ ਤੋਂ (ਕੀਤੇ ਮੰਦੇ ਕਰਮਾਂ ਦੇ ਕਾਰਣ ਮੱਥੇ ਤੇ ਜੋ) ਲੇਖ ਲਿਖਿਆ ਹੋਇਆ ਹੈ, (ਉਸ ਅਨੁਸਾਰ ਹੀ ਮਨਮੁਖ ਬੁਰੇ) ਕਰਮ ਕਰਦਾ ਹੈ।੨।

ਪਦਾਰਥ = ਅਗਿਆਨੁ-ਗਿਆਨ ਤੋਂ ਰਹਿਤ।ਦੁਰਮਤਿ-ਖੋਟੀ ਬੁੱਧੀ ਵਾਲਾ।ਅੰਤਰਿ-ਮਨ ਦੇ ਅੰਦਰ।ਕੁਸਤੁ-(ਕੁਸੱਤ ਬੋਲੋ) ਛਲ; ਕਪਟ; ਬੁਰਿਆਈ; ਨੀਚ ਸੁਭਾਵ।ਖੁਇ-ਖੁੰਝ ਕੇ; ਭੁੱਲ ਕੇ।ਉਝੜਿ-ਕੁਰਾਹੇ; ਡਰਾਉਣੇ ਜੰਗਲ ਵਿਚ।ਪਾਇ-ਪੈਂਦਾ ਹੈ।ਬਿਨੁ ਭੇਟੇ-ਮਿਲੇ ਬਿਨਾ।ਪੂਰਬਿ ਲਿਖਿਆ-ਪਹਿਲਾਂ ਦਾ ਲਿਖਿਆ; ਵਾਹਿਗੁਰੂ ਦੀ ਹਜੂਰੀ ਤੋਂ ਭਾਗਾਂ ਵਜੋਂ ਮਿਲਿਆ ਹੋਇਆ।੨।

ਪਉੜੀ ॥ ਜਿਨ ਕੇ ਚਿਤ ਕਠੋਰ ਹਹਿ, ਸੇ ਬਹਹਿ ਨ ਸਤਿਗੁਰ ਪਾਸਿ ॥ ਓਥੈ ਸਚੁ ਵਰਤਦਾ, ਕੂੜਿਆਰਾ ਚਿਤ ਉਦਾਸਿ ॥ ਓਇ ਵਲੁ ਛਲੁ ਕਰਿ ਝਤਿ ਕਢਦੇ, ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥ ਵਿਚਿ ਸਚੇ ਕੂੜੁ ਨ ਗਡਈ, ਮਨਿ ਵੇਖਹੁ ਕੋ ਨਿਰਜਾਸਿ ॥ ਕੂੜਿਆਰ ਕੂੜਿਆਰੀ ਜਾਇ ਰਲੇ, ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥੨੬॥ ਜਿਨ੍ਹਾਂ ਮਨੁੱਖਾਂ ਦੇ ਚਿੱਤ ਕਠੋਰ ਹਨ, ਉਹ (ਕਠੋਰ ਚਿੱਤ ਵਾਲੇ) ਸਤਿਗੁਰੂ ਦੇ ਕੋਲ ਨਹੀਂ ਬੈਠਦੇ।(ਕਿਉਂਕਿ) ਉਥੇ ਸੱਚ ਵਰਤਦਾ ਹੁੰਦਾ ਹੈ, (ਉਥੇ ਸਤਿਗੁਰੂ ਦੀ ਸੰਗਤ ਵਿਚ) ਝੂਠਿਆਂ ਦਾ ਚਿਤ ਉਦਾਸ ਹੋ ਜਾਂਦਾ ਹੈ (ਉਥੇ ਝੂਠਿਆਂ ਦਾ ਮਨ ਨਹੀਂ ਲਗਦਾ।ਜੇ ਝੂਠੇ ਲੋਕ ਕਿਸੇ ਦੇ ਪ੍ਰੇਰੇ ਹੋਏ ਸਤਿਗੁਰੂ ਕੋਲ ਚਲੇ ਵੀ ਜਾਣ, ਤਾਂ) ਉਹ ਵਲ ਛਲ ਕਰਕੇ ਸਮਾਂ ਗੁਜਾਰ ਲੈਂਦੇ ਹਨ, ਮੁੜ (ਉਥੋਂ ਉਠ ਕੇ) ਝੂਠਿਆਂ ਕੋਲ ਜਾ ਬੈਠਦੇ ਹਨ।ਮਨ ਵਿਚ ਨਿਰਣਾ ਕੋਈ ਕਰਕੇ ਦੇਖ ਲਵੇ ਕਿ ਸੱਚੇ ਪੁਰਖਾਂ ਵਿਚ ਝੂਠੇ (ਲੋਕ) ਰਲ ਹੀ ਨਹੀਂ ਸਕਦੇ।ਝੂਠੇ ਲੋਕ ਝੂਠਿਆਂ ਵਿਚ ਜਾ ਰਲਦੇ ਹਨ, (ਪਰ) ਸੱਚੇ ਸਿੱਖ ਸਤਿਗੁਰੂ ਪਾਸ ਬੈਠਦੇ ਹਨ।੨੬।

ਪਦਾਰਥ = ਕਠੋਰ-ਸਖਤ; ਨਿਰਦਈ।ਹਹਿ-ਹਨ।ਸੇ-ਉਹ।ਬਹਹਿ-ਬੈਠਦੇ।ਵਲੁ ਛਲੁ-ਛਲ ਫਰੇਬ।ਝਤਿ ਕਢਦੇ-ਸਮਾਂ ਲੰਘਾਉਂਦੇ ਹਨ।ਫਿਰਿ-ਮੁੜ ਦੁਬਾਰਾ।ਨ ਗਡਈ-ਨਹੀਂ ਰਲਦਾ।ਕੋ-ਕੋਈ।ਨਿਰਜਾਸਿ-ਨਿਰਣਾ ਕਰਕੇ।ਜਾਇ ਰਲੇ-ਜਾ ਰਲਦੇ ਹਨ।੨੬।

ਸਲੋਕ ਮਃ ੫ ॥ ਰਹਦੇ ਖੁਹਦੇ ਨਿੰਦਕ ਮਾਰਿਅਨੁ, ਕਰਿ ਆਪੇ ਆਹਰੁ ॥ ਸੰਤ ਸਹਾਈ ਨਾਨਕਾ, ਵਰਤੈ ਸਭ ਜਾਹਰੁ ॥੧॥ ਪ੍ਰਭੂ ਨੇ ਆਪ ਹੀ ਉਦਮ ਕਰਕੇ (ਗੁਰੂਆਂ ਦੀ ਨਿੰਦਿਆ ਕਰਨ ਵਾਲੇ) ਬਚੇ ਖੁਚੇ ਨਿੰਦਕ ਮਾਰ ਦਿਤੇ ਹਨ।ਹੇ ਨਾਨਕ! ਸੰਤਾਂ ਦੀ ਸਹਾਇਤਾ ਕਰਨ ਵਾਲਾ (ਪ੍ਰਭੂ) ਸਭ ਜਗ੍ਹਾ ਪ੍ਰਤੱਖ ਵਰਤ ਰਿਹਾ ਹੈ (ਮੱਦਤ ਲਈ ਪ੍ਰਭੂ ਕਿਤੋਂ ਦੂਰੋਂ ਨਹੀ ਆਉਂਦਾ, ਸਦਾ ਅੰਗ ਸੰਗ ਹੈ)।੧।

ਪਦਾਰਥ = ਰਹਦੇ ਖੁਹਦੇ-ਬਚੇ ਖੁਚੇ; ਬਾਕੀ ਬਚੇ ਸਾਰੇ।ਆਹਰੁ-ਉਦਮ; ਇੰਤਜਾਮ।ਜਾਹਰੁ-ਪ੍ਰਤੱਖ; ਪ੍ਰਗਟ; ਸਾਮ੍ਹਣੇ।੧।

ਮਃ ੫ ॥ ਮੁੰਢਹੁ ਭੁਲੇ ਮੁੰਢ ਤੇ, ਕਿਥੈ ਪਾਇਨਿ ਹਥੁ ॥ ਤਿੰਨੈ ਮਾਰੇ ਨਾਨਕਾ, ਜਿ ਕਰਣ ਕਾਰਣ ਸਮਰਥੁ ॥੨॥ (ਜਿਹੜੇ ਮਨੁੱਖ) ਪਹਿਲਾਂ (ਜਨਮ) ਤੋਂ ਹੀ ਮੂਲ ਰੂਪ ਵਾਹਿਗੁਰੂ ਤੋਂ ਭੁੱਲੇ ਹੋਏ ਹਨ, (ਉਹ ਅਪਣੇ ਬਚਾ ਲਈ) ਕਿਥੇ ਹੱਥ ਪਾਉਣ ਭਾਵ ਕਿਸ ਦੀ ਓਟ ਲੈਣ? ਹੇ ਨਾਨਕ! ਉਨ੍ਹਾਂ ਨੂੰ ਉਸ (ਮੂਲ ਰੂਪ ਵਾਹਿਗੁਰੂ) ਨੇ ਮਾਰਿਆ ਹੈ, ਜੋ ਸਾਰੇ ਕਾਰਣਾਂ ਦੇ ਕਰਨ ਨੂੰ ਸਮਰੱਥ ਹੈ।੨।

ਪਦਾਰਥ = ਮੁੰਢਹੁ-ਮੁੱਢ (ਪਹਿਲਾਂ) ਤੋਂ।ਮੁੰਢ ਤੇ-ਵਾਹਿਗੁਰੂ ਤੋਂ, ਜੋ ਸਭ ਦਾ ਮੂਲ ਹੈ।ਤਿੰਨੈ-ਉਸ ਨੇ।ਜਿ-ਜਿਹੜਾ।ਕਰਣ ਕਾਰਣ-ਕਾਰਣਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਕਾਰਣ ਵਾਹਿਗੁਰੂ।ਸਮਰਥੁ-ਬਲਵਾਨ।੨।

ਪਉੜੀ ੫ ॥ ਲੈ ਫਾਹੇ ਰਾਤੀ ਤੁਰਹਿ, ਪ੍ਰਭੁ ਜਾਣੈ ਪ੍ਰਾਣੀ ॥ ਤਕਹਿ ਨਾਰਿ ਪਰਾਈਆ, ਲੁਕਿ ਅੰਦਰਿ ਠਾਣੀ ॥ ਸੰਨ੍ਹੀ ਦੇਨ੍ਹਿ ਵਿਖੰਮ ਥਾਇ, ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ, ਆਪੇ ਪਛੁਤਾਣੀ ॥ ਅਜਰਾਈਲੁ ਫਰੇਸਤਾ, ਤਿਲ ਪੀੜੇ ਘਾਣੀ ॥੨੭॥ ਲੋਕਾਂ ਨੂੰ ਠੱਗਣ ਲਈ ਕਈ ਮਨੁੱਖ ਰਾਤ ਨੂੰ ਫਾਹੇ ਲੈ ਕੇ ਤੁਰਦੇ ਹਨ, ਇਹੋ ਜਿਹੇ ਮਨੁੱਖਾਂ (ਦੇ ਬੁਰੇ ਕਰਮਾਂ) ਨੂੰ ਵਾਹਿਗੁਰੂ ਜਾਣਦਾ ਹੈ।ਥਾਵਾਂ ਦੇ ਅੰਦਰ ਲੁਕ ਕੇ ਪਰਾਈ ਇਸਤ੍ਰੀਆਂ (ਦੇ ਗਹਿਣਿਆਂ) ਨੂੰ ਦੇਖਦੇ ਹਨ (ਤਾਂ ਕਿ ਉਹ ਲੁੱਟ ਲਈਆਂ ਜਾਣ।ਫਿਰ ਉਨ੍ਹਾਂ ਦੇ ਘਰਾਂ ਵਿਚ) ਔਖੀਆਂ ਥਾਂਵਾਂ ਤੇ ਸੰਨ੍ਹ ਲਾ ਦੇਂਦੇ ਹਨ, (ਉਨ੍ਹਾਂ ਦਾ ਧਨ ਚੁਰਾ ਕੇ) ਸ਼ਰਾਬ ਨੂੰ ਮਿੱਠਾ ਜਾਣ ਕੇ ਮਾਣਦੇ (ਪੀਂਦੇ) ਹਨ।ਆਪੋ ਅਪਣੇ ਕੀਤੇ ਕਰਮਾਂ ਅਨੁਸਾਰ ਫਲ ਭੋਗ ਕੇ (ਅੰਤ ਨੂੰ) ਆਪੇ ਪਛਤਾਉਂਦੇ ਹਨ।(ਕਿਉਂਕਿ) ਮੌਤ ਦਾ ਦੇਵਤਾ ਬੁਰੇ ਕਰਮ ਕਰਨ ਵਾਲੇ ਮਨੁੱਖਾਂ ਨੂੰ ਇਉਂ ਪੀੜਦਾ ਹੈ, ਜਿਵੇਂ ਘਾਣੀ ਵਿਚ ਤਿਲ ਪੀੜੇ ਜਾਂਦੇ ਹਨ।੨੭।

ਪਦਾਰਥ = ਫਾਹੇ-ਰੱਸੇ (ਰੱਸੇ ਨਾਲ ਇਕ ਕੁੰਡੀ ਜਿਹੀ ਬੰਨ੍ਹ ਕੇ ਕੋਠੇ ਤੇ ਸੁੱਟ ਦੇਂਦੇ ਹਨ, ਜਿਸ ਦੀ ਸਹਾਇਤਾ ਨਾਲ ਉਪਰ ਚੜ੍ਹ ਕੇ ਘਰਾਂ ਨੂੰ ਲੁੱਟਦੇ ਹਨ)।ਰਾਤੀ-ਰਾਤ ਨੂੰ।ਤਕਹਿ-ਦੇਖਦੇ ਹਨ।ਨਾਰਿ-ਇਸਤ੍ਰੀਆਂ।ਅੰਦਰਿ ਠਾਣੀ-ਥਾਂਵਾਂ ਦੇ ਅੰਦਰ; ਗੁਪਤ ਥਾਵਾਂ। ਸੰਨ੍ਹੀ ਦੇਨਿ-ਸੰਨ੍ਹ ਲਗਾ ਦੇਂਦੇ ਹਨ।ਵਿਖੰਮ ਥਾਇ-ਔਖੇ ਥਾਂ (ਜਿਥੇ ਪਹੁੰਚਣਾ ਔਖਾ ਹੋਵੇ ਜਾਂ ਪੱਕੇ ਹੋਣ ਕਰਕੇ ਭੰਨ੍ਹਣਾ ਔਖਾ ਹੋਵੇ)।

All Rights Reserved by Harjinder Singh Gyani | www.GuruGranthVakhyaan.org

ਮਦੁ-ਸ਼ਰਾਬ।ਮਾਣੀ-ਮਾਣਦੇ (ਪੀਂਦੇ) ਹਨ।ਕਰਮੀ-ਕਰਮਾਂ ਅਨੁਸਾਰ।ਅਜਰਾਈਲ ਫਰੇਸਤਾ-ਮੌਤ ਦਾ ਦੇਵਤਾ (ਜਮਦੂਤ)।ਪੀੜੇ ਘਾਣੀ-ਕੋਹਲੂ ਵਿਚ ਪੀੜਨ ਵਾਲੀ ਵਸਤੂ ਦਾ ਪੂਰ; ਅਤਿਅੰਤ ਦੁਖ ਦੇਂਦੇ ਹਨ।ਤਿਲ ਘਾਣੀ-ਤਿਲਾਂ ਦੀ ਘਾਣੀ।੨੭।

ਨੋਟ = ਵਾਰ ਨਾਲ ਜਿਹੜਾ ਮਹੱਲਾ ਦਿਤਾ ਹੁੰਦਾ ਹੈ, ਪਉੜੀਆਂ ਵੀ ਉਸੇ ਮਹੱਲੇ ਦੀਆਂ ਉਚਾਰੀਆਂ ਹੁੰਦੀਆਂ ਹਨ, ਇਸ ਲਈ ਪਉੜੀ ਦੇ ਨਾਲ ਮਹੱਲਾ ਲਿਖਿਆ ਨਹੀਂ ਹੁੰਦਾ।ਇਹ ਵਾਰ ਮਹੱਲਾ ੪ ਦੀ ਹੈ, ਹੁਣ ਤਕ ਸਾਰੀਆਂ ਪਉੜੀਆਂ ਮਹੱਲਾ ੪ ਦੀਆਂ ਆਈਆਂ ਹਨ, ਪਰ ਅੱਗੇ ਕੁਝ ਪਉੜੀਆਂ ਮਹੱਲਾ ੫ ਦੀਆਂ ਉਚਾਰੀਆਂ ਹੋਈਆਂ ਹਨ।ਇਸ ਲਈ ਪਉੜੀ ਦੇ ਨਾਲ ਮਃ ੫ ਤੇ ਕਿਤੇ ਨਿਰਾ ਪਉੜੀ ੫ ਲਿਖਿਆ ਮਿਲਦਾ ਹੈ।ਪਉੜੀ ੫ ਨੂੰ ਪਉੜੀ ਪੰਜਵਾਂ ਉਚਾਰਨ ਕਰਨਾ ਹੈ।

ਮਿਠਾ ਮਦੁ ਮਾਣੀ = ਲੁੱਟ ਦੇ ਮਾਲ ਨਾਲ ਮਿੱਠੇ ਪਦਾਰਥ ਤੇ ਸ਼ਰਾਬ ਪੀਣ ਦੀ ਮੌਜ ਮਾਣਦੇ ਹਨ; ਚੋਰੀ ਦੇ ਪਦਾਰਥਾਂ ਦੇ ਨਸ਼ੇ ਨੂੰ ਮਿਠਾ ਕਰਕੇ ਮਾਣਦੇ (ਭੋਗਦੇ) ਹਨ (ਬਾ.ਪ੍ਰ.)।

ਵਿਆਖਿਆ = ਪਉੜੀ ਵਿਚ ਰਾਤ ਨੂੰ ਘਰਾਂ ਵਿਚ ਪਾੜ ਲਾ ਕੇ ਇਸਤ੍ਰੀਆਂ ਦੇ ਗਹਿਣੇ ਲੁੱਟਣ ਜਾਂ ਰਸਤਿਆਂ ਵਿਚ ਔਰਤਾਂ ਨੂੰ ਲੁੱਟਣ ਵਾਲੇ ਤੇ ਉਨ੍ਹਾਂ ਦੀ ਬੇਪਤੀ ਕਰਨ ਵਾਲੇ ਮਨੁੱਖਾਂ ਦਾ ਜਿਕਰ ਹੈ।ਪਾਪ ਕਰਮ ਕਰਨ ਵਾਲਿਆਂ ਦਾ ਜਿਕਰ ਵੀ ਹੋ ਸਕਦਾ ਹੈ = ੧. ਪਰਾਈ ਇਸਤ੍ਰੀਆਂ ਨੂੰ ਕਾਬੂ ਕਰਕੇ ਲੁਕਵੀਂ ਥਾਂ ਤੇ ਲਿਜਾ ਕੇ ਭੋਗਣ ਵਾਲੇ।੨. ਸੰਨ੍ਹ ਲਾ ਕੇ ਲੋਕਾਂ ਦੇ ਘਰਾਂ ਵਿਚ ਚੋਰੀ ਕਰਨ ਵਾਲੇ। ੩. ਮਿੱਠੇ ਪਦਾਰਥ ਛਕਣ ਵਾਲੇ।੪. ਸ਼ਰਾਬਾਂ ਪੀਣ ਵਾਲੇ।ਸਲੋਕਾਂ ਵਿਚ ਗੁਰੂ ਜੀ ਦੀ ਨਿੰਦਿਆ ਕਰਨ ਵਾਲਿਆਂ ਦਾ ਵਰਨਣ ਹੈ।

ਸਲੋਕ ਮਃ ੫ ॥ ਸੇਵਕ ਸਚੇ ਸਾਹ ਕੇ, ਸੇਈ ਪਰਵਾਣੁ ॥ ਦੂਜਾ ਸੇਵਨਿ ਨਾਨਕਾ, ਸੇ ਪਚਿ ਪਚਿ ਮੁਏ ਅਜਾਣ ॥੧॥ (ਜੋ ਪੁਰਖ) ਸੱਚੇ ਸ਼ਾਹ (ਅਕਾਲ ਪੁਰਖ) ਦੇ ਸੇਵਕ ਹਨ, ਉਹ ਹੀ (ਅਕਾਲ ਪੁਰਖ ਦੇ ਦਰਬਾਰ ਵਿਚ) ਪ੍ਰਵਾਨ ਹੁੰਦੇ ਹਨ।ਹੇ ਨਾਨਕ! (ਜੋ ਅਕਾਲ ਪੁਰਖ ਨੂੰ ਛਡ ਕੇ ਕਿਸੇ) ਦੂਜੇ ਦੀ ਸੇਵਾ ਕਰਦੇ ਹਨ, ਉਹ ਅਗਿਆਨੀ ਪੁਰਖ ਖਪ ਖਪ ਕੇ ਮਰਦੇ ਹਨ।੧।

ਪਦਾਰਥ = ਸੇਈ-ਉਹ ਹੀ।ਸੇ-ਉਹ।ਪਚਿ ਪਚਿ-ਖਪ ਖਪ ਕੇ; ਸੜ ਸੜ ਕੇ।ਅਜਾਣ-ਅਗਿਆਨੀ; ਬੇ ਸਮਝ ਲੋਕ।੧।

ਮਃ ੫ ॥ ਜੋ ਧੁਰਿ ਲਿਖਿਆ ਲੇਖੁ ਪ੍ਰਭ, ਮੇਟਣਾ ਨ ਜਾਇ ॥ ਰਾਮ ਨਾਮੁ ਧਨੁ ਵਖਰੋ, ਨਾਨਕ ਸਦਾ ਧਿਆਇ ॥੨॥ (ਹੇ ਭਾਈ! ਕੀਤੇ ਕਰਮਾਂ ਅਨੁਸਾਰ ਸੰਸਕਾਰ ਰੂਪ) ਲੇਖ, ਜੋ ਧੁਰ ਤੋਂ ਪ੍ਰਭੂ ਦਾ ਲਿਖਿਆ ਹੁੰਦਾ ਹੈ, (ਉਹ ਭੋਗੇ ਬਿਨਾ) ਮੇਟਿਆ ਨਹੀਂ ਜਾ ਸਕਦਾ। ਨਾਨਕ ਗੁਰੂ ਜੀ ਉਪਦੇਸ਼ ਦੇਂਦੇ ਹਨ ਕਿ ਰਾਮ ਦਾ ਨਾਮ ਧੰਨਤਾ ਯੋਗ ਸੌਦਾ ਹੈ (ਸੰ.ਸ.; ਫ.ਸ.; ਸੰ.ਪੋ.); ਰਾਮ ਦਾ ਨਾਮ ਰੂਪ ਸੌਦਾ ਅਸਲੀ ਧਨ ਹੈ, (ਜੋ ਨਾਲ ਨਿਭਦਾ ਹੈ, ਇਸ ਨੂੰ) ਸਦਾ ਸਿਮਰ (ਇਉਂ ਲਿਖੇ ਹੋਏ ਲੇਖ ਮਿਟ ਜਾਣਗੇ)।੨।

ਪਦਾਰਥ = ਧੁਰਿ-ਧੁਰ (ਰੱਬ ਦੀ ਹਜੂਰੀ) ਤੋਂ।ਧਨੁ-ਦੌਲਤ; ਧੰਨਤਾ ਯੋਗ।ਵਖਰੋ-ਸੌਦਾ (ਜਿਸ ਨੂੰ ਲੈਣ ਮਨੁੱਖ ਆਇਆ ਹੈ)।੨।

ਪਉੜੀ ੫ ॥ ਨਾਰਾਇਣਿ ਲਇਆ ਨਾਠੂੰਗੜਾ, ਪੈਰ ਕਿਥੈ ਰਖੈ ॥ ਕਰਦਾ ਪਾਪ ਅਮਿਤਿਆ, ਨਿਤ ਵਿਸੋ ਚਖੈ ॥ ਨਿੰਦਾ ਕਰਦਾ ਪਚਿ ਮੁਆ, ਵਿਚਿ ਦੇਹੀ ਭਖੈ ॥ ਸਚੈ ਸਾਹਿਬ ਮਾਰਿਆ, ਕਉਣੁ ਤਿਸ ਨੋ ਰਖੈ ॥ ਨਾਨਕ ਤਿਸੁ ਸਰਣਾਗਤੀ, ਜੋ ਪੁਰਖੁ ਅਲਖੈ ॥੨੮॥ ਕਰਤਾਰ ਨੇ ਜਿਸ ਬਾਲਕ (ਅਗਿਆਨੀ) ਦਾ ਸਹਾਰਾ ਲੈ (ਖੋਹ) ਲਿਆ ਹੈ, ਉਹ ਪੈਰ ਕਿੱਥੇ ਰੱਖੇ? (ਮ.ਕੋ.।ਉਹ ਮਨੁੱਖ) ਬਹੁਤ ਪਾਪ ਕਰਦਾ ਹੈ ਅਤੇ ਸਦਾ (ਵਿਸ਼ਿਆਂ ਦੀ) ਜਹਿਰ ਹੀ ਖਾਂਦਾ ਰਹਿੰਦਾ ਹੈ।ਉਹ ਨਿੰਦਾ ਕਰਦਾ (ਈਰਖਾ ਦੀ ਅੱਗ ਵਿਚ) ਸੜ ਕੇ ਮਰ ਜਾਂਦਾ ਹੈ ਅਤੇ ਦੇਹ ਵਿਚ ਹੀ (ਕੋਲਿਆਂ ਦੀ ਅੱਗ ਵਾਂਗ) ਭਖਦਾ ਰਹਿੰਦਾ ਹੈ।(ਜਿਸ ਮਨੁੱਖ ਨੂੰ) ਸੱਚੇ ਸਾਹਿਬ ਨੇ ਮਾਰਿਆ ਹੋਵੇ, ਉਸ ਨੂੰ ਕੌਣ ਰੱਖ (ਬਚਾ) ਸਕਦਾ ਹੈ? ਨਾਨਕ ਉਸ ਦੀ ਸ਼ਰਣ ਵਿਚ ਆਇਆ ਹੈ, ਜੋ ਅਕਾਲ ਪੁਰਖ ਲੱਖਤਾ ਤੋਂ ਪਰੇ ਹੈ।੨੮।

ਪਦਾਰਥ = ਅਮਿਤਿਆ-ਬਹੁਤ; ਅਣਗਿਣਤ।ਨਿਤ-ਹਰ ਰੋਜ।ਵਿਸੋ-ਜਹਿਰ।ਚਖੈ-ਖਾਂਦਾ ਹੈ।ਪਚਿ-ਸੜ ਕੇ।ਵਿਚਿ ਦੇਹੀ-ਸਰੀਰ ਵਿਚ।ਭਖੈ-ਤਪਦਾ ਹੈ; ਦੁਖੀ ਹੁੰਦਾ ਹੈ।ਅਲਖੈ-(ਅਲੱਖੈ ਬੋਲੋ) ਅਦ੍ਰਿਸਟ; ਜੋ ਸਮਝ ਵਿਚ ਨਾ ਆ ਸਕੇ।੨੮।

ਲਇਆ ਨਾਠੂੰਗੜਾ = ਗਡੀਰਨਾ (ਬੱਚਿਆਂ ਦਾ ਛੋਟਾ ਰੇੜ੍ਹਾ), ਜਿਸ ਦਾ ਸਹਾਰਾ ਲੈ ਕੇ ਬੱਚੇ ਤੁਰਨਾ ਸਿੱਖਦੇ ਹਨ (ਮ.ਕੋ.)।ਜਿਸ ਨੇ ਨਰਾਇਣ ਵਲੋਂ ਨੱਠਣ ਲਈ ਧੱਕਾ ਹੀ ਭਾਗਾਂ ਵਿਚ ਲਿਆ ਹੈ, ਉਹ ਪੈਰ ਟਿਕਾ ਕੇ ਕਿੱਥੇ ਰੱਖ ਸਕਦਾ ਹੈ? (ਸ਼ਬਦਾਰਥ)।ਜਿਸਦਾ ਗਡੀਰਨਾ (ਸਹਾਰਾ) ਰੱਬ ਨੇ ਲੈ ਲਿਆ, ਉਹ ਰੱਬ ਤੋਂ ਬੇਮੁਖ ਹੋਇਆ ਮਨੁੱਖ ਜੀਵਨ ਮਾਰਗ ਤੇ ਚੰਗੀ ਤਰ੍ਹਾਂ ਨਹੀਂ ਚਲ ਸਕਦਾ।ਜਿਸ ਨੇ ਰੱਬ ਦੇ ਰਸਤੇ ਤੇ ਚਲਦਿਆਂ ਠੇਡਾ ਖਾ ਲਿਆ (ਥਿੜਕ ਗਿਆ), ਉਹ ਜੀਵਨ ਦੇ ਸਹੀ ਰਸਤੇ ਤੇ ਨਹੀਂ ਚਲ ਸਕਦਾ।

ਸਲੋਕ ਮਃ ੫ ॥ ਨਰਕ ਘੋਰ ਬਹੁ ਦੁਖ ਘਣੇ, ਅਕਿਰਤਘਣਾ ਕਾ ਥਾਨੁ ॥ ਤਿਨਿ ਪ੍ਰਭਿ ਮਾਰੇ ਨਾਨਕਾ, ਹੋਇ ਹੋਇ ਮੁਏ ਹਰਾਮੁ ॥੧॥ ਜਿਸ ਡਰਾਉਣੇ ਨਰਕ ਵਿਚ ਬਹੁਤ ਜਿਆਦਾ ਦੁਖ ਹਨ, (ਉਥੇ) ਅਕ੍ਰਿਤਘਣਾਂ ਦਾ ਨਿਵਾਸ ਹੈ।(ਅਜੇਹੇ ਅਕ੍ਰਿਤਘਨ) ਉਸ ਪ੍ਰਭੂ ਵੱਲੋਂ

All Rights Reserved by Harjinder Singh Gyani | www.GuruGranthVakhyaan.org

ਮਾਰੇ ਹੋਏ ਹੁੰਦੇ ਹਨ, (ਉਹ) ਅਧਰਮੀ ਹੋ ਹੋ ਕੇ ਮਰਦੇ ਹਨ।੧।

ਪਦਾਰਥ = ਘੋਰ–ਡਰਾਉਣਾ; ਭਿਆਨਕ।ਬਹੁ ਘਣੇ–ਬਹੁਤ ਜਿਆਦਾ।ਅਕਿਰਤਘਣਾ ਕਾ–ਕੀਤੇ ਭਲੇ ਨੂੰ ਭੁਲਾ ਦੇਣ ਵਾਲੇ ਮਨੁੱਖਾਂ ਦਾ; ਰੱਬ ਨੂੰ ਭੁਲਾ ਦੇਣ ਵਾਲੇ ਮਨੁੱਖਾਂ ਦਾ।ਥਾਨੁ–ਟਿਕਾਣਾ; ਨਿਵਾਸ।ਤਿਨਿ ਪ੍ਰਭਿ–ਉਸ ਪ੍ਰਭੂ ਵੱਲੋਂ।ਮੁਏ ਹਰਾਮੁ–ਐਸੀ ਮੌਤੇ ਮਰਦੇ ਹਨ ਕਿ ਮਰਨ ਤੋਂ ਬਾਦ ਵੀ ਭੈੜੀ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ; ਭਿਆਨਕ ਮੌਤੇ ਮਰਦੇ ਹਨ; ਅਧਰਮੀ; ਆਤਮ ਹੱਤਿਆ।੧।

ਮਃ ੫ ॥ ਅਵਖਧ ਸਭੇ ਕੀਤਿਅਨੁ ,ਨਿੰਦਕ ਕਾ ਦਾਰੂ ਨਾਹਿ ॥ ਆਪਿ ਭੁਲਾਏ ਨਾਨਕਾ, ਪਚਿ ਪਚਿ ਜੋਨੀ ਪਾਹਿ ॥੨॥ ਉਸ (ਪ੍ਰਭੂ) ਨੇ ਸਾਰੇ ਰੋਗਾਂ ਦੀਆਂ ਦਵਾਈਆਂ ਪੈਦਾ ਕੀਤੀਆਂ ਹਨ, ਪਰ ਨਿੰਦਕਾਂ (ਦੇ ਨਿੰਦਾ ਰੋਗ) ਦੀ ਕੋਈ ਦਵਾਈ ਨਹੀਂ।ਹੇ ਨਾਨਕ! (ਜਿਹੜੇ ਮਨੁੱਖ ਕੀਤੇ ਕਰਮਾਂ ਦੇ ਕਰਕੇ ਪ੍ਰਭੂ ਨੇ) ਆਪ ਭੁਲਾ ਦਿਤੇ ਹੋਏ ਹਨ, (ਉਹ) ਖਪ ਖਪ ਕੇ ਜੋਨੀਆਂ ਵਿਚ ਪੈਂਦੇ ਹਨ।੨।

ਪਦਾਰਥ = ਅਵਖਧ–ਦਵਾਈਆਂ।ਕੀਤਿਅਨੁ–ਉਸ ਪ੍ਰਭੂ ਨੇ ਪੈਦਾ ਕੀਤੀਆਂ ਹਨ।ਦਾਰੂ–ਦਵਾਈ।ਨਾਹਿ–ਨਹੀਂ।ਪਚਿ ਪਚਿ–ਖਪ ਖਪ ਕੇ; ਸੜ ਸੜ ਕੇ।ਪਾਹਿ–ਪੈਂਦੇ ਹਨ।੨।

ਪਉੜੀ ੫ ॥ ਤੁਸਿ ਦਿਤਾ ਪੂਰੈ ਸਤਿਗੁਰੂ ,ਹਰਿ ਧਨੁ ਸਚੁ ਅਖੁਟੁ ॥ ਸਭਿ ਅੰਦੇਸੇ ਮਿਟਿ ਗਏ, ਜਮ ਕਾ ਭਉ ਛੁਟੁ ॥ ਕਾਮ ਕ੍ਰੋਧ ਬੁਰਿਆਈਆਂ, ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ, ਹੁਇ ਮਰਸਨਿ ਬੁਟੁ ॥ ਨਾਨਕ ਕਉ ਗੁਰਿ ਬਖਸਿਆ, ਨਾਮੈ ਸੰਗਿ ਜੁਟੁ ॥੨੯॥ ਪੂਰੇ ਸਤਿਗੁਰੂ ਨੇ ਪ੍ਰਸੰਨ ਹੋ ਕੇ (ਮੈਨੂੰ) ਹਰੀ ਦਾ ਸੱਚਾ ਨਾਮ ਧਨ ਦਿਤਾ ਹੈ, ਜੋ ਨਾ ਮੁੱਕਣ ਵਾਲਾ ਹੈ।(ਨਾਮ ਸਿਮਰਨ ਕਰਕੇ ਮੇਰੇ) ਸਾਰੇ ਫਿਕਰ ਮਿਟ ਗਏ ਹਨ ਅਤੇ ਜਮਾਂ ਦਾ ਡਰ ਵੀ ਛੁੱਟ ਗਿਆ ਹੈ।ਸਾਧ (ਗੁਰੂ) ਦਾ ਸੰਗ ਕਰਕੇ ਕਾਮ ਕ੍ਰੋਧ ਤੇ ਬੁਰਿਆਈਆਂ ਟੁੱਟ ਗਈਆਂ ਹਨ।ਸੱਚੇ ਪ੍ਰਭੂ ਤੋਂ ਬਿਨਾ (ਜਿਹੜੇ ਮਨੁੱਖ ਕਿਸੇ) ਦੂਜੇ ਦੀ ਸੇਵਾ ਕਰਦੇ ਹਨ, ਉਹ ਅੰਗ ਹੀਣ ਹੋ ਕੇ ਮਰਨਗੇ।ਗੁਰੂ ਨੇ ਨਾਨਕ ਨੂੰ ਨਾਮ ਬਖਸ਼ਿਆ ਹੈ, (ਗੁਰੂ ਦੀ ਕ੍ਰਿਪਾ ਕਰਕੇ ਮੇਰਾ) ਨਾਮ ਨਾਲ ਜੋੜ ਹੋਇਆ ਹੈ।੨੯।

ਪਦਾਰਥ = ਤੁਸਿ–ਪ੍ਰਸੰਨ ਹੋ ਕੇ।ਅਖੁਟੁ–ਨਾ ਮੁੱਕਣ ਵਾਲਾ; ਅਤੁੱਟ।ਅੰਦੇਸੇ–ਫਿਕਰ।ਤੁਟੁ–ਟੁੱਟ ਗਿਆ।ਮਰਸਨਿ–ਮਰਨਗੇ।ਬੁਟੁ–ਚਿੜੀ ਦਾ ਛੋਟਾ ਬੱਚਾ ਜਿਸਦੇ ਖੰਭ ਨਹੀਂ ਹੁੰਦੇ; ਬੇ ਸਹਾਰਾ (ਖੰਭਾਂ ਤੋਂ ਹੀਣਾ ਪੰਛੀ ਉਡ ਨਹੀਂ ਸਕਦਾ, ਡਿਗ ਡਿਗ ਕੇ ਮਰ ਜਾਂਦਾ ਹੈ। ਇਵੇਂ ਰੱਬ ਨੂੰ ਛਡ ਕੇ ਦੂਜੇ ਨੂੰ ਸੇਵਨ ਵਾਲਾ ਮਨੁੱਖ ਪੰਖ ਹੀਣ ਪੰਛੀ ਵਾਂਗ ਦੁਖੀ ਹੋ ਕੇ ਮਰਦਾ ਹੈ)।ਜੁਟੁ–ਜੁੜ ਗਿਆ ਹਾਂ।੨੯।

ਸਲੋਕ ਮਃ ੪ ॥ ਤਪਾ ਨ ਹੋਵੈ ਅੰਦ੍ਰਹੁ ਲੋਭੀ, ਨਿਤ ਮਾਇਆ ਨੋ ਫਿਰੈ ਜਜਮਾਲਿਆ ॥ ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ, ਪਿਛੋ ਦੇ ਪਛੁਤਾਇ ਕੈ ਆਣਿ ਪਤੈ ਪੁਤੁ ਵਿਚਿ ਬਹਾਲਿਆ ॥ ਪੰਚ ਲੋਗ ਸਭਿ ਹਸਣ ਲਗੇ, ਤਪਾ ਲੋਭਿ ਲਹਰਿ ਹੈ ਗਾਲਿਆ ॥ ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ, ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥ ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ, ਬਹਿ ਸਾਧ ਜਨਾ ਵੀਚਾਰਿਆ ॥ ਸਤ ਪੁਰਖ ਕੀ ਤਪਾ ਨਿੰਦਾ ਕਰੈ, ਸੰਸਾਰੈ ਕੀ ਉਸਤਤੀ ਵਿਚਿ ਹੋਵੈ, ਏਤੁ ਦੋਖੈ ਤਪਾ ਦਯਿ ਮਾਰਿਆ ॥ ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੈ ਨੋ ਫਲੁ ਲਗਾ, ਸਭੁ ਗਇਆ ਤਪੈ ਕਾ ਘਾਲਿਆ ॥ ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ ਅੰਦਰਿ ਬਹੈ ਤਪਾ ਪਾਪ ਕਮਾਏ ॥ ਜੋ (ਮਨੁੱਖ) ਅੰਦਰੋਂ ਲੋਭੀ ਹੋਵੇ, ਉਹ ਤਪਾ ਨਹੀਂ ਹੋ ਸਕਦਾ, (ਉਹ) ਕੋਹੜੀ ਨਿਤ ਮਾਇਆ ਲਈ ਦੌੜਿਆ ਫਿਰਦਾ ਹੈ; ਮਾਇਆ ਪ੍ਰਾਪਤੀ ਲਈ ਜੱਦੋ ਜਹਿਦ ਕਰਦਾ ਫਿਰਦਾ ਹੈ (ਸੰ.ਪੋ.)।ਪਹਿਲਾਂ ਤੋਂ ਸੱਦਿਆ ਸਤਿਕਾਰ ਵਾਲੀ ਭਿੱਖਿਆ ਲਈ ਨਹੀਂ, ਪਰ ਪਿੱਛੋਂ ਪਛਤਾ ਕੇ ਤਪੇ ਨੇ ਅਪਣਾ ਪੁਤ੍ਰ ਲਿਆ ਕੇ (ਪੰਗਤ) ਵਿਚ ਬਿਠਾ ਦਿਤਾ।ਸਾਰੇ ਮੁਖੀ ਲੋਕ (ਜੋ ਤਪੇ ਨੂੰ ਸੱਦਣ ਗਏ ਸਨ) ਹਸਣ ਲੱਗ ਪਏ (ਕਿ ਇਸ) ਤਪੇ ਨੂੰ ਲੋਭ ਦੀ ਲਹਿਰ ਨੇ ਗਾਲ ਦਿਤਾ ਹੈ।ਜਿਥੇ ਥੋੜਾ ਧਨ ਦੇਖਦਾ ਹੈ, ਉਥੇ ਤਪਾ ਨੇੜੇ ਵੀ ਨਹੀਂ ਆਉਂਦਾ, (ਪਰ) ਬਹੁਤ ਧਨ ਮਿਲਦਾ ਦੇਖ ਕੇ ਤਪੇ ਨੇ (ਅਪਣਾ ਧਾਰਿਆ) ਧਰਮ ਹਾਰ ਦਿਤਾ (ਲੋਭ ਵਿਚ ਆ ਕੇ ਬਿਨਾ ਨਿਉਂਦੇ ਤੇ ਪੁਤ੍ਰ ਭੇਜ ਦਿਤਾ।ਏਹ ਦੇਖ ਕੇ) ਸਾਧੂ ਜਨਾਂ ਨੇ ਬੈਠ ਕੇ ਵਿਚਾਰ ਕੀਤੀ ਕਿ ਹੇ ਭਰਾਵੋ! ਇਹ ਤਪਾ ਨਹੀਂ ਹੋ ਸਕਦਾ, ਬਗਲਾ (ਪਖੰਡੀ) ਹੈ।ਸਤ ਪੁਰਖਾਂ (ਗੁਰੂ ਸਾਹਿਬਾਨਾਂ) ਦੀ ਤਪਾ ਨਿੰਦਾ ਕਰਦਾ ਹੈ, (ਪਰ) ਸੰਸਾਰੀ ਲੋਕਾਂ ਦੀ ਉਸਤਤੀ ਵਿਚ ਲੱਗਾ ਰਹਿੰਦਾ ਹੈ (ਸੰਸਾਰੀ ਲੋਕ ਤਪੇ ਦੀ ਵਡਿਆਈ ਕਰਦੇ ਹਨ, ਫਿਰ ਬੜਾ ਖੁਸ਼ ਹੁੰਦਾ ਹੈ), ਇਸ ਦੋਸ਼ ਕਰਕੇ ਪ੍ਰਭੂ ਨੇ ਤਪੇ ਨੂੰ (ਆਤਮਕ ਪੱਖੋਂ) ਮਾਰ ਦਿਤਾ ਹੋਇਆ ਹੈ।ਦੇਖੋ ਮਹਾਂ ਪੁਰਖਾਂ ਦੀ ਨਿੰਦਾ ਕਰਨ ਦਾ ਤਪੇ ਨੂੰ ਜੋ ਪਾਪ ਰੂਪ ਫਲ ਲਗਾ ਹੈ, (ਉਹ ਇਹ ਕਿ) ਤਪੇ ਦਾ ਕਮਾਇਆ ਸਾਰਾ (ਤਪ) ਨਾਸ਼ ਹੋ ਗਿਆ।ਬਾਹਰ ਪੰਚਾਂ ਵਿਚ ਬੈਠਦਾ ਹੈ (ਤਾਂ ਅਪਣੇ ਆਪ ਨੂੰ ਇਹ) ਤਪਾ ਕਹਾਉਂਦਾ ਹੈ।(ਪਰ ਲੁਕ ਕੇ) ਅੰਦਰ ਬੈਠਾ ਤਪਾ ਪਾਪ ਕਰਮ ਕਮਾਉਂਦਾ ਹੈ।

www.gurugranthvakhyaan.org

ਅੰਗ ੩੧੬ = ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥ ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ, ਏਸੁ ਤਪੇ ਨੋ ਤਿਥੈ ਖੜਿ ਪਾਇਹੁ ,ਜਿਥੈ ਮਹਾ ਮਹਾਂ ਹਤਿਆਰਿਆ ॥ ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ, ਏਹੁ ਸਤਿਗੁਰਿ ਹੈ ਫਿਟਕਾਰਿਆ ॥ ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥ ਸੋ ਬੂਝੈ ਜੁ ਦਯਿ ਸਵਾਰਿਆ ॥੧॥ ਹਰੀ ਨੇ (ਤਪੇ ਦਾ) ਅੰਦਰਲਾ ਪਾਪ ਮੁਖੀ ਲੋਕਾਂ ਨੂੰ ਪ੍ਰਗਟ ਕਰਕੇ ਦਿਖਾ ਦਿਤਾ (ਪਰਾਈ ਇਸਤ੍ਰੀ ਨਾਲ ਕੁਕਰਮ ਕਰਦਾ ਫੜਿਆ ਗਿਆ। ਤਪੇ ਦਾ ਪਾਪ ਦੇਖ ਕੇ) ਧਰਮਰਾਜ ਨੇ ਜਮਦੂਤਾਂ ਨੂੰ ਪਹਿਲਾਂ ਹੀ ਆਖ ਛਡਿਆ (ਕਿ ਮਰਨ ਤੋਂ ਬਾਦ) ਇਸ ਤਪੇ ਨੂੰ ਉਥੇ ਲਿਜਾ ਕੇ ਪਾਇਓ (ਸੁੱਟਿਓ), ਜਿਥੇ ਵੱਡੇ ਤੋਂ ਵੱਡੇ ਹਤਿਆਰੇ ਸੁੱਟੇ ਜਾਂਦੇ ਹਨ। ਫਿਰ ਮੁੜ ਇਸ ਤਪੇ ਦੇ ਮੂੰਹ ਕੋਈ ਵੀ ਨਾ ਲਗਿਓ, (ਕਿਉਂਕਿ) ਇਹ ਤਪਾ ਸਤਿਗੁਰੂ ਵੱਲੋਂ ਫਿਟਕਾਰਿਆ ਹੋਇਆ ਹੈ। (ਹੇ ਗੁਰਮੁਖੋ ! ਜੋ ਕੁਛ) ਹਰੀ ਦੇ ਦਰ ਤੇ ਵਰਤਿਆ ਹੈ, ਉਹ ਮੈਂ ਨਾਨਕ ਨੇ ਆਖ ਕੇ ਸੁਣਾ ਦਿਤਾ ਹੈ। (ਪਰ ਇਸ ਗੱਲ ਨੂੰ) ਉਹ ਮਨੁੱਖ ਸਮਝਦਾ ਹੈ, ਜਿਸ ਨੂੰ ਪ੍ਰਭੂ ਨੇ ਸਵਾਰਿਆ (ਗੁਣਵਾਨ ਬਣਾਇਆ) ਹੈ।੧।

ਪਦਾਰਥ = ਤਪਾ-ਤਪੱਸਵੀ (ਤਪੀਆ) ਜੋ ਮਰਵਾਹੇ ਖਤ੍ਰੀਆਂ ਦਾ ਪ੍ਰੋਹਤ ਤੇ ਗੁਰੂ ਅਮਰਦਾਸ ਜੀ ਦਾ ਨਿੰਦਕ ਸੀ। ਅੰਦ੍ਰਹੁ-ਦਿਲ ਦੇ ਅੰਦਰੋਂ। ਅਗੋ ਦੇ-ਪਹਿਲਾਂ ਤੋਂ। ਸਤੈ ਦੀ-ਆਦਰ ਸਤਿਕਾਰ ਦੀ। ਆਣਿ-ਲਿਆ ਕੇ। ਪੰਚ ਲੋਕ-ਮੁਖੀ ਬੰਦੇ; ਪੰਚਾਇਤ ਦੇ ਬੰਦੇ। ਗਾਲਿਆ-ਗਾਲ ਦਿਤਾ। ਭਿਟੈ ਨਾਹੀ-ਛੋਂਹਦਾ ਨਹੀ; ਨੇੜੇ ਨਹੀਂ ਢੁਕਦਾ; ਲਾਗੇ ਨਹੀਂ ਆਉਂਦਾ। ਤਪੈ-ਤਪੇ ਨੇ। ਧਰਮੁ ਹਾਰਿਆ-ਧਰਮ ਤੋਂ ਗਿਰ ਗਿਆ। ਨ ਹੋਵੀ-ਨਹੀਂ ਹੁੰਦਾ (ਹੋ ਸਕਦਾ)। ਬਗੁਲਾ-ਪਖੰਡੀ। ਸਾਧ ਜਨਾ-ਭਲੇ ਪੁਰਖਾਂ ਨੇ। ਸਤ ਪੁਰਖ ਕੀ-ਸੱਚੇ ਪੁਰਖਾਂ ਦੀ; ਗੁਰੂ ਅਮਰਦਾਸ ਜੀ ਦੀ। ਏਤੁ-ਇਸ। ਦੋਖੈ-ਦੋਸ਼ ਕਰਕੇ। ਦਯਿ-ਪ੍ਰਭੂ ਨੇ। ਜਿ-ਜੋ; ਜਿਹੜਾ। ਘਾਲਿਆ-(ਤਪ) ਕਮਾਇਆ। ਪੰਚਾ ਨੋ-ਮੁਖੀ ਪੁਰਖਾਂ ਨੂੰ। ਉਘਾ ਕਰਿ-ਪ੍ਰਗਟ ਕਰਕੇ। ਜਮ ਕੰਕਰਾ ਨੋ-ਜਮ ਦੂਤਾਂ ਨੂੰ। ਖੜਿ-ਲਿਜਾ ਕੇ।੧।

ਜਜਮਾਲਿਆ = ਕੋਹੜੀ; ਸੰਘਰਸ਼; ਜੱਦੋ ਜੋਹਿਦ ਕਰਨ ਵਾਲਾ (ਸੰ.ਪੋ.); ਤਮੋ ਗੁਣੀ ਬ੍ਰਿਤੀ ਵਾਲਾ (ਸੰ.ਪੋ.); ਪੱਕੇ ਇਰਾਦੇ ਵਾਲਾ (ਮ.ਕੋ.)। ਮਾਇਆ ਲਈ ਜੱਦੋ ਜਹਿਦ ਜਾਂ ਦ੍ਰਿੜ ਸੰਕਲਪ ਕਰਨ ਵਾਲਾ ਵੀ ਮਾਨੋ ਕੋਹੜੀ ਹੀ ਹੁੰਦਾ ਹੈ।

ਸਾਖੀ = ਗੋਇੰਦ ਵਾਲ ਵਿਖੇ ਮਰਵਾਹੇ ਖਤ੍ਰੀਆਂ ਦਾ ਪ੍ਰੋਹਤ ਇਕ ਬ੍ਰਾਹਮਣ ਸੀ, ਜੋ ਅਪਣੇ ਆਪ ਨੂੰ ਤਪਾ ਕਹਾਉਂਦਾ ਸੀ। ਇਹ ਗੁਰੂ ਅਮਰਦਾਸ ਜੀ ਦਾ ਨਿੰਦਕ ਸੀ। ਜਿਸ ਵੇਲੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਤਿਆਰ ਹੋ ਗਈ, ਤਾਂ ਗੁਰੂ ਜੀ ਨੇ ਲੰਗਰ ਕਰਵਾਇਆ ਅਤੇ ਸੰਗਤਾਂ ਨੂੰ ਵਿਸ਼ੇਸ ਤੌਰ ਤੇ ਸੱਦੇ ਭੇਜੇ ਗਏ। ਬ੍ਰਹਮਣ ਤਪੇ ਨੂੰ ਵੀ ਸੱਦਿਆ ਗਿਆ, ਪਰ ਈਰਖਾ ਕਰਕੇ ਇਸ ਤਪੇ ਨੇ ਜਵਾਬ ਦੇ ਦਿਤਾ। ਪਰ ਜਦ ਇਸ ਨੇ ਸੁਣਿਆ ਕਿ ਲੰਗਰ ਛਕਣ ਵਾਲੇ ਨੂੰ ੫-੫ ਮੋਹਰਾਂ ਮਿਲਣੀਆਂ ਹਨ ਤਾਂ ਇਸ ਨੇ ਅਪਣਾ ਪੁਤ੍ਰ ਲੰਗਰ ਛਕਣ ਵਾਸਤੇ ਭੇਜ ਦਿਤਾ। ਉਸ ਵੇਲੇ ਗੁਰੂ ਜੀ ਨੇ ਤਪੇ ਦਾ ਲੋਭ ਪ੍ਰਗਟ ਕਰਦਿਆਂ ਇਹ ਸਲੋਕ ਉਚਾਰਣ ਕੀਤਾ।

ਮਃ ੪ ॥ ਹਰਿ ਭਗਤਾਂ ਹਰਿ ਆਰਾਧਿਆ, ਹਰਿ ਕੀ ਵਡਿਆਈ ॥ ਹਰਿ ਕੀਰਤਨੁ ਭਗਤ ਨਿਤ ਗਾਂਵਦੇ, ਹਰਿ ਨਾਮੁ ਸੁਖਦਾਈ ॥ ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ,ਨਿਤ ਚੜੈ ਸਵਾਈ ॥ ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ,ਅਪਣੀ ਪੈਜ ਰਖਾਈ ॥ ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ, ਬਹੁ ਦੇਇ ਸਜਾਈ ॥ ਜੇਹਾ ਨਿੰਦਕ ਅਪਣੈ ਜੀਇ ਕਮਾਵਦੇ, ਤੇਹੋ ਫਲੁ ਪਾਈ ॥ ਅੰਦਰਿ ਕਮਾਣਾ ਸਰਪਰ ਉਘੜੈ, ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥ ਜਨ ਨਾਨਕੁ ਦੇਖਿ ਵਿਗਸਿਆ, ਹਰਿ ਕੀ ਵਡਿਆਈ ॥੨॥ ਹਰੀ ਦੇ ਭਗਤਾਂ ਨੇ ਹਰੀ ਨੂੰ ਸਿਮਰਿਆ ਹੈ ਤੇ ਹਰੀ ਦੀ ਵਡਿਆਈ ਕਰਦੇ ਹਨ। ਭਗਤ ਜਨ ਹਰ ਰੋਜ ਹਰੀ ਦਾ ਕੀਰਤਨ ਗਾਉਂਦੇ ਹਨ ਅਤੇ ਹਰੀ ਦਾ ਸੁਖ ਦੇਣ ਵਾਲਾ ਨਾਮ ਸਿਮਰਦੇ ਹਨ। ਉਸ ਹਰੀ ਨੇ ਅਪਣੇ ਭਗਤਾਂ ਨੂੰ ਨਿਤ ਨਾਮ ਜਪਣ ਦੀ ਵਡਿਆਈ ਬਖਸ਼ੀ ਹੈ, ਜੋ ਨਿਤ ਵਧਦੀ ਹੈ। ਉਸ ਹਰੀ ਨੇ ਭਗਤਾਂ ਨੂੰ ਅਪਣੇ ਅਚੱਲ ਸਰੂਪ ਘਰ ਵਿਚ ਬਿਠਾ ਦਿਤਾ ਹੈ (ਅਪਣੇ ਵਿਚ ਅਭੇਦ ਕਰ ਲਿਆ ਹੈ), ਅਪਣੀ (ਲਾਜ ਜਾਣ ਕੇ ਭਗਤਾਂ ਦੀ) ਲਾਜ ਰੱਖੀ ਹੈ ਭਾਵ ਭਗਤਾਂ ਦੀ ਪੈਜ ਰਖਣੀ ਅਪਣੀ ਪੈਜ ਰੱਖਣ ਦੇ ਤੁੱਲ ਹੈ, ਕਿਉਂ ਜੋ ਇਹ ਉਸਦਾ ਬਿਰਦ ਹੈ ਕਿ ਉਹ ਭਗਤਾਂ ਦੀ ਪੈਜ ਰਖਦਾ ਹੈ (ਸ਼ਬਦਾਰਥ)। ਨਿੰਦਕਾਂ ਪਾਸੋਂ ਹਰੀ ਲੇਖਾ ਮੰਗੇਗਾ ਅਤੇ ਬਹੁਤ ਸਜਾ ਦੇਵੇਗਾ। ਨਿੰਦਕ ਜਿਹੋ ਜਿਹਾ (ਨਿੰਦਾ ਕਰਨ ਦਾ) ਕਰਮ ਅਪਣੇ ਦਿਲੋਂ ਕਮਾਉਂਦੇ ਹਨ, (ਉਹ) ਉਹੋ ਜਿਹਾ ਫਲ ਪਾ ਲੈਂਦੇ ਹਨ। ਅੰਦਰ ਦਾ (ਲੁਕ ਕੇ) ਕਮਾਇਆ ਕਰਮ ਜਰੂਰ ਪ੍ਰਗਟ ਹੁੰਦਾ ਹੈ, ਭਾਵੇਂ ਕੋਈ ਧਰਤੀ ਦੇ ਅੰਦਰ ਬੈਠ (ਜਮੀਨ ਦੇ ਹੇਠਾਂ ਪਤਾਲ ਵਿਚ ਲੁਕ) ਕੇ ਕਰਮ ਕਮਾਵੇ। ਦਾਸ ਨਾਨਕ ਹਰੀ ਦੀ ਵਡਿਆਈ ਦੇਖ ਕੇ ਖੁਸ਼ ਹੋਇਆ ਰਹਿੰਦਾ ਹੈ।੨।

ਪਦਾਰਥ = ਸੁਖਦਾਈ-ਸੁਖ ਦੇਣ ਵਾਲਾ। ਨਿਤ-ਦਿਨੋ ਦਿਨ; ਸਦਾ। ਚੜੈ ਸਵਾਈ-ਵਧਦੀ ਹੈ। ਥਿਰੁ ਘਰੀ-ਸਦਾ ਥਿਰ ਰਹਿਣ ਵਾਲੇ

All Rights Reserved by Harjinder Singh Gyani | www.GuruGranthVakhyaan.org

ਸਰੂਪ ਘਰ ਵਿਚ; ਅਪਣੀ ਹਜੂਰੀ ਵਿਚ। ਬਹਾਲਿਅਨੁ-ਬਿਠਾਏ ਹਨ ਉਸ ਪ੍ਰਭੂ ਨੇ। ਪੈਜ-ਇੱਜਤ। ਸਜਾਈ-ਸਜਾ। ਜੀਇ-ਦਿਲ ਵਿਚ। ਸਰਪਰ-ਜਰੂਰ। ਉਘੜੈ-ਪ੍ਰਗਟ ਹੁੰਦਾ ਹੈ। ਵਿਗਸਿਆ-ਖੁਸ਼ ਹੋਇਆ ਹੈ।੨।

ਪਉੜੀ ਮਃ ੫ ॥ ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ, ਕਿਆ ਪਾਪੀ ਕਰੀਐ ॥ ਗੁਮਾਨੁ ਕਰਹਿ ਮੂੜ ਗੁਮਾਨੀਆ, ਵਿਸੁ ਖਾਧੀ ਮਰੀਐ ॥ ਆਇ ਲਗੇਨੀ ਦਿਹ ਥੋੜੜੇ, ਜਿਉ ਪਕਾ ਖੇਤੁ ਲੁਣੀਐ ॥ ਜੇਹੇ ਕਰਮ ਕਮਾਵਦੇ, ਤੇਵੇਹੋ ਭਣੀਐ ॥ ਜਨ ਨਾਨਕ ਕਾ ਖਸਮੁ ਵਡਾ ਹੈ, ਸਭਨਾ ਦਾ ਧਣੀਐ ॥੩੦॥ ਭਗਤ ਜਨਾਂ ਦਾ ਰਖਵਾਲਾ ਹਰੀ ਆਪ ਹੈ, ਪਾਪੀ ਉਨ੍ਹਾਂ ਦਾ ਕੀ ਕਰ (ਵਿਗਾੜ) ਸਕਦਾ ਹੈ? ਮੂਰਖ ਹੰਕਾਰੀ ਲੋਕ ਹੰਕਾਰ ਕਰਦੇ ਹਨ, (ਜਿਸ ਨੇ ਹੰਕਾਰ ਰੂਪ) ਜਹਿਰ ਖਾਧੀ ਹੋਵੇ, (ਉਸ ਨੇ) ਮਰਨਾ ਹੀ ਹੈ। (ਜੀਵਨ ਦੇ) ਥੋੜੇ ਦਿਨ ਮਿਲੇ ਹਨ, (ਉਹ) ਆ ਲੱਗੇ ਹਨ ਭਾਵ ਥੋੜੇ ਦਿਨ ਰਹਿ ਗਏ ਹਨ, ਜਿਵੇਂ ਪੱਕੀ ਫਸਲ ਵਾਲਾ ਖੇਤ ਕੱਟਿਆ ਜਾਂਦਾ ਹੈ (ਤਿਵੇਂ ਬੁੱਢੇਪਾ ਆ ਗਿਆ ਹੈ, ਹੁਣ ਮਰਨ ਨੂੰ ਤਿਆਰ ਰਹੁ)। ਜਿਹੋ ਜਿਹੇ ਲੋਕ ਕਰਮ ਕਮਾਉਂਦੇ ਹਨ, ਉਹੋ ਜਿਹੇ ਉਹ ਕਹੇ ਜਾਂਦੇ ਹਨ (ਉਹੋ ਜਿਹਾ ਨਾਮ ਪੈ ਜਾਂਦਾ ਹੈ)। ਦਾਸ ਨਾਨਕ ਦਾ ਮਾਲਕ ਵੱਡਾ ਹੈ, ਜੋ ਸਭ (ਜੀਵਾਂ ਦਾ) ਮਾਲਕ ਹੈ।੩੦।

ਪਦਾਰਥ = ਮੂੜ-ਮੂਰਖ। ਗੁਮਾਨੀਆ-ਹੰਕਾਰੀ ਮਨੁੱਖ। ਵਿਸੁ-ਜਹਿਰ। ਆਇ ਲਗੇਨੀ-ਆ ਲੱਗੇ (ਰਹਿ ਗਏ) ਹਨ। ਦਿਹ-ਦਿਨ। ਥੋੜੜੇ-ਥੋੜੇ। ਲੁਣੀਐ-ਕੱਟੀਦਾ ਹੈ। ਜੇਹੇ-ਜਿਹੋ ਜਿਹੇ। ਤੇਵੇਹੋ-ਉਹੋ ਜਿਹੇ। ਭਣੀਐ-ਕਹੇ ਜਾਂਦੇ ਹਨ। ਧਣੀਐ-ਮਾਲਕ।੩੦।

ਸਲੋਕ ਮਃ ੪ ॥ ਮਨਮੁਖ ਮੂਲਹੁ ਭੁਲਿਆ, ਵਿਚਿ ਲਬੁ ਲੋਭੁ ਅਹੰਕਾਰੁ ॥ ਝਗੜਾ ਕਰਦਿਆ ਅਨਦਿਨੁ ਗੁਦਰੈ, ਸਬਦਿ ਨ ਕਰਹਿ ਵੀਚਾਰੁ ॥ ਸੁਧਿ ਮਤਿ ਕਰਤੈ ਸਭ ਹਿਰਿ ਲਈ, ਬੋਲਨਿ ਸਭੁ ਵਿਕਾਰੁ ॥ ਦਿਤੈ ਕਿਤੈ ਨ ਸੰਤੋਖੀਅਹਿ, ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥ ਨਾਨਕ ਮਨਮੁਖਾ ਨਾਲੋ ਤੁਟੀ ਭਲੀ, ਜਿਨ ਮਾਇਆ ਮੋਹ ਪਿਆਰੁ ॥੧॥ ਮੂਲ ਰੂਪ ਪ੍ਰਮਾਤਮਾ ਤੋਂ ਭੁੱਲੇ ਹੋਏ ਮਨਮੁਖਾਂ ਦੇ ਅੰਦਰ (ਮਾਇਆ ਦਾ) ਲੋਭ, (ਪਦਾਰਥਾਂ ਦੇ ਖਾਣ ਦਾ) ਲਾਲਚ ਤੇ (ਅਪਣੇ ਆਪ ਦਾ) ਹੰਕਾਰ ਹੈ। (ਉਨ੍ਹਾਂ ਦਾ) ਦਿਨ ਰਾਤ ਝਗੜਾ ਕਰਦਿਆਂ ਬੀਤਦਾ ਹੈ, (ਉਹ ਗੁਰੂ ਦੇ) ਸ਼ਬਦ ਦੁਆਰਾ (ਮੂਲ ਰੂਪ ਪ੍ਰਭੂ ਦੀ) ਵਿਚਾਰ ਨਹੀਂ ਕਰਦੇ। (ਉਨ੍ਹਾਂ ਦੀ) ਸੁੱਧ ਬੁੱਧ ਕਰਤਾਰ ਨੇ ਖੋਹ ਲਈ ਹੈ, (ਉਹ ਜੋ ਕੁਝ) ਬੋਲਦੇ ਹਨ, ਸਭ ਬੇਕਾਰ (ਫਜੂਲ ਹੀ) ਹੁੰਦਾ ਹੈ (ਸ਼ਬਦਾਰਥ); ਵਿਕਾਰ ਮਈ ਹੁੰਦਾ ਹੈ। (ਉਹ) ਕਿਸੇ ਵੀ ਦਿਤੇ ਦਾਨ ਨਾਲ ਨਹੀਂ ਰੱਜਦੇ, (ਕਿਉਂਕਿ ਉਨ੍ਹਾਂ ਦੇ) ਅੰਦਰ ਬਹੁਤੀ ਤ੍ਰਿਸ਼ਨਾ ਤੇ ਅਗਿਆਨ ਰੂਪ ਹਨ੍ਹੇਰਾ ਹੈ। ਹੇ ਨਾਨਕ! ਜਿਨ੍ਹਾਂ ਮਨਮੁੱਖਾਂ ਦਾ ਅਗਿਆਨ ਕਰਕੇ ਮਾਇਆ ਨਾਲ ਪਿਆਰ ਹੈ, (ਉਨ੍ਹਾਂ) ਨਾਲੋਂ ਪ੍ਰੀਤ ਟੁੱਟੀ ਹੀ ਚੰਗੀ ਹੈ।੧।

ਇਹ ਸਲੋਕ ੫੪੯ ਅੰਗ ਉਤੇ ਦੂਜੀ ਪਉੜੀ ਦੇ ਪਹਿਲੇ ਸਲੋਕ ਵਿਚ ਵੀ ਆਉਂਦਾ ਹੈ ਤੇ ਨਾਲ ਮਃ ੩ ਹੈ।

ਪਦਾਰਥ = ਮੂਲਹੁ-ਮੂਲ ਰੂਪ ਪ੍ਰਭੂ। ਗੁਦਰੈ-ਗੁਜਰਦਾ ਹੈ। ਸੁਧਿ ਮਤਿ-ਸੂਝ ਬੂਝ; ਨਿਰਮਲ ਬੁੱਧੀ; ਚੰਗੀ ਅਕਲ। ਕਰਤੈ-ਕਰਤਾਰ ਨੇ। ਹਿਰਿ ਲਈ-ਖੋਹ ਲਈ। ਵਿਕਾਰੁ-ਫਜੂਲ; ਵਿਕਾਰ ਰੂਪ। ਦਿਤੈ-ਦਿਤੇ ਦਾਨ ਨਾਲ। ਕਿਤੈ-ਕਿਸੇ ਵੀ; ਕਿਤਨੇ। ਨ ਸੰਤੋਖੀਅਹਿ-ਨਹੀਂ ਰੱਜਦੇ; ਸੰਤੋਖ ਨਹੀਂ ਕਰਦੇ। ਅੰਤਰਿ-ਹਿਰਦੇ ਅੰਦਰ। ਅੰਧਾਰੁ-ਹਨ੍ਹੇਰਾ। ਮੋਹ ਪਿਆਰੁ-ਅਗਿਆਨ ਕਰਕੇ ਪਿਆਰ।੧।

ਮਃ ੪ ॥ ਜਿਨਾ ਅੰਦਰਿ ਦੂਜਾ ਭਾਉ ਹੈ, ਤਿਨ੍ਹਾ ਗੁਰਮੁਖਿ ਪ੍ਰੀਤਿ ਨ ਹੋਇ ॥ ਓਹੁ ਆਵੈ ਜਾਇ ਭਵਾਈਐ, ਸੁਪਨੈ ਸੁਖੁ ਨ ਕੋਇ ॥ ਕੂੜੁ ਕਮਾਵੈ ਕੂੜੁ ਉਚਰੈ, ਕੂੜਿ ਲਗਿਆ ਕੂੜੁ ਹੋਇ ॥ ਮਾਇਆ ਮੋਹੁ ਸਭੁ ਦੁਖੁ ਹੈ, ਦੁਖਿ ਬਿਨਸੈ ਦੁਖੁ ਰੋਇ ॥ ਨਾਨਕ ਧਾਤੁ ਲਿਵੈ ਜੋੜੁ ਨ ਆਵਈ, ਜੇ ਲੋਚੈ ਸਭੁ ਕੋਇ ॥ ਜਿਨ ਕਉ ਪੋਤੈ ਪੁੰਨੁ ਪਇਆ, ਤਿਨਾ ਗੁਰ ਸਬਦੀ ਸੁਖੁ ਹੋਇ ॥੨॥ ਜਿਨ੍ਹਾਂ ਮਨੁੱਖਾਂ ਅੰਦਰ ਦ੍ਵੈਤ ਭਾਵ ਹੈ, ਉਨ੍ਹਾਂ ਦੀ ਗੁਰੂ ਨਾਲ ਪ੍ਰੀਤ ਨਹੀਂ ਹੁੰਦੀ; ਗੁਰਮੁਖਾਂ ਨਾਲ ਪ੍ਰੀਤ ਨਹੀਂ ਹੁੰਦੀ। ਉਹ ਮਨੁੱਖ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ ਤੇ ਜੂਨੀਆਂ ਵਿਚ ਘੁਮਾਇਆ ਜਾਂਦਾ ਹੈ (ਅਤੇ ਉਸ ਨੂੰ) ਸੁਪਨੇ ਵਿਚ ਵੀ ਕੋਈ ਸੁਖ ਨਹੀਂ ਮਿਲਦਾ। (ਜਿਹੜਾ) ਕੂੜ ਕਮਾਉਂਦਾ ਹੈ ਤੇ ਕੂੜ ਬੋਲਦਾ ਹੈ ਤੇ ਝੂਠ ਵਿਚ ਲੱਗਾ ਹੋਣ ਕਰਕੇ (ਉਸ ਨੂੰ) ਝੂਠਾ ਹੀ ਫਲ ਪ੍ਰਾਪਤ ਹੁੰਦਾ ਹੈ; (ਉਹ) ਕੂੜ ਰੂਪ ਹੀ ਹੋ ਜਾਂਦਾ ਹੈ। ਮਾਇਆ ਦਾ ਸਾਰਾ ਮੋਹ ਦੁੱਖ ਰੂਪ ਹੈ, (ਮਨਮੁਖ) ਰੋਂਦਾ ਹੈ, ਦੁੱਖ ਪਾਉਂਦਾ ਹੈ ਤੇ ਦੁੱਖ ਵਿਚ ਨਾਸ਼ ਹੁੰਦਾ ਹੈ। ਭਾਵੇਂ ਜੇ ਸਭ ਕੋਈ ਚਾਹੁੰਦਾ ਵੀ ਹੋਵੇ, (ਤਾਂ ਵੀ) ਹੇ ਨਾਨਕ! ਮਾਇਆ ਤੇ ਪ੍ਰਭੂ ਦੀ ਲਿਵ (ਮਾਇਆਧਾਰੀ ਤੇ ਰੱਬ ਦੇ ਪ੍ਰੇਮੀ) ਦਾ ਮੇਲ ਨਹੀਂ ਬਣ ਆਉਂਦਾ {ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ੧੪੫}। ਜਿਨ੍ਹਾਂ ਦੇ ਹਿਰਦੇ ਰੂਪ ਖਜਾਨੇ ਵਿਚ (ਪਿਛਲੇ ਕੀਤੇ ਭਲੇ ਕਰਮਾਂ ਕਰਕੇ) ਪੁੰਨ ਹੈ, ਉਨ੍ਹਾਂ ਪੁਰਖਾਂ ਨੂੰ ਗੁਰੂ ਦੇ ਸ਼ਬਦ ਰਾਹੀ ਸੁੱਖ ਪ੍ਰਾਪਤ ਹੁੰਦਾ ਹੈ।੨।

ਪਦਾਰਥ = ਦੂਜਾ ਭਾਉ-ਦੁਬਿਧਾ; ਦ੍ਵੈਤ ਭਾਵ; ਮਾਇਆ ਨਾਲ ਪਿਆਰ; ਰੱਬ ਨੂੰ ਛਡ ਕੇ ਕਿਸੇ ਦੂਜੇ ਇਸ਼ਟ ਨਾਲ ਪਿਆਰ। ਗੁਰਮਖਿ-ਗੁਰੂ ਨਾਲ; ਗੁਰਮੁਖਾਂ ਨਾਲ; ਗੁਰਮੁਖਾਂ ਵਰਗੀ (ਜਿਹੋ ਜਿਹੀ ਪ੍ਰੀਤ ਗੁਰਮੁਖਾਂ ਦੀ ਹੈ)। ਭਵਾਈਐ-ਘੁਮਾਈਦਾ ਹੈ। ਉਚਰੈ-ਬੋਲਦਾ ਹੈ।

All Rights Reserved by Harjinder Singh Gyani | www.GuruGranthVakhyaan.org

ਧਾਤੁ-ਮਾਇਆ। ਲਿਵੈ-ਪ੍ਰੀਤ ਦਾ; ਧਿਆਨ ਦਾ। ਜੋੜੁ-ਮੇਲ ਜੋਲ। ਪੋਤੈ-ਪੱਲੇ ਵਿਚ; ਅੰਤਹਕਰਣ ਵਿਚ; ਖਜਾਨੇ ਵਿਚ।੨।

ਪਉੜੀ ਮਃ ੫ ॥ ਨਾਨਕ ਵੀਚਾਰਹਿ ਸੰਤ ਮੁਨਿ ਜਨਾਂ, ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ, ਸੇ ਵਚਨ ਹੋਵੰਦੇ ॥ ਪਰਗਟ ਪਾਹਾਰੈ ਜਾਪਦੇ, ਸਭਿ ਲੋਕ ਸੁਣੰਦੇ ॥ ਸੁਖੁ ਨ ਪਾਇਨਿ ਮੁਗਧ ਨਰ, ਸੰਤ ਨਾਲਿ ਖਹੰਦੇ ॥ ਓਇ ਲੋਚਨਿ ਓਨਾ ਗੁਣਾ ਨੋ, ਓਇ ਅਹੰਕਾਰਿ ਸੜੰਦੇ ॥

ਅੰਗ ੩੧੭ = ਓਇ ਵੇਚਾਰੇ ਕਿਆ ਕਰਹਿ, ਜਾਂ ਭਾਗ ਧੁਰਿ ਮੰਦੇ ॥ ਜੋ ਮਾਰੇ ਤਿਨਿ ਪਾਰਬ੍ਰਹਮਿ, ਸੇ ਕਿਸੈ ਨ ਸੰਦੇ ॥ ਵੈਰੁ ਕਰਨਿ ਨਿਰਵੈਰ ਨਾਲਿ, ਧਰਮਿ ਨਿਆਇ ਪਚੰਦੇ ॥ ਜੋ ਜੋ ਸੰਤਿ ਸਰਾਪਿਆ, ਸੇ ਫਿਰਹਿ ਭਵੰਦੇ ॥ ਪੇਡੁ ਮੁੰਢਾਹੂ ਕਟਿਆ, ਤਿਸੁ ਡਾਲ ਸੁਕੰਦੇ ॥੩੧॥ ਇਸੇ ਵਾਰ ਵਿਚ ਪਿਛੇ ਪਉੜੀ ਨੰ. ੧੨ ਆ ਚੁੱਕੀ ਹੈ, ਜੋ ਗੁਰੂ ਰਾਮਦਾਸ ਜੀ ਦੀ ਉਚਾਰੀ ਹੋਈ ਹੈ, ਉਸਦਾ ਪਾਠ ਵੀ ਲਗ ਪਗ ਇਹੋ ਹੀ ਹੈ। ਪਰ ਕੁਛ ਅੱਖਰਾਂ ਤੇ ਮਾਤ੍ਰਾਂ ਦਾ ਆਪੋ ਵਿਚ ਫਰਕ ਹੈ। ਭਾਵੇਂ ਫਰਕ ਬਹੁਤ ਥੋੜਾ ਹੈ, ਤਦ ਵੀ ਗੁਰੂ ਅਰਜਨ ਦੇਵ ਜੀ ਨੇ ਇਥੇ ਪਉੜੀ ਨਾਲ ਮਃ ੫ ਲਿਖ ਦਿਤਾ ਹੈ। ਇਕ ਕਿਸਮ ਦੇ ਵਾਕ ਦੋਹਾਂ ਗੁਰੂ ਸਾਹਿਬਾਨਾਂ ਤੋਂ ਉਚਾਰੇ ਜਾਣੇ ਹੈਰਾਨੀ ਦੀ ਗੱਲ ਨਹੀਂ ਹੈ, ਕਿਉਂਕਿ ਦੋਹਾਂ ਗੁਰੂ ਸਾਹਿਬਾਨਾਂ ਵਿਚ ਇਕੋ ਨਿਰੰਕਾਰੀ ਜੋਤ ਵਰਤ ਰਹੀ ਸੀ। ਅਰਥ ਦੋਹਾਂ ਪਉੜੀਆਂ ਦੇ ਇਕੋ ਹਨ, ਇਸ ਲਈ ਇਸ ਪਉੜੀ ਦੇ ਅਰਥ ੧੨ ਵੀ ਪਉੜੀ ਵਿਚ ਪੜ੍ਹ ਲਵੋ।

ਸਲੋਕ ਮਃ ੫ ॥ ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ, ਭੰਨਣ ਘੜਣ ਸਮਰਥੁ ॥ ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ,ਦੁਖੁ ਸਬਾਇਆ ਲਥੁ ॥੧॥ ਗੁਰੂ ਨਾਨਕ ਦੇਵ ਜੀ ਨੇ (ਜਗਤ ਦੇ ਜੀਵਾਂ ਨੂੰ) ਹਰੀ ਦਾ ਨਾਮ ਦ੍ਰਿੜ ਕਰਾਇਆ ਹੈ, ਜੋ (ਹਰੀ ਜਗਤ ਨੂੰ) ਭੰਨਣ ਤੇ ਘੜਨ ਦੇ ਸਮਰੱਥ ਹੈ। ਹੇ ਮਿਤ੍ਰ ! ਜੇ ਤੂੰ ਪ੍ਰਭੂ ਨੂੰ ਸਦਾ ਯਾਦ ਕਰਦਾ ਰਹੇਂ, (ਤਾਂ ਤੇਰਾ) ਸਾਰਾ ਦੁਖ ਲਹਿ ਜਾਵੇਗਾ।੧।

ਪਦਾਰਥ = ਦ੍ਰਿੜਾਇਆ-ਪੱਕਾ ਕਰਾ ਦਿਤਾ। ਭੰਨਣ-ਸਰੀਰਾਂ ਜਾਂ ਜਗਤ ਨੂੰ ਨਾਸ਼ ਕਰਨ ਦਾ ਭਾਵ। ਘੜਨ-ਸਰੀਰਾਂ ਜਾਂ ਜਗਤ ਨੂੰ ਰਚਨ ਦਾ ਭਾਵ। ਸਮਰਥੁ-ਯੋਗ; ਲਾਇਆ; ਤਾਕਤਵਰ। ਸਮਾਲਹਿ-ਯਾਦ ਕਰੇਂ। ਸਬਾਇਆ-ਸਾਰਾ। ਲਥੁ-ਲਹਿ ਜਾਏਗਾ।੧।

ਮਃ ੫ ॥ ਖੁਧਿਆਵੰਤੁ ਨ ਜਾਣਈ, ਲਾਜ ਕੁਲਾਜ ਕੁਬੋਲੁ ॥ ਨਾਨਕੁ ਮਾਂਗੈ ਨਾਮੁ ਹਰਿ, ਕਰਿ ਕਿਰਪਾ ਸੰਜੋਗੁ ॥੨॥ ਜਿਵੇਂ ਭੁੱਖਾ ਮਨੁੱਖ (ਮੰਗਣ ਸਮੇਂ) ਸ਼ਰਮ ਕੁਸ਼ਰਮ ਤੇ ਮੰਦੇ ਬੋਲ ਨੂੰ ਕੁਝ ਨਹੀ ਜਾਣਦਾ (ਪ੍ਰਵਾਹ ਨਹੀਂ ਕਰਦਾ, ਸਭ ਕੁਝ ਸਹਾਰਦਾ ਹੈ। ਇਸੇ ਤਰ੍ਹਾਂ) ਹੇ ਹਰੀ ! ਨਾਨਕ (ਤੇਰੇ ਕੋਲੋਂ) ਨਾਮ ਮੰਗਦਾ ਹੈ (ਜਿਸ ਦੀ ਮੈਨੂੰ ਭੁੱਖ ਹੈ), ਕਿਰਪਾ ਕਰਕੇ (ਨਾਮ ਦਾ) ਸੁਮੇਲ ਬਣਾ ਦੇ; (ਅਪਣਾ) ਮੇਲ ਬਖਸ਼ (ਇਸ ਦੀ ਪ੍ਰਾਪਤੀ ਲਈ ਜੋ ਕੁਝ ਸਹਿਣਾ ਪਵੇ, ਉਸ ਦੀ ਪ੍ਰਵਾਹ ਨਹੀਂ)।੨। ਸੰਜੋਗੁ-ਸੁਮੇਲ; ਸਬੰਧ।

ਪਦਾਰਥ = ਖੁਧਿਆਵੰਤੁ-ਭੁੱਖਾ ਮਨੁੱਖ। ਲਾਜ-ਸ਼ਰਮ; ਆਦਰ। ਕੁਲਾਜ-ਕੁਸ਼ਰਮ; ਨਿਰਾਦਰ। ਕੁਬੋਲੁ-ਮੰਦੇ ਬੋਲ; ਗਾਲ੍ਹ।੨।

ਪਉੜੀ ॥ ਜੇਵੇਹੇ ਕਰਮ ਕਮਾਵਦਾ, ਤੇਵੇਹੇ ਫਲਤੇ ॥ ਚਬੇ ਤਤਾ ਲੋਹ ਸਾਰੁ, ਵਿਚਿ ਸੰਘੈ ਪਲਤੇ ॥ ਘਤਿ ਗਲਾਵਾਂ ਚਾਲਿਆ, ਤਿਨਿ ਦੂਤਿ ਅਮਲਤੇ ॥ ਕਾਈ ਆਸ ਨ ਪੁੰਨੀਆ, ਨਿਤ ਪਰ ਮਲੁ ਹਿਰਤੇ ॥ ਕੀਆ ਨ ਜਾਣੈ ਅਕਿਰਤਘਣ, ਵਿਚਿ ਜੋਨੀ ਫਿਰਤੇ ॥ ਸਭੇ ਧਿਰਾਂ ਨਿਖੁਟੀਅਸੁ ,ਹਿਰਿ ਲਈਅਸੁ ਧਰ ਤੇ ॥ ਵਿਝਣ ਕਲਹ ਨ ਦੇਵਦਾ, ਤਾਂ ਲਇਆ ਕਰਤੇ ॥ ਜੋ ਜੋ ਕਰਤੇ ਅਹੰਮੇਉ ,ਝੜਿ ਧਰਤੀ ਪੜਤੇ ॥੩੨॥ ਜਿਹੋ ਜਿਹੇ (ਕੋਈ ਮਨੁੱਖ) ਕਰਮ ਕਮਾਉਂਦਾ ਹੈ, (ਉਹ ਕਰਮ ਦੁਖ ਸੁਖ ਰੂਪ ਵਿਚ) ਉਹੋ ਜਿਹੇ ਹੀ ਫਲਦੇ ਹਨ। (ਜੇ ਕੋਈ) ਤੱਤਾ ਤੇ ਕਰੜਾ ਲੋਹਾ ਚੱਬੇ, ਤਾਂ ਸੰਘ ਨੂੰ ਅੰਦਰੋਂ ਸਾੜ ਦੇਂਦਾ ਹੈ (ਜਿਸ ਕਰਕੇ ਬਹੁਤ ਦੁਖ ਪਾਉਂਦਾ ਹੈ)। ਉਨ੍ਹਾਂ ਕਰਮਾਂ ਕਰਕੇ ਜਮ ਦੂਤਾਂ ਨੇ (ਪਾਪੀ ਜੀਵ) ਨੂੰ ਗਲ ਵਿਚ ਰੱਸਾ ਪਾ ਕੇ (ਪ੍ਰਲੋਕ ਨੂੰ) ਤੋਰ ਲਿਆ। (ਪਾਪੀ ਜੀਵਾਂ) ਦੀ ਕੋਈ ਵੀ ਆਸ ਪੂਰੀ ਨਹੀਂ ਹੋਈ, (ਕਿਉਂਕਿ ਉਹ) ਨਿਤ ਪਰਾਈ ਮੈਲ ਚੁਰਾਉਂਦੇ (ਪਰਾਈ ਨਿੰਦਾ ਕਰਦੇ) ਹਨ। ਅਕ੍ਰਿਤਘਣ ਜੀਵ ਹਰੀ ਦਾ ਕੀਤਾ (ਉਪਕਾਰ) ਨਹੀਂ ਜਾਣਦੇ ,(ਜਿਸ ਕਰਕੇ ਉਹ) ਜੋਨੀਆਂ ਵਿਚ ਭਟਕਦੇ ਫਿਰਦੇ ਹਨ। ਉਸ ਮਨੁੱਖ ਦੇ ਸਾਰੇ ਆਸਰੇ ਮੁੱਕ ਗਏ ਅਤੇ ਉਸ ਨੂੰ (ਹਰੀ ਨੇ) ਧਰਤੀ ਤੋਂ ਉਠਾ ਲਿਆ (ਮਾਰ ਦਿਤਾ। ਉਹ ਜਿਉਂਦੇ ਜੀ) ਝਗੜੇ ਮੁੱਕਣ ਨਹੀਂ ਸੀ ਦਿੰਦਾ, ਇਸ ਲਈ ਕਰਤਾਰ ਨੇ ਉਠਾ ਲਿਆ। (ਸਿੱਟਾ ਇਹ ਕਿ) ਜੋ ਜੋ ਜੀਵ ਹੰਕਾਰ ਕਰਦੇ ਹਨ, ਉਹ ਝੜ ਕੇ ਧਰਤੀ ਉਤੇ ਡਿਗ ਪੈਂਦੇ (ਜਨਮਦੇ) ਹਨ।੩੨।

ਪਦਾਰਥ = ਜੇਵੇਹੇ-ਜਿਹੋ ਜਿਹੇ। ਤੇਵੇਹੇ-ਤਿਹੋ ਜਿਹੇ। ਫਲਤੇ-ਫਲਦੇ ਹਨ। ਤਤਾ-ਗਰਮ। ਲੋਹ ਸਾਰੁ-ਕਰੜਾ ਲੋਹਾ; ਫੌਲਾਦੀ ਲੋਹਾ। ਪਲਤੇ-ਸਾੜ ਦੇਂਦਾ ਹੈ। ਸੰਘੈ-ਕੰਠ ਨੂੰ। ਪਲਤੇ-ਸਾੜਦਾ ਹੈ। ਘਤਿ-ਪਾ ਕੇ। ਗਲਾਵਾਂ-ਗਲੇ ਦਾ ਰੱਸਾ (ਫਾਹਾ)। ਤਿਨਿ ਦੂਤਿ-ਦੂਤਾਂ ਨੇ ਉਨ੍ਹਾਂ (ਕਰਮਾਂ ਕਰਕੇ); ਉਨਾਂ ਦੂਤਾਂ ਨੇ। ਅਮਲ ਤੇ-ਕਰਮਾਂ ਕਰਕੇ। ਕਾਈ-ਕੋਈ। ਨ ਪੁੰਨੀਆ-ਪੂਰੀ ਨਹੀਂ ਹੋਈ। ਪਰ ਮਲੁ-ਪਰਾਈ

All Rights Reserved by Harjinder Singh Gyani | www.GuruGranthVakhyaan.org

(ਨਿੰਦਾ ਰੂਪ) ਮੈਲ। ਹਿਰਤੇ-ਚੁਰਾਉਂਦੇ ਹਨ। ਅਕਿਰਤਘਣ-ਨਾਸ਼ੁਕਰਾ ਮਨੁੱਖ। ਫਿਰਤੇ-ਫਿਰਦੇ ਹਨ। ਨਿਖੁਟੀਅਸੁ-ਮੁੱਕ ਗਏ ਉਸ ਦੇ। ਧਿਰਾਂ-ਆਸਰੇ; ਪੱਖ। ਹਿਰਿ ਲਈਅਸੁ- ਚੁੱਕ ਲਿਆ ਉਸ ਨੂੰ। ਧਰ ਤੇ-ਧਰਤੀ ਤੋਂ। ਵਿਝਣ ਨ ਦੇਵਦਾ-ਮੁੱਕਣ ਨਹੀਂ ਦੇਂਦਾ। ਕਲਹ-ਝਗੜੇ। ਕਰਤੇ-ਕਰਤਾਰ ਨੇ। ਕਰਤੇ-ਕਰਦੇ ਹਨ। ਅਹੰਮੇਉ-ਹੰਕਾਰ। ਝੜਿ ਪੜਤੇ-ਝੜ ਕੇ (ਡਿਗ) ਪੈਂਦੇ ਹਨ। ੩੨।

ਸਲੋਕ ਮਃ ੩ ॥ ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥ ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥ ਅੰਤਰਿ ਹਰਿ ਨਾਮੁ ਬਾਸਨਾ ਸਮਾਣੀ ॥ ਹਰਿ ਦਰਿ ਸੋਭਾ ਮਹਾ ਉਤਮ ਬਾਣੀ ॥ ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥ ਨਾਨਕ ਸਤਿਗੁਰ ਮਿਲਿਐ, ਪਾਇਆ ਨਾਮੁ ਧਨੁ ਮਾਲੁ ॥੧॥ ਗੁਰਮੁਖ ਵਿਚ ਬਿਬੇਕ ਬੁਧੀ ਵਾਲਾ ਗਿਆਨ ਹੁੰਦਾ ਹੈ। (ਕਿਉਂਕਿ ਉਹ) ਹਰੀ ਦੇ ਗੁਣ ਗਾਉਂਦਾ ਹੈ ਅਤੇ ਅਪਣੇ ਹਿਰਦੇ ਵਿਚ (ਹਰੀ ਦੇ ਗੁਣਾਂ; ਨਾਮ ਸਿਮਰਨ ਦਾ) ਹਾਰ ਪ੍ਰੋਈ ਰਖਦਾ ਹੈ। (ਉਹ) ਪਵਿਤ੍ਰ ਤੋਂ ਪਵਿਤ੍ਰ ਤੇ ਬੜਾ ਵਿਚਾਰਵਾਨ ਹੁੰਦਾ ਹੈ। ਜਿਹੜਾ (ਪੁਰਖ) ਉਸ (ਗੁਰਮੁਖ) ਨੂੰ ਮਿਲਦਾ ਹੈ, ਉਸ ਨੂੰ (ਉਹ ਭਵਜਲ ਤੋਂ) ਪਾਰ ਲੰਘਾ ਦਿੰਦਾ ਹੈ। (ਉਸ ਗੁਰਮੁਖ ਦੇ) ਅੰਦਰ ਹਰੀ ਦੇ ਨਾਮ ਦੀ ਮਹਿਕ ਸਮਾਈ ਰਹਿੰਦੀ ਹੈ। (ਜਿਸ ਕਰਕੇ ਗੁਰਮੁਖ ਦੀ) ਹਰੀ ਦੇ ਦਰ ਤੇ ਸੋਭਾ ਹੁੰਦੀ ਹੈ, (ਉਸ ਦੀ) ਬਾਣੀ ਵੀ ਬਹੁਤ ਉਤਮ ਹੁੰਦੀ ਹੈ; (ਉਸਦੀ) ਬੋਲੀ ਬਹੁਤ ਚੰਗੀ ਹੁੰਦੀ ਹੈ। ਜਿਹੜਾ ਪੁਰਖ (ਉਸ ਗੁਰਮੁਖ ਦੀ ਉਪਦੇਸ਼ ਰੂਪ ਬਾਣੀ) ਸੁਣਦਾ ਹੈ, ਉਹ ਨਿਹਾਲ ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੇ ਮਿਲਣ ਕਰਕੇ (ਗੁਰਮੁਖਾਂ ਨੇ) ਨਾਮ ਰੂਪ ਧਨ ਤੇ ਮਾਲ ਪ੍ਰਾਪਤ ਕੀਤਾ ਹੈ। ੧।

ਪਦਾਰਥ = ਬਿਬੇਕ ਬੁਧਿ-ਸੱਤ ਅਸੱਤ ਦਾ ਵਿਚਾਰ; ਪ੍ਰਕ੍ਰਿਤੀ ਤੇ ਬ੍ਰਹਮ ਦਾ ਯਥਾਰਨ ਗਿਆਨ। ਪਵਿਤੁ ਪਾਵਨੁ-ਪਵਿਤ੍ਰ ਤੋਂ ਪਵਿਤ੍ਰ। ਪਰਮ-ਸਭ ਤੋਂ ਵੱਧ; ਅਤਿਅੰਤ। ਬਾਸਨਾ-ਮਹਿਕ। ਸਮਾਣੀ-ਸਮਾਈ ਰਹਿੰਦੀ ਹੈ। ਧਨੁ ਮਾਲੁ-ਧਨ ਸੰਪਦਾ। ੧।

ਮਃ ੪ ॥ ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ, ਕਿ ਪੂਰੈ ਸਤਿਗੁਰ ਭਾਵੈ ॥ ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ, ਜੋ ਸਿਖਾਂ ਨੋ ਲੋਚੈ, ਸੋ ਗੁਰ ਖੁਸੀ ਆਵੈ ॥ ਸਤਿਗੁਰ ਆਖੈ ਸੁ ਕਾਰ ਕਮਾਵਨਿ, ਸੁ ਜਪੁ ਕਮਾਵਹਿ, ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥ ਵਿਣੁ ਸਤਿ ਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ, ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥ ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ, ਤਿਸੁ ਅਗੈ ਗੁਰਸਿਖੁ ਕਾਰ ਕਮਾਵੈ ॥ ਜਿ ਠਗੀ ਆਵੈ ਠਗੀ ਉਠਿ ਜਾਇ, ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ ॥ ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ ॥ ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ, ਸੋ ਜੰਤੁ ਮਹਾ ਦੁਖੁ ਪਾਵੈ ॥੨॥ ਸਤਿਗੁਰੂ ਦੇ ਦਿਲ ਦੀ ਮਰਜੀ ਦਾ ਪਤਾ ਨਹੀਂ ਲਗਦਾ ਕਿ ਉਸ ਪੂਰੇ ਗੁਰੂ ਨੂੰ ਕੀ ਭਾਉਂਦਾ ਹੈ? (ਹਾਂ ਇਹ ਪਤਾ ਲਗਦਾ ਹੈ ਕਿ) ਗੁਰੂ ਅਪਣੇ ਸਿੱਖਾਂ ਅੰਦਰ ਵਰਤ ਰਿਹਾ ਹੈ, ਜਿਹੜਾ ਮਨੁੱਖ ਸਿੱਖਾਂ ਦੀ ਸੇਵਾ ਕਰਨੀ ਚਾਹੁੰਦਾ ਹੈ, ਉਹ ਗੁਰੂ ਦੀ ਖੁਸ਼ੀ ਵਿਚ ਆ ਜਾਂਦਾ ਹੈ (ਗੁਰੂ ਜੀ ਉਸ ਉਪਰ ਖੁਸ਼ ਹੁੰਦੇ ਹਨ)। ਸਤਿਗੁਰੂ ਜੀ ਜੋ ਵੀ ਆਖਦੇ ਹਨ, (ਗੁਰਸਿੱਖ) ਉਹ ਕੰਮ (ਸੇਵਾ) ਕਰਦੇ ਹਨ, (ਸਤਿਗੁਰੂ ਦਾ ਦਸਿਆ) ਉਹ ਜਪ ਕਰਦੇ ਹਨ, (ਇਸੇ ਕਰਕੇ) ਗੁਰਸਿੱਖਾਂ ਦੀ ਕੀਤੀ ਸੇਵਾ ਸੱਚਾ ਵਾਹਿਗੁਰੂ ਥਾਇ ਪਾਉਂਦਾ ਹੈ (ਪ੍ਰਵਾਨ ਕਰਦਾ ਹੈ)। ਸਤਿਗੁਰੂ ਜੀ ਦੇ ਹੁਕਮ ਤੋਂ ਬਿਨਾ ਜੋ ਮਨੁੱਖ ਗੁਰਸਿੱਖਾਂ ਪਾਸੋਂ (ਗੁਰਮਤਿ ਵਿਰੁੱਧ) ਕੰਮ ਕਰਾਇਆ ਚਾਹੇ, ਤਾਂ ਗੁਰਸਿੱਖ ਫਿਰ ਉਸ ਮਨੁੱਖ ਦੇ ਨੇੜੇ ਨਹੀਂ ਆਉਂਦਾ (ਅੱਡ ਅੱਡ ਗੱਦੀਆਂ ਲਾ ਕੇ ਸਿੱਖੀ ਸੇਵਕੀ ਬਣਾਉਣ ਵਾਲਿਆਂ ਕੋਲੋਂ ਗੁਰੂ ਜੀ ਅਪਣੇ ਸਿੱਖਾਂ ਨੂੰ ਬਚਾਉਣਾ ਚਾਹੁੰਦੇ ਹਨ)। ਪੂਜਨੀਕ ਸਤਿਗੁਰੂ ਦੇ ਅੱਗੇ (ਜੇ ਕੋਈ ਪੁਰਖ) ਦਿਲ ਲਾ ਕੇ ਸੇਵਾ ਕਰੇ, ਤਾਂ ਉਸ ਦੇ ਅੱਗੇ ਗੁਰਸਿੱਖ ਸੇਵਾ ਕਰਦਾ ਹੈ (ਕਿਉਂਕਿ ਉਸ ਤੋਂ ਵੱਖਰੀ ਗੱਦੀ ਲੱਗਣ ਦਾ ਖਤਰਾ ਨਹੀਂ)। ਜੇ ਕੋਈ ਮਨੁੱਖ ਠੱਗੀ ਲਈ (ਅਪਣੇ ਕਿਸੇ ਸੁਆਰਥ ਦੀ ਸਿੱਧੀ ਲਈ ਪਖੰਡ ਰਚ ਕੇ) ਆਉਂਦਾ ਹੈ ਅਤੇ ਠੱਗੀ ਦੇ ਖਿਆਲ ਨਾਲ ਉਠ ਕੇ ਚਲਾ ਜਾਂਦਾ ਹੈ, ਉਸ ਦੇ ਨੇੜੇ ਗੁਰੂ ਦਾ ਸਿੱਖ ਬਿਲਕੁਲ ਨਹੀਂ ਜਾਂਦਾ। (ਇਹ) ਰੱਬੀ ਵਿਚਾਰ ਨਾਨਕ ਗੁਰੂ ਜੀ ਆਖ ਕੇ ਸੁਣਾ ਰਹੇ ਹਨ। ਕਿ ਜਿਹੜਾ ਮਨੁੱਖ ਸਤਿਗੁਰੂ ਦੇ ਮਨ ਮੰਨੇ ਬਿਨਾ (ਗੁਰੂ ਦੇ ਸਿੱਖਾਂ ਪਾਸੋਂ ਮਨਮੱਤ ਦਾ) ਕੰਮ ਕਰਾਏਗਾ, ਉਹ ਜੀਵ ਬਹੁਤ ਦੁਖ ਪਾਵੇਗਾ। ੨।

ਪਦਾਰਥ = ਜੀਅ ਕੀ-ਦਿਲ ਦੀ। ਸਾਰ-ਖਬਰ; ਮਨਸ਼ਾ। ਨ ਜਾਪੈ-ਨਹੀਂ ਜਾਣੀ ਜਾਂਦੀ (ਪਤਾ ਨਹੀਂ ਲਗਦਾ)। ਕਿ-ਕੀ। ਭਾਵੈ-ਚੰਗਾ ਲਗਦਾ ਹੈ। ਲੋਚੈ-ਚਾਹੁੰਦਾ ਹੈ; ਪਿਆਰ ਕਰਦੇ ਹਨ। ਕਾਰ-ਕੰਮ; ਸੇਵਾ। ਕਮਾਵਨਿ-ਕਰਦੇ ਹਨ। ਘਾਲ-ਸੇਵਾ ਟਹਿਲ। ਥਾਇ ਪਾਵੈ-ਪ੍ਰਵਾਨ; ਸਫਲ ਕਰਦਾ ਹੈ। ਜਿ-ਜਿਹੜਾ। ਜੀਉ ਲਾਇ-ਦਿਲ ਲਾ ਕੇ। ਠਗੀ-ਮਤਲਬ ਲਈ। ਮੂਲਿ-ਬਿਲਕੁਲ। ਬ੍ਰਹਮੁ ਬੀਚਾਰੁ-ਰੱਬੀ ਵਿਚਾਰ। ਵਿਣੁ ਮਨੁ ਮੰਨੇ-ਮਨ ਨੂੰ ਖੁਸ਼ ਕੀਤੇ ਬਿਨਾ (ਗੁਰੂ ਦੀ ਮਰਜੀ ਦੇ ਵਿਰੁੱਧ)। ਜੰਤੁ-ਜੀਵ (ਮਨੁੱਖ)। ੨।

ਵਿਆਖਿਆ = ਇਸ ਸਲੋਕ ਵਿਚ ਗੁਰੂ ਰਾਮਦਾਸ ਜੀ ਦਸਦੇ ਹਨ ਕਿ ਸਤਿਗੁਰੂ ਪਾਸੋਂ ਹਰੀ ਦਾ ਨਾਮ ਰੂਪ ਧਨ ਮਾਲ ਕਿਵੇਂ ਪ੍ਰਾਪਤ

All Rights Reserved by Harjinder Singh Gyani | www.GuruGranthVakhyaan.org

ਹੁੰਦਾ ਹੈ? ਸਿੱਖ ਗੁਰੂ ਦੇ ਹੁਕਮ ਅਨੁਸਾਰ ਸੇਵਾ ਕਰਦੇ ਹਨ ਤੇ ਨਾਮ ਦਾ ਸਿਮਰਨ ਕਰਦੇ ਹਨ।ਕੁਝ ਪਖੰਡੀ ਗੁਰੂ ,ਮਾਇਆ ਧਾਰੀ ਲੋਕ ਤੇ ਹੁਕਮਰਾਨ ਸਿੱਖਾਂ ਪਾਸੋਂ ਅਪਣੀ ਮਨ ਮਰਜੀ ਦਾ ਕੰਮ ਕਰਾਉਣਾ ਚਾਹੁੰਦੇ ਹੁੰਦੇ ਹਨ।ਅਜੇਹੇ ਲੋਕ ਗੁਰੂ ਦੇ ਅੰਦਰ ਦੀ ਮਨਸ਼ਾ ਨਹੀਂ ਜਾਣਦੇ ਕਿ ਗੁਰੂ ਨੂੰ ਕੀ ਚੰਗਾ ਲਗਦਾ ਹੈ? ਕੋਈ ਮਨੁੱਖ ਗੁਰੂ ਜੀ ਦੇ ਸਿੱਖਾਂ ਪਾਸੋਂ ਮਨਮੱਤ ਦਾ ਕੰਮ ਕਰਾਵੇ, ਉਹ ਗੁਰੂ ਜੀ ਨੂੰ ਚੰਗਾ ਨਹੀਂ ਲਗਦਾ, ਕਿਉਂਕਿ ਗੁਰਸਿੱਖਾਂ ਅੰਦਰ ਸਤਿਗੁਰੂ ਵਰਤਦਾ ਹੈ।ਅਜੇਹੇ ਮਨਮੱਤੀਏ ਹਰ ਜਗ੍ਹਾ ਸਤਿਸੰਗ ਵਿਚ ਆ ਰਲਦੇ ਹਨ ,ਜੋ ਪ੍ਰੇਮੀ ਤਾਂ ਨਹੀਂ ਹੁੰਦੇ, ਪਰ ਉਹ ਵੱਡਾ ਤੇ ਚੌਧਰੀ ਬਣਨਾ ਚਾਹੁੰਦੇ ਹੁੰਦੇ ਹਨ।ਅਜੇਹੇ ਮਨੁੱਖ ਛੇਤੀ ਉਘੜ ਆਉਂਦੇ ਹਨ, ਗੁਰਸਿੱਖ ਅਜੇਹੇ ਬੰਦਿਆਂ ਦੇ ਨੇੜੇ ਨਹੀਂ ਢੁਕਦੇ।ਗੁਰੂ ਦੇ ਸਿੱਖ ਗੁਰੂ ਅੱਗੇ ਆ ਕੇ ਝੁਕਦੇ ਹਨ ਤੇ ਗੁਰੂ ਦੇ ਹੁਕਮ ਅਨੁਸਾਰ ਚਲਦੇ ਹਨ।ਉਨ੍ਹਾਂ ਵਿਚੋਂ ਪ੍ਰਵਾਨ ਹੋਏ ਸਿੱਖਾਂ ਨੂੰ ਗੁਰੂ ਜੀ ਮੰਜੀ ਬਖਸ ਕੇ ਗੁਰਮਤ ਦੇ ਪ੍ਰਚਾਰ ਦੀ ਸੇਵਾ ਤੇ ਲਾ ਦੇਂਦੇ ਹਨ।ਉਨ੍ਹਾਂ ਦੀ ਦੱਸੀ ਘਾਲ ਕਮਾਈ ਸਿੱਖ ਖੁਸ਼ੀ ਨਾਲ ਕਰਦੇ ਹਨ, ਕਿਉਂਕਿ ਉਨ੍ਹਾਂ ਦੀ ਸਿਖਿਆ ਗੁਰਮਤ ਅਨੁਸਾਰ ਹੁੰਦੀ ਸੀ।ਮਨਮਤੀਆਂ ਨੂੰ ਠੱਗ ਆਖ ਕੇ ਉਨ੍ਹਾਂ ਦੀ ਸੰਗਤ ਤੋਂ ਵਰਜ ਦਿਤਾ ਹੈ।ਐਸੇ ਠੱਗ ਲੋਕ ਆਪੇ ਆਪ ਨਿਰੰਜਨ ਬਣ ਬੈਠਦੇ ਹਨ, ਉਨ੍ਹਾਂ ਦਾ ਅੰਤ ਵੀ ਮਾੜਾ ਹੀ ਹੁੰਦਾ ਹੈ।ਗੁਰੂ ਜੀ ਆਖਦੇ ਹਨ ਕਿ ਇਹ ਰੱਬੀ ਵਿਚਾਰ ਅਸੀਂ ਆਖ ਰਹੇ ਹਾਂ।

ਪਉੜੀ ॥ ਤੂੰ ਸਚਾ ਸਾਹਿਬੁ ਅਤਿ ਵਡਾ, ਤੁਹਿ ਜੇਵਡੁ ਤੂੰ ਵਡ ਵਡੇ ॥ ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ, ਤੂੰ ਆਪੇ ਬਖਸਿ ਲੈਹਿ ਲੇਖਾ ਛਡੇ ॥ ਜਿਸ ਨੋ ਤੂੰ ਆਪਿ ਮਿਲਾਇਦਾ, ਸੋ ਸਤਿਗੁਰੁ ਸੇਵੇ ਮਨੁ ਗਡ ਗਡੇ ॥ ਤੂੰ ਸਚਾ ਸਾਹਿਬੁ ਸਚੁ ਤੂ ,ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ ॥ ਜਿਉ ਭਾਵੈ ਤਿਉ ਰਖੁ ਤੂੰ ਸਚਿਆ, ਨਾਨਕ ਮਨਿ ਆਸ ਤੇਰੀ ਵਡ ਵਡੇ ॥੩੩॥੧॥ ਸੁਧੁ ॥ (ਹੇ ਵਾਹਿਗੁਰੂ!) ਤੂੰ ਸਚਾ ਮਾਲਕ ਹੈਂ, ਬਹੁਤ ਵੱਡਾ ਹੈਂ, ਤੇਰੇ ਜਿਤਨਾ ਵੱਡਾ ਤੂੰ ਆਪ ਹੀ ਵੱਡਾ ਹੈਂ (ਹੋਰ ਕੋਈ ਨਹੀਂ)।ਜਿਸ ਮਨੁੱਖ ਤੂੰ (ਆਪ ਗੁਰੂ ਨਾਲ) ਮਿਲਾ ਲੈਂਦਾ ਹੈਂ, ਉਹ ਹੀ ਤੈਨੂੰ ਮਿਲਦਾ ਹੈ ਅਤੇ ਤੂੰ ਆਪੇ (ਉਸ ਦੇ ਕੀਤੇ ਕਰਮਾਂ ਦਾ) ਲੇਖਾ ਛਡ ਕੇ ਬਖਸ਼ ਲੈਂਦਾ ਹੈਂ।(ਹੇ ਪ੍ਰਭੂ!) ਜਿਸ ਨੂੰ ਤੂੰ ਆਪ (ਅਪਣੇ ਨਾਲ) ਮਿਲਾ ਲੈਂਦਾ ਹੈਂ, ਉਹ ਚੰਗੀ ਤਰ੍ਹਾਂ ਮਨ ਜੋੜ ਕੇ ਸਤਿਗੁਰੂ ਦੀ ਸੇਵਾ ਕਰਦਾ ਹੈ।ਤੂੰ ਸੱਚਾ ਮਾਲਕ ਹੈਂ ਤੇ ਸੱਚ ਸਰੂਪ ਹੈਂ, (ਅਤੇ ਮੇਰਾ) ਜੀਵਨ, ਸਰੀਰ, ਚੰਮ ਤੇ ਹੱਡ ਸਭ ਕੁਛ ਤੇਰਾ ਹੀ ਦਿਤਾ ਹੋਇਆ ਹੈ।ਹੇ ਵੱਡੇ ਤੋਂ ਵੱਡੇ ਵਾਹਿਗੁਰੂ! ਨਾਨਕ ਦੇ ਮਨ ਵਿਚ ਕੇਵਲ ਤੇਰੀ ਆਸ ਹੈ, ਹੇ ਸੱਚੇ ਵਾਹਿਗੁਰੂ! ਜਿਵੇਂ ਤੈਨੂੰ ਭਾਵੇ ਤਿਵੇਂ ਤੂੰ ਸਾਨੂੰ ਰੱਖ ਲੈ।੩੩।੧।ਸੁਧੁ।

ਪਦਾਰਥ = ਅਤਿ-ਬਹੁਤ।ਤੁਹਿ ਜੇਵਡੁ-ਤੇਰੇ ਜਿੱਡਾ ਵੱਡਾ।ਸੋ-ਉਹ।ਤੁਧੁ-ਤੈਨੂੰ।ਗਡ ਗਡੇ-ਚੰਗੀ ਤਰ੍ਹਾਂ ਜੋੜ ਕੇ; ਜਿਵੇਂ ਗੱਡਾ ਗਾਰੇ ਵਿਚ ਖੁਭ ਜਾਂਦਾ ਹੈ, ਇਵੇਂ ਗੁਰੂ ਵਿਚ ਮਨ ਖੁਭੋ ਕੇ।ਜੀਉ-ਜੀਵਨ; ਜਿੰਦ।ਪਿੰਡੁ-ਸਰੀਰ।ਹਡੇ-ਹੱਡ।੩੩।੧।

ਸੁਧੁ = ਵਾਰ ਦੀ ਅਸਲ ਲਿਖਤ ਨਾਲ ਮੇਲ ਕੇ ਇਹ ਵਾਰ ਸੋਧੀ ਹੋਈ ਹੈ (ਕੋਈ ਹੋਰ ਸੋਧ ਕਰਨ ਦਾ ਜਤਨ ਨਾ ਕਰੇ)।

ਬਣਤਰ = ਇਹ ਵਾਰ ਸ੍ਰੀ ਗੁਰੂ ਰਾਮਦਾਸ ਜੀ ਦੀ ਉਚਾਰੀ ਹੋਈ ਹੈ।ਇਸ ਵਿਚ ਕੁਲ ੩੩ ਪਉੜੀਆਂ ਹਨ, ਪਹਿਲੀਆਂ ੨੬ ਪਉੜੀਆਂ ਗੁਰੂ ਰਾਮਦਾਸ ਜੀ ਦੀਆਂ ਉਚਾਰੀਆਂ ਹੋਈਆਂ ਹਨ ਅਤੇ ੨੭, ੨੮, ੨੯, ੩੦ ਅਤੇ ੩੧ ਇਹ ਪੰਜ ਪਉੜੀਆਂ ਗੁਰੂ ਅਰਜਨ ਦੇਵ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ।ਇਨ੍ਹਾਂ ਉਤੇ ਪਉੜੀ ੫ ਜਾਂ ਪਉੜੀ ਮਃ ੫ ਲਿਖਿਆ ਹੋਇਆ ਹੈ।ਫਿਰ ੩੨ ਅਤੇ ੩੩ ਵੀਂ ਦੋ ਪਉੜੀਆਂ ਗੁਰੂ ਰਾਮਦਾਸ ਜੀ ਦੀਆਂ ਹਨ।ਸੋ ੩੩ ਪਉੜੀਆਂ ਵਿਚੋਂ ੨੮ ਪਉੜੀਆਂ ਗੁਰੂ ਰਾਮਦਾਸ ਜੀ ਦੀਆਂ ਹਨ।ਪਹਿਲਾਂ ਇਹ ਵਾਰ ਨਿਰੀਆਂ ੨੮ ਪਉੜੀਆਂ ਦੀ ਹੀ ਸੀ, ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਅਪਣੀਆਂ ਪੰਜ ਪਉੜੀਆਂ ਤੇ ਅਪਣੇ ਉਚਾਰੇ ਸਲੋਕ ਅਤੇ ਦੂਜੇ ਗੁਰੂ ਸਾਹਿਬਾਨਾਂ ਦੇ ਉਚਾਰੇ ਸਲੋਕ ਪਉੜੀਆਂ ਦੇ ਨਾਲ ਦਰਜ ਕੀਤੇ।ਵਾਰ ਦੇ ਸਾਰੇ ਸਲੋਕਾਂ ਦੀ ਗਿਣਤੀ ੬੮ ਹੈ, ੧੫ ਵੀਂ ਅਤੇ ੨੦ ਵੀਂ ਪਉੜੀ ਨਾਲ ਤਿੰਨ ਤਿੰਨ ਸਲੋਕ ਹਨ, ਬਾਕੀ ਸਭ ਪਉੜੀਆਂ ਨਾਲ ਦੋ ਦੋ ਸਲੋਕ ਹਨ।ਗੁਰੂ ਅਮਰਦਾਸ ਜੀ ਦੇ ੭ ਸਲੋਕ, ੫੩ ਸਲੋਕ ਗੁਰੂ ਰਾਮਦਾਸ ਜੀ ਦੇ ਅਤੇ ੮ ਸਲੋਕ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਹੋਏ ਹਨ।

ਅੰਗ ੩੧੮ = ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ ॥ ੧ੴ ਸਤਿਗੁਰ ਪ੍ਰਸਾਦਿ ॥ ਵਾਰਾਂ ਨੂੰ ਧੁਨੀਆਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਚੜ੍ਹਾਈਆਂ।ਰਾਇ ਕਮਾਲਦੀਨ ਤੇ ਰਾਇ ਸਾਰੰਗ ਦੋਵੇਂ ਸਕੇ ਭਰਾ ਸਨ।ਕਮਾਲ ਦੀਨ ਵੱਡਾ ਭਰਾ ਸੀ, ਚਲਾਕ ਤੇ ਧੋਖੇਬਾਜ ਸੀ।ਦੋਵੇਂ ਭਰਾ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਮਾਲੀਆ ਭਰਦੇ ਸਨ।ਕਮਾਲ ਦੀਨ ਛੋਟੇ ਭਰਾ ਸਾਰੰਗ ਦਾ ਮਾਮਲਾ ਵੀ ਲੈ ਕੇ ਜਾਇਆ ਕਰਦਾ ਸੀ।ਪਰ ਅਪਣਾ ਮਾਮਲਾ ਭਰਾ

All Rights Reserved by Harjinder Singh Gyani | www.GuruGranthVakhyaan.org

ਕੇ ਸਾਰੰਗ ਦਾ ਮਾਮਲਾ ਆਪ ਰੱਖ ਲੈਂਦਾ ਸੀ। ਅਕਬਰ ਦੇ ਖਜਾਨੇ ਵਿਚ ਸਾਰੰਗ ਦਾ ਮਾਲੀਆ ਨਾ ਭਰਿਆ ਹੋਣ ਕਰਕੇ ਉਹ ਕੈਦ ਕਰ ਲਿਆ ਗਿਆ। ਇਕ ਹੋਰ ਰਾਜਾ ਜੋ ਸਾਰੰਗ ਦਾ ਮਿਤ੍ਰ ਸੀ, ਅਕਬਰ ਨੂੰ ਮਿਲ ਕੇ ਸਾਰਾ ਵੇਰਵਾ ਜਦ ਦਸਿਆ ਤਾਂ ਅਕਬਰ ਨੇ ਸਾਰੰਗ ਨੂੰ ਬੇਦੋਸਾ ਜਾਣ ਕੇ ਰਿਹਾ ਕਰ ਦਿਤਾ। ਜਦ ਕਮਾਲਦੀਨ ਨੂੰ ਸਾਰੰਗ ਦੇ ਰਿਹਾ ਹੋਣ ਦਾ ਪਤਾ ਲਗਾ ਤਾਂ ਉਸ ਕਪਟੀ ਨੇ ਅਪਣੇ ਕੀਤੇ ਦੀ ਮਾਫੀ ਮੰਗ ਲਈ ਅਤੇ ਸ਼ਰਾਬ ਵਿਚ ਜਹਿਰ ਪਿਲਾ ਕੇ ਸਾਰੰਗ ਨੂੰ ਮਾਰ ਦਿਤਾ। ਸਾਰੰਗ ਦੀ ਰਾਣੀ ਦੇ ਕੁੱਛੜ ਮੌਜਦੀਨ ਪੁਤ੍ਰ ਸੀ, ਜੋ ਰਾਤੋ ਰਾਤ ਨੱਸ ਕੇ ਪੇਕੇ ਘਰ ਚਲੇ ਗਈ, ਜਿਥੇ ਉਸ ਨੇ ਪੁਤ੍ਰ ਨੂੰ ਪਾਲਿਆ, ਪੜ੍ਹਾਇਆ ਤੇ ਸਸ਼ਤ੍ਰ ਵਿਦਿਆ ਵਿਚ ਨਿਪੁੰਨ ਕੀਤਾ। ਮੌਜਦੀਨ ਨਾਨਕਿਆਂ ਦੀ ਮਦਦ ਨਾਲ ਫੌਜ ਲੈ ਕੇ ਤਾਏ ਕਮਾਲਦੀਨ ਨਾਲ ਲੜਿਆ। ਜਿਸ ਵਿਚ ਕਮਾਲ ਮਾਰਿਆ ਗਿਆ, ਮੌਜਦੀਨ ਨੇ ਅਪਣਾ ਮੁਲਕ ਸੰਭਾਲਿਆ। ਅਪਣੇ ਤਾਏ ਦੇ ਪੁਤ੍ਰ ਰਣਧੀਰ ਨੂੰ ਅੱਧਾ ਰਾਜ ਦੇ ਦਿਤਾ। ਇਸ ਜੰਗ ਦੀ ਵਾਰ ਢਾਢੀਆਂ ਨੇ ਜਿਸ ਧੁਨੀ ਵਿਚ ਗਾਈ ਸੀ, ਉਸੇ ਧੁਨੀ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਸ ਵਾਰ ਨੂੰ ਗਾਉਣ ਦਾ ਆਦੇਸ਼ ਦਿਤਾ।

ਰਾਣਾ ਰਾਇ ਕਮਾਲਦੀਂ ਰਣ ਭਾਰਾ ਬਾਹੀ। ਮੌਜਦੀਂ ਤਲਵੰਡੀਓਂ ਚੜ੍ਹਿਆ ਸਾਬਾਹੀ। ਢਾਲੀਂ ਅੰਬਰ
ਛਾਇਆ ਫੁੱਲੇ ਅਨਕਾਹੀ। ਜੁਟੇ ਆਮ੍ਹੋ ਸਾਮ੍ਹਣੇ ਨੇਜੇ ਝਲਕਾਹੀ। ਮੌਜੇ ਘਰ ਵਾਧਾਈਆਂ ਚਾਚੇ ਘਰ ਧਾਹੀਂ।

ਸਲੋਕ ਮਃ ੫ ॥ ਹਰਿ ਹਰਿ ਨਾਮੁ ਜੋ ਜਨੁ ਜਪੈ, ਸੋ ਆਇਆ ਪਰਵਾਣੁ ॥ ਤਿਸੁ ਜਨ ਕੈ ਬਲਿਹਾਰਣੈ, ਜਿਨਿ ਭਜਿਆ ਪ੍ਰਭੁ ਨਿਰਬਾਣੁ ॥ ਜਨਮ ਮਰਨ ਦੁਖੁ ਕਟਿਆ, ਹਰਿ ਭੇਟਿਆ ਪੁਰਖੁ ਸੁਜਾਣੁ ॥ ਸੰਤ ਸੰਗਿ ਸਾਗਰੁ ਤਰੇ, ਜਨ ਨਾਨਕ ਸਚਾ ਤਾਣੁ ॥੧॥ ਜੋ ਪੁਰਖ ਹਰਿ ਹਰਿ ਨਾਮ ਜਪਦਾ ਹੈ, ਉਹ (ਸੰਸਾਰ ਵਿਚ) ਆਇਆ ਪ੍ਰਵਾਨ ਹੈ। ਉਸ ਪੁਰਖ ਤੋਂ (ਮੈਂ) ਬਲਹਾਰ ਜਾਂਦਾ ਹਾਂ, ਜਿਸ ਨੇ ਨਿਰਲੇਪ ਪ੍ਰਭੂ ਨੂੰ ਸਿਮਰਿਆ ਹੈ। (ਉਸ ਦਾ) ਜਨਮ ਮਰਨ ਦਾ ਦੁਖ ਕੱਟਿਆ ਗਿਆ ਹੈ, (ਕਿਉਂਕਿ ਉਸ ਨੂੰ) ਜਾਣੀ ਜਾਣ ਅਕਾਲ ਪੁਰਖ ਮਿਲ ਪਿਆ ਹੈ; ਹਰੀ ਰਾਹੀਂ ਸਿਆਣਾ ਪੁਰਖ (ਗੁਰੂ) ਮਿਲ ਗਿਆ ਹੈ (ਸ਼ਬਦਾਰਥ)। ਦਾਸ ਨਾਨਕ ਆਖਦਾ ਹੈ ਕਿ (ਉਹ ਸੇਵਕ) ਸੰਤਾਂ ਦੀ ਸੰਗਤ ਕਰਕੇ ਸੰਸਾਰ ਸਾਗਰ ਨੂੰ ਤਰ ਗਿਆ ਹੈ, (ਕਿਉਂਕਿ ਉਸ ਨੂੰ ਵਾਹਿਗੁਰੂ ਦਾ) ਸੱਚਾ ਬਲ (ਆਸਰਾ ਪ੍ਰਾਪਤ) ਹੈ।੧।

ਪਦਾਰਥ = ਜਨੁ–ਸੇਵਕ; ਪੁਰਖ। ਸੋ–ਉਹ। ਭਜਿਆ–ਜਪਿਆ। ਨਿਰਬਾਣੁ–ਨਿਰਲੇਪ; ਨਿਹਚਲ; ਬੰਧਨ ਰਹਿਤ। ਭੇਟਿਆ–ਮਿਲਿਆ। ਸੁਜਾਣੁ–ਸਿਆਣਾ; ਜਾਣੀ ਜਾਣ। ਤਾਣੁ–ਬਲ; ਆਸਰਾ।੧।

ਮਃ ੫ ॥ ਭਲਕੇ ਉਠਿ ਪਰਾਹੁਣਾ, ਮੇਰੈ ਘਰਿ ਆਵਉ ॥ ਪਾਉ ਪਖਾਲਾ ਤਿਸ ਕੇ, ਮਨਿ ਤਨਿ ਨਿਤ ਭਾਵਉ ॥ ਨਾਮੁ ਸੁਣੇ ਨਾਮੁ ਸੰਗ੍ਰਹੈ, ਨਾਮੇ ਲਿਵ ਲਾਵਉ ॥ ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ, ਹਰਿ ਕੇ ਗੁਣ ਗਾਵਉ ॥ ਹਰਿ ਨਾਮ ਵਾਪਾਰੀ ਨਾਨਕਾ, ਵਡਭਾਗੀ ਪਾਵਉ ॥੨॥ (ਹੇ ਭਾਈ! ਕੋਈ ਗੁਰਮੁਖ) ਮਹਿਮਾਨ ਸਵੇਰੇ ਉਠ ਕੇ ਮੇਰੇ ਘਰ ਵਿਚ ਆਵੇ (ਚਰਨ ਪਾਵੇ। ਮੈਂ) ਉਸ ਦੇ ਚਰਨ ਧੋਵਾਂ, (ਉਹ) ਮੇਰੇ ਮਨ ਤੇ ਤਨ ਵਿਚ ਨਿਤ ਚੰਗਾ (ਪਿਆਰਾ) ਲੱਗੇ। (ਅਜੇਹਾ ਜਿਹੜਾ ਗੁਰਮੁਖ) ਨਾਮ ਸੁਣੇ, ਨਾਮ ਇਕੱਠਾ ਕਰੇ ਅਤੇ ਨਾਮ ਵਿਚ ਲਿਵ ਲਗਾਵੇ। (ਉਸ ਦੇ ਆਉਣ ਨਾਲ ਮੇਰਾ) ਘਰ ਤੇ ਧਨ ਸਾਰਾ ਕੁਝ ਪਵਿਤ੍ਰ ਹੋ ਜਾਵੇ ਅਤੇ (ਮੈਂ ਉਸ ਦੀ ਸੰਗਤ ਵਿਚ) ਹਰੀ ਦੇ ਗੁਣ ਗਾਵਾਂ। ਹੇ ਨਾਨਕ! ਵੱਡੇ ਭਾਗਾਂ ਨਾਲ (ਕੋਈ ਵਿਰਲਾ ਮਨੁੱਖ ਅਜੇਹਾ) ਨਾਮ ਦਾ ਵਪਾਰੀ ਪ੍ਰਾਪਤ ਕਰਦਾ ਹੈ।੨।

ਪਦਾਰਥ = ਭਲਕੇ–ਸਵੇਰੇ। ਪਰਾਹੁਣਾ–ਮਹਿਮਾਨ। ਆਵਉ–ਆਵੇ। ਪਾਉ–ਪੈਰ (ਚਰਨ)। ਪਖਾਲਾ–ਮੈਂ ਧੋਵਾਂ। ਭਾਵਉ–ਚੰਗਾ ਲਗੇ; ਪਿਆਰਾ ਲਗੇ। ਸੰਗ੍ਰਹੈ–ਇਕੱਠਾ ਕਰੇ। ਨਾਮੇ–ਨਾਮ ਵਿਚ। ਲਾਵਉ–ਲਗਾਵੇ। ਗ੍ਰਿਹੁ–ਘਰ। ਗਾਵਉ–ਮੈਂ ਗਾਵਾਂ।੨।

ਪਉੜੀ ॥ ਜੋ ਤੁਧੁ ਭਾਵੈ ਸੋ ਭਲਾ, ਸਚੁ ਤੇਰਾ ਭਾਣਾ ॥ ਤੂ ਸਭ ਮਹਿ ਏਕੁ ਵਰਤਦਾ, ਸਭ ਮਾਹਿ ਸਮਾਣਾ ॥ ਥਾਨ ਥਨੰਤਰਿ ਰਵਿ ਰਹਿਆ, ਜੀਅ ਅੰਦਰਿ ਜਾਣਾ ॥ ਸਾਧ ਸੰਗਿ ਮਿਲਿ ਪਾਈਐ, ਮਨਿ ਸਚੇ ਭਾਣਾ ॥ ਨਾਨਕ ਪ੍ਰਭ ਸਰਣਾਗਤੀ, ਸਦ ਸਦ ਕੁਰਬਾਣਾ ॥੧॥ (ਹੇ ਵਾਹਿਗੁਰੂ!) ਜੋ ਤੈਨੂੰ ਭਾਉਂਦਾ ਹੈ, ਉਹ ਹੀ ਭਲਾ ਹੈ ਅਤੇ ਤੇਰਾ ਭਾਣਾ ਸੱਚਾ (ਅਟੱਲ) ਹੈ। ਤੂੰ ਇਕੋ ਹੀ ਸਭ ਵਿਚ ਵਰਤ ਰਿਹਾ ਹੈਂ ਅਤੇ ਸਭਨਾਂ ਵਿਚ ਸਮਾ ਰਿਹਾ ਹੈਂ। (ਤੂੰ) ਥਾਵਾਂ ਵਿਚ ਤੇ ਉਨ੍ਹਾਂ ਥਾਂਵਾਂ ਦੀਆਂ ਵਿੱਥਾਂ ਦੇ ਅੰਦਰ ਰਮ ਰਿਹਾ ਹੈਂ ਅਤੇ ਸਾਰੇ ਜੀਵਾਂ ਵਿਚ ਜਾਣਿਆ ਜਾਂਦਾ ਹੈਂ। ਸਾਧ ਸੰਗਤ ਵਿਚ ਮਿਲ ਕੇ ਤੇ ਸੱਚੇ ਵਾਹਿਗੁਰੂ ਦਾ ਭਾਣਾ ਮੰਨ ਕੇ (ਉਸ ਨੂੰ) ਪਾ ਲਈਦਾ ਹੈ। ਨਾਨਕ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ ਅਤੇ ਸਦਾ ਸਦਾ (ਤੈਥੋਂ) ਕੁਰਬਾਨ ਜਾਂਦਾ ਹੈ।੧।

ਪਦਾਰਥ = ਭਾਵੈ–ਭਾਉਂਦਾ (ਚੰਗਾ ਲਗਦਾ) ਹੈ। ਸੋ–ਉਹ। ਸਮਾਣਾ–ਸਮਾ ਰਿਹਾ ਹੈਂ। ਥਾਨ ਥਨੰਤਰਿ–ਥਾਵਾਂ ਤੇ ਥਾਵਾਂ ਦੇ ਅੰਦਰ ਦੇ ਸਥਾਨ ਵਿਚ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਮਨਿ–ਮੰਨ ਕੇ।੧।

ਸਲੋਕ ਮਃ ੫ ॥ ਚੇਤਾ ਈ ਤਾਂ ਚੇਤਿ, ਸਾਹਿਬੁ ਸਚਾ ਸੋ ਧਣੀ ॥ ਨਾਨਕ ਸਤਿਗੁਰੁ ਸੇਵਿ, ਚੜਿ ਬੋਹਿਥਿ ਭਉਜਲੁ ਪਾਰਿ ਪਉ ॥੧॥

www.gurugranthvakhyaan.org

(ਹੇ ਭਾਈ! ਤੂੰ ਪ੍ਰਭੂ ਨਾਲ ਕੀਤਾ ਇਕਰਾਰ ਕਰਕੇ ਆਇਆ ਸੀ ਕਿ ਸੰਸਾਰ ਵਿਚ ਜਨਮ ਲੈ ਕੇ ਨਾਮ ਜਪਾਂਗਾ, ਕੀ ਉਹ ਇਕਰਾਰ ਤੈਨੂੰ) ਚੇਤੇ ਹੈ? (ਜੇ ਚੇਤੇ ਹੈ) ਤਾਂ ਪ੍ਰਭੂ ਨੂੰ ਚੇਤੇ ਕਰ, ਉਹ ਸਾਹਿਬ (ਸਾਰੇ ਜਗਤ ਦਾ) ਸੱਚਾ ਮਾਲਕ ਹੈ। ਹੇ ਨਾਨਕ! ਸਤਿਗੁਰੂ ਨੂੰ ਸੇਵ (ਸਿਮਰ) ਅਤੇ (ਸਤਿਗੁਰੂ; ਨਾਮ ਰੂਪ) ਜਹਾਜ ਤੇ ਚੜ੍ਹ ਕੇ ਭਵਜਲ ਤੋਂ ਪਾਰ ਜਾ ਪਉ।੧।

ਪਦਾਰਥ = ਚੇਤਾ ਈ–ਚੇਤਾ ਹੈ; ਚੇਤਨਤਾ; ਅਕਲ। ਚੇਤਿ–ਯਾਦ ਕਰ। ਧਣੀ–ਮਾਲਕ। ਬੋਹਿਥਿ–ਜਹਾਜ। ਪਾਰਿ ਪਉ–ਪਾਰ ਹੋ ਜਾ।੧।

ਚੇਤਾ ਈ ਤਾਂ ਚੇਤਿ = ੧. (ਹੇ ਪੁਰਖਾ!) ਜੇ ਤੈਨੂੰ ਚੇਤਨਤਾ (ਬੁੱਧੀ; ਅਕਲ) ਹਈ ਤਾਂ (ਪ੍ਰਭੂ ਨੂੰ) ਯਾਦ ਕਰ।੨. ਚੇਤਾਈ ਤਾਂ ਚੇਤਿ = (ਅਸੀਂ ਇਹ ਗੱਲ ਤੈਨੂੰ) ਯਾਦ ਕਰਾਈ ਹੈ, (ਕਿ ਹੁਣ ਵੇਲਾ ਹੈ, ਵਾਹਿਗੁਰੂ ਨੂੰ) ਸਿਮਰ ਲੈ।

ਮਃ ੫ ॥ ਵਾਊ ਸੰਦੇ ਕਪੜੇ, ਪਹਿਰਹਿ ਗਰਬਿ ਗਵਾਰ ॥ ਨਾਨਕ ਨਾਲਿ ਨ ਚਲਨੀ, ਜਲਿ ਬਲਿ ਹੋਏ ਛਾਰੁ ॥੨॥ ਮੂਰਖ ਮਨੁੱਖ ਹੰਕਾਰ ਵਿਚ (ਦਿਖਾਵੇ ਲਈ) ਹਵਾ ਨਾਲ ਉਡਣ ਵਾਲੇ (ਪਤਲੇ ਕੋਮਲ ਮਲਮਲ ਦੇ ਸੁੰਦਰ) ਕਪੜੇ ਪਹਿਨਦੇ ਹਨ; ਮੂਰਖ ਮਨੁੱਖ ਹਵਾ ਦੇ, ਭਾਵ ਜਿਸ ਦੀ ਇਸਥਿਤੀ ਹਵਾ ਦੇ ਸਮਾਨ ਹੈ, ਐਸੇ ਸਰੀਰ ਰੂਪ ਕਪੜੇ ਪਹਿਨ ਕੇ ਹੰਕਾਰ ਕਰਦੇ ਹਨ (ਫ.ਸ.)। ਹੇ ਨਾਨਕ! (ਅਜੇਹੇ ਕਪੜੇ ਰੱਬੀ ਦਰਗਾਹ ਵਿਚ) ਨਾਲ ਨਹੀਂ ਜਾਂਦੇ, (ਇਥੇ ਹੀ ਚਿਖਾ ਵਿਚ) ਸੜ ਬਲ ਕੇ ਸੁਆਹ ਹੋ ਜਾਣਗੇ।੨।

ਪਦਾਰਥ = ਵਾਊ ਸੰਦੇ–ਹਵਾ ਵਰਗੇ ਬਰੀਕ ਕਪੜੇ; ਨਾਸ਼ਵੰਤ ਸਰੀਰ (ਜੋ ਹਵਾ ਭਾਵ ਪ੍ਰਾਣਾਂ ਦੇ ਆਸਰੇ ਚਲਦਾ ਹੈ ਤੇ ਹਵਾ ਨਿਕਲ ਨਾਲ ਮਰ ਜਾਂਦਾ ਹੈ); ਹਵਾ ਦੇ ਕਪੜੇ (ਹਵਾ ਰੂਪ ਹੰਕਾਰ ਨਾਲ ਫੁਲੇ ਹੋਏ ਸਰੀਰ)। ਪਹਿਰਹਿ–ਪਹਿਨਦੇ ਹਨ। ਗਰਬਿ–ਹੰਕਾਰ ਵਿਚ; ਹੰਕਾਰ ਮਨੁੱਖ। ਗਵਾਰ–ਮੂਰਖ (ਬੇਸਮਝ)। ਜਲਿ ਬਲਿ–ਸੜ ਬਲ ਕੇ। ਛਾਰੁ–ਸੁਆਹ।੨।

ਪਉੜੀ ॥ ਸੇਈ ਉਬਰੇ ਜਗੈ ਵਿਚਿ, ਜੋ ਸਚੈ ਰਖੇ ॥ ਮੁਹਿ ਡਿਠੈ ਤਿਨ ਕੈ ਜੀਵੀਐ, ਹਰਿ ਅੰਮ੍ਰਿਤੁ ਚਖੇ ॥ ਕਾਮੁ ਕ੍ਰੋਧੁ ਲੋਭੁ ਮੋਹੁ , ਸੰਗਿ ਸਾਧਾ ਭਖੇ ॥ ਕਰਿ ਕਿਰਪਾ ਪ੍ਰਭਿ ਆਪਣੀ, ਹਰਿ ਆਪਿ ਪਰਖੇ ॥ ਨਾਨਕ ਚਲਤ ਨ ਜਾਪਨੀ, ਕੋ ਸਕੈ ਨ ਲਖੇ ॥੨॥ ਉਹ ਪੁਰਖ ਹੀ ਜਗਤ ਵਿਚ (ਕਾਮ ਆਦਿਕ ਵਿਕਾਰਾਂ ਤੋਂ) ਬਚੇ ਹਨ, ਜੋ ਸੱਚੇ ਪ੍ਰਭੂ ਨੇ ਰੱਖੇ (ਬਚਾਏ) ਹਨ। ਉਨ੍ਹਾਂ ਪੁਰਖਾਂ ਦਾ ਮੂੰਹ ਦੇਖ ਕੇ (ਦਰਸ਼ਨ ਕਰਕੇ) ਜਿਉਂਦੇ ਰਹੀਦਾ ਹੈ, ਜਿਹੜੇ ਹਰੀ ਦਾ ਨਾਮ ਰੂਪ ਅੰਮ੍ਰਿਤ ਛਕਦੇ ਭਾਵ ਜਪਦੇ ਹਨ। ਸਾਧੂਆਂ ਦੀ ਸੰਗਤ ਵਿਚ ਕਾਮ ਕ੍ਰੋਧ ਲੋਭ ਮੋਹ ਆਦਿ ਵਿਕਾਰ ਖਾਧੇ (ਨਾਸ਼ ਹੋ) ਜਾਂਦੇ ਹਨ। ਹਰੀ ਪ੍ਰਭੂ ਨੇ ਕ੍ਰਿਪਾ ਕਰਕੇ (ਨਿਰਮਲ ਹੋਏ ਅਜੇਹੇ ਸੇਵਕ) ਆਪ ਹੀ ਪਰਖ (ਪ੍ਰਵਾਨ ਕਰ) ਲਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦੇ) ਕੌਤਕ ਜਾਣੇ ਨਹੀਂ ਜਾਂਦੇ ਅਤੇ ਨਾ ਹੀ ਕੋਈ (ਮਨੁੱਖ ਪ੍ਰਭੂ ਨੂੰ) ਸਮਝ ਸਕਦਾ ਹੈ।੨।

ਪਦਾਰਥ = ਸੇਈ–ਉਹ ਹੀ। ਉਬਰੇ–ਬਚੇ ਹਨ। ਜਗੈ ਵਿਚਿ–ਜਗਤ ਵਿਚ। ਰਖੇ–ਰਖਿਆ ਕੀਤੀ; ਬਚਾਏ ਹਨ। ਮੁਹਿ–ਮੂੰਹ। ਤਿਨ ਕੈ–ਉਨ੍ਹਾਂ ਦੇ। ਚਖੇ–ਛਕਦੇ (ਜਪਦੇ) ਹਨ। ਭਖੇ–ਖਾਧੇ (ਮੁੱਕ) ਜਾਂਦੇ ਹਨ। ਪਰਖੇ–ਪਰਖ (ਪ੍ਰਵਾਨ ਕਰ) ਲਏ ਹਨ। ਚਲਤ–ਕੌਤਕ। ਨ ਜਾਪਨੀ–ਜਾਣੇ ਨਹੀਂ ਜਾਂਦੇ। ਕੋ–ਕੋਈ। ਨ ਲਖੇ–ਜਾਣ (ਸਮਝ) ਨਹੀਂ ਸਕਦਾ।੨।

ਉਥਾਨਕਾ = ਸਿੱਖਾਂ ਨੇ ਪੁੱਛਿਆ ਕਿ ਕੋਈ ਕਹਿੰਦਾ ਹੈ, ਬੁਧਵਾਰ ਦਿਨ ਚੰਗਾ ਹੈ, ਕੋਈ ਪੁੰਨਿਆ ਜਾਂ ਹੋਰ ਕੋਈ ਦਿਨ ਚੰਗਾ ਮੰਨੀ ਬੈਠਾ ਹੈ। ਆਪ ਦੱਸੋ ਕਿਹੜਾ ਦਿਨ ਚੰਗਾ ਹੈ? ਤਾਂ ਹਜੂਰ ਨੇ ਇਸ ਸਲੋਕ ਰਾਹੀਂ ਸਿਖਿਆ ਦਿਤੀ (ਟਕਸਾਲ)।

ਸਲੋਕ ਮਃ ੫ ॥ ਨਾਨਕ ਸੋਈ ਦਿਨਸੁ ਸੁਹਾਵੜਾ, ਜਿਤੁ ਪ੍ਰਭੁ ਆਵੈ ਚਿਤਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ,ਫਿਟੁ ਭਲੇਰੀ ਰੁਤਿ ॥ ੧॥ ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹੀ ਦਿਨ ਸੋਹਣਾ ਹੈ, ਜਿਸ ਦਿਨ ਪ੍ਰਭੂ ਯਾਦ ਆਉਂਦਾ ਹੈ।(ਪਰ) ਜਿਸ ਦਿਨ ਵਿਚ ਪ੍ਰਭੂ ਵਿਸਰ ਜਾਂਦਾ ਹੈ, ਭਾਵੇਂ (ਉਹ ਕਿਤਨੀ) ਚੰਗੀ ਰੁੱਤ ਹੋਵੇ, (ਫਿਰ ਵੀ ਉਹ ਰੁੱਤ) ਫਿਟਕਾਰ ਯੋਗ ਹੈ।੧।

ਪਦਾਰਥ = ਸੋਈ–ਉਹ ਹੀ। ਦਿਨਸੁ–ਦਿਨ। ਸੁਹਾਵੜਾ–ਸੁੰਦਰ; ਸੋਭਨੀਕ; ਸੁਖਦਾਈ। ਫਿਟੁ–ਫਿਟਕਾਰ ਯੋਗ। ਭਲੇਰੀ–ਚੰਗੀ; (ਭਲੀ ਤੋਂ ਉਲਟ) ਮੰਦੀ। ਰੁਤਿ–ਮੌਸਮ; ਸਮਾਂ।੧।

ਮਃ ੫ ॥ ਨਾਨਕ ਮਿਤ੍ਰਾਈ ਤਿਸੁ ਸਿਉ ,ਸਭ ਕਿਛੁ ਜਿਸ ਕੈ ਹਾਥਿ ॥ ਕੁਮਿਤ੍ਰਾ ਸੇਈ ਕਾਂਢੀਅਹਿ, ਇਕ ਵਿਖ ਨ ਚਲਹਿ ਸਾਥਿ ॥੨ ॥ ਨਾਨਕ ਗੁਰੂ ਜੀ ਸਿੱਖਿਆ ਦੇਂਦੇ ਹਨ ਕਿ (ਹੇ ਭਾਈ!) ਉਸ ਪ੍ਰਭੂ ਨਾਲ ਮਿਤ੍ਰਤਾਈ ਕਰਨੀ ਚਾਹੀਦੀ ਹੈ, ਜਿਸ (ਪ੍ਰਭੂ) ਦੇ ਹੱਥ ਵਿਚ ਸਭ ਕੁਛ ਹੈ। ਖੋਟੇ ਮਿਤ੍ਰ ਉਹ ਹੀ ਕਹੇ ਜਾਂਦੇ ਹਨ, (ਜਿਹੜੇ ਬਿਪਤਾ ਸਮੇਂ ਜਾਂ ਪ੍ਰਲੋਕ ਨੂੰ ਜਾਣ ਸਮੇਂ) ਇਕ ਕਦਮ ਵੀ ਨਾਲ ਨਹੀਂ ਚਲਦੇ (ਅਜੇਹੇ ਲੋਕਾਂ ਨਾਲ ਮੋਹ ਨਹੀਂ ਵਧਾਉਣਾ ਚਾਹੀਦਾ)।੨।

ਪਦਾਰਥ = ਮਿਤ੍ਰਾਈ–ਦੋਸਤੀ। ਕੁਮਿਤ੍ਰਾ–ਖੋਟੇ ਮਿਤ੍ਰ। ਸੇਈ–ਉਹ ਹੀ। ਕਾਂਢੀਅਹਿ–ਕਹੇ (ਗਿਣੇ) ਜਾਂਦੇ ਹਨ। ਵਿਖ–ਕਦਮ।੨।

All Rights Reserved by Harjinder Singh Gyani | www.GuruGranthVakhyaan.org

ਪਉੜੀ ॥ ਅੰਮ੍ਰਿਤੁ ਨਾਮੁ ਨਿਧਾਨੁ ਹੈ, ਮਿਲਿ ਪੀਵਹੁ ਭਾਈ ॥ ਜਿਸੁ ਸਿਮਰਤ ਸੁਖੁ ਪਾਈਐ, ਸਭ ਤਿਖਾ ਬੁਝਾਈ ॥ ਕਰਿ ਸੇਵਾ ਪਾਰਬ੍ਰਹਮ ਗੁਰ, ਭੁਖ ਰਹੈ ਨ ਕਾਈ ॥ ਸਗਲ ਮਨੋਰਥ ਪੁੰਨਿਆ, ਅਮਰਾ ਪਦੁ ਪਾਈ ॥ ਤੁਧੁ ਜੇਵਡੁ ਤੂਹੈ ਪਾਰਬ੍ਰਹਮ, ਨਾਨਕ ਸਰਣਾਈ ॥੩॥ ਹੇ ਭਾਈ! ਅੰਮ੍ਰਿਤ ਰੂਪ ਨਾਮ (ਸਾਰੇ ਸੁਖਾਂ ਦਾ) ਖਜਾਨਾ ਹੈ, (ਇਸ ਅੰਮ੍ਰਿਤ ਨੂੰ ਸਤਿ ਸੰਗਤ ਵਿਚ) ਮਿਲ ਕੇ ਪੀਵੋ। ਜਿਸ (ਨਾਮ ਨੂੰ) ਸਿਮਰਦਿਆਂ ਸੱਚਾ ਸੁਖ ਪਾ ਲਈਦਾ ਹੈ ਅਤੇ ਸਾਰੀ (ਮਾਇਕ ਤੇ ਪਦਾਰਥਾਂ ਦੀ) ਤ੍ਰਿਸਨਾ ਬੁਝ ਜਾਂਦੀ ਹੈ। ਪਾਰਬ੍ਰਹਮ ਦਾ ਰੂਪ ਗੁਰੂ ਦੀ ਸੇਵਾ ਕਰ, (ਫਿਰ) ਕੋਈ ਭੁੱਖ ਨਹੀਂ ਰਹੇਗੀ। (ਅਤੇ ਤੇਰੇ) ਸਾਰੇ ਮਨੋਰਥ ਪੂਰੇ ਹੋ ਜਾਣਗੇ ਅਤੇ ਮੌਤ ਰਹਿਤ ਪਦ ਪ੍ਰਾਪਤ ਕਰ ਲਏਂਗਾ। ਹੇ ਪਾਰਬ੍ਰਹਮ! ਤੇਰੇ ਜਿਤਨਾ ਵੱਡਾ ਤੂੰ ਹੀ ਹੈਂ, ਨਾਨਕ ਤੇਰੀ ਸ਼ਰਣ ਵਿਚ ਆਇਆ ਹੈ।੩।

ਪਦਾਰਥ = ਨਿਧਾਨੁ–ਖਜਾਨਾ। ਤਿਖਾ–ਤ੍ਰੇਹ (ਪਿਆਸ); ਤ੍ਰਿਸ਼ਨਾ। ਕਾਈ–ਕੋਈ। ਪੁੰਨਿਆ–ਪੂਰੇ ਹੋ ਜਾਂਦੇ ਹਨ। ਅਮਰਾ ਪਦੁ–ਅਚੱਲ ਪਦਵੀ; ਮੌਤ ਰਹਿਤ ਉਚੀ ਆਤਮਕ ਅਵਸਥਾ; ਜਨਮ ਮਰਨ ਤੋਂ ਰਹਿਤ ਪਦਵੀ। ਜੇਵਡੁ–ਜਿੱਡਾ ਵੱਡਾ।੩।

ਸਲੋਕ ਮਃ ੫ ॥ ਡਿਠੜੋ ਹਭ ਠਾਇ, ਊਣ ਨ ਕਾਈ ਜਾਇ ॥ ਨਾਨਕ ਲਧਾ ਤਿਨ ਸੁਆਉ ,ਜਿਨਾ ਸਤਿਗੁਰੁ ਭੇਟਿਆ ॥੧॥ ਨਾਨਕ ਗੁਰੂ ਜੀ ਆਖਦੇ ਹਨ, (ਅਸੀਂ) ਸਾਰੀਆਂ ਥਾਵਾਂ ਦੇਖੀਆਂ ਹਨ, (ਪ੍ਰਮੇਸਰ ਤੋਂ) ਖਾਲੀ ਕੋਈ ਜਗ੍ਹਾ ਨਹੀਂ ਹੈ (ਹਰੇਕ ਜਗ੍ਹਾ ਪ੍ਰਭੂ ਮੌਜੂਦ ਹੈ)। ਜਿਨ੍ਹਾਂ ਪੁਰਖਾਂ ਨੂੰ ਸਤਿਗੁਰੂ ਮਿਲਿਆ ਹੈ, (ਪ੍ਰਮੇਸਰ ਦੀ ਵਿਆਪਕਤਾ ਦਾ) ਅਨੰਦ ਉਨ੍ਹਾਂ ਨੂੰ ਮਿਲਿਆ ਹੈ; ਜੀਵਨ ਦਾ ਲਾਭ (ਜਾਂ ਪ੍ਰਯੋਜਨ) ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ, ਜਿਨ੍ਹਾਂ ਨੂੰ ਸੱਚਾ ਗੁਰੂ ਮਿਲਿਆ ਹੈ।੧।

ਪਦਾਰਥ = ਡਿਠੜੋ–ਦੇਖੀਆਂ ਹਨ। ਹਭ–ਸਭ। ਠਾਇ–ਥਾਵਾਂ ਵਿਚ। ਊਣ–ਖਾਲੀ। ਕਾਈ–ਕੋਈ। ਜਾਇ–ਜਗ੍ਹਾ। ਲਧਾ–ਮਿਲਿਆ; ਪ੍ਰਾਪਤ ਹੋਇਆ। ਤਿਨ–ਉਨ੍ਹਾਂ ਨੂੰ। ਸੁਆਉ–ਅਨੰਦ; ਲਾਭ; ਪ੍ਰਯੋਜਨ। ਭੇਟਿਆ–ਮਿਲਿਆ ਹੈ।੧।

ਅੰਗ ੩੧੯ = ਮਃ ੫ ॥ ਦਾਮਨੀ ਚਮਤਕਾਰ, ਤਿਉ ਵਰਤਾਰਾ ਜਗ ਖੇ ॥ ਵਥੁ ਸੁਹਾਵੀ ਸਾਇ, ਨਾਨਕ ਨਾਉ ਜਪੰਦੋ ਤਿਸੁ ਧਣੀ ॥੨॥ (ਹੇ ਭਾਈ! ਜਿਵੇਂ) ਅਕਾਸ਼ ਵਿਚ ਬਿਜਲੀ ਦਾ ਲਿਸ਼ਕਾਰਾ (ਥੋੜੇ ਸਮੇਂ ਦਾ ਹੁੰਦਾ ਹੈ), ਉਸੇ ਤਰ੍ਹਾਂ ਜਗਤ ਦਾ ਵਰਤਾਰਾ (ਥੋੜੇ ਸਮੇਂ ਵਿਚ ਹੀ ਮਿਟ ਜਾਣ ਵਾਲਾ) ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਉਸ ਮਾਲਕ (ਵਾਹਿਗੁਰੂ) ਦਾ ਨਾਉਂ ਜਪਦਾ ਹੈ ,ਇਹੋ ਵਸਤੂ ਸੋਹਣੀ ਹੈ (ਨਾਮ ਸਦਾ ਰਹਿਣ ਵਾਲੀ ਚੀਜ ਹੈ), ਉਹ ਹੀ ਦੇਹ ਰੂਪ ਵਸਤੂ ਸੋਹਣੀ (ਸਫਲੀ) ਹੈ, ਜੋ (ਜਗਤ ਨੂੰ ਛਿਨ ਭੰਗਰ ਜਾਣ ਕੇ) ਉਸ ਮਾਲਕ ਵਾਹਿਗੁਰੂ ਦਾ ਨਾਮ ਜਪਦਾ ਹੈ (ਫ.ਸ. ਨਾਲ ਮਿਲਦਾ ਅਰਥ)।੨।

ਪਦਾਰਥ = ਦਾਮਨੀ–ਬਿਜਲੀ। ਚਮਤਕਾਰ–ਚਮਕਾਰਾ (ਲਿਸ਼ਕਾਰਾ; ਪ੍ਰਕਾਸ਼)। ਜਗ–ਜਗਤ। ਖੇ–ਦਾ; ਅਕਾਸ਼ ਵਿਚ (ਮ.ਕੋ; ਸੰ.ਸ.; ਫ.ਸ.)। ਵਥੁ–ਵਸਤੂ। ਸੁਹਾਵੀ–ਸੋਹਣੀ। ਸਾਇ–ਇਹੋ ਹੀ; ਉਹ ਹੀ। ਜਪੰਦੋ–ਜਪਦਾ ਹੈ। ਧਣੀ–ਮਾਲਕ ਵਾਹਿਗੁਰੂ ਦਾ।੨।

ਪਉੜੀ ॥ ਸਿਮ੍ਰਿਤਿ ਸਾਸਤ੍ਰ ਸੋਧਿ ਸਭਿ, ਕਿਨੈ ਕੀਮ ਨ ਜਾਣੀ ॥ ਜੋ ਜਨੁ ਭੇਟੈ ਸਾਧ ਸੰਗਿ, ਸੋ ਹਰਿ ਰੰਗੁ ਮਾਣੀ ॥ ਸਚੁ ਨਾਮੁ ਕਰਤਾ ਪੁਰਖੁ ,ਏਹ ਰਤਨਾ ਖਾਣੀ ॥ ਮਸਤਕਿ ਹੋਵੈ ਲਿਖਿਆ, ਹਰਿ ਸਿਮਰਿ ਪਰਾਣੀ ॥ ਤੋਸਾ ਦਿਚੈ ਸਚੁ ਨਾਮੁ ,ਨਾਨਕ ਮਿਹਮਾਣੀ ॥੪॥ ਸਿਮ੍ਰਤੀਆਂ ਤੇ ਸ਼ਾਸਤ੍ਰ ਸਾਰੇ ਸੋਧ ਕੇ ਦੇਖੇ ਹਨ, (ਪਰ ਬੇਅੰਤ ਪ੍ਰਭੂ ਦੀ) ਕਿਸੇ ਮਨੁੱਖ ਨੇ ਕੀਮਤ ਨਹੀਂ ਜਾਣੀ (ਜਿਵੇਂ ਸਮੁੰਦਰ ਦਾ ਅੰਤ ਨਹੀਂ ਲਿਆ ਜਾ ਸਕਦਾ, ਪਰ ਕੰਢੇ ਤੇ ਜਾ ਕੇ ਉਸਦਾ ਦਰਸ਼ਨ, ਇਸ਼ਨਾਨ ਤੇ ਠੰਢੀ ਹਵਾ ਦਾ ਅਨੰਦ ਲਿਆ ਜਾ ਸਕਦਾ ਹੈ)। ਜੋ ਮਨੁੱਖ ਸਾਧ ਸੰਗਤ ਵਿਚ ਮਿਲਦਾ ਹੈ, ਉਹ ਹਰੀ (ਦੇ ਮਿਲਾਪ) ਦਾ ਅਨੰਦ ਮਾਣਦਾ ਹੈ। ਸਰਵ ਵਿਆਪਕ ਕਰਤਾਰ ਦਾ ਜੋ ਸੱਚਾ ਨਾਮ ਹੈ, ਇਹ ਰਤਨਾਂ ਦੀ ਖਾਣ ਹੈ। (ਪਰ) ਹਰੀ ਦਾ ਨਾਮ ਉਹ ਮਨੁੱਖ ਹੀ ਸਿਮਰਦਾ ਹੈ, ਜਿਸਦੇ ਦੇ ਮੱਥੇ ਤੇ (ਧੁਰ ਤੋਂ) ਲਿਖਿਆ ਹੋਵੇ। (ਹੇ ਵਾਹਿਗੁਰੂ!) ਨਾਨਕ ਦੇ ਲਈ ਤੇਰੀ ਪ੍ਰਾਹੁਣਚਾਰੀ ਇਹੀ ਹੈ ਕਿ ਸੱਚਾ ਨਾਮ (ਪ੍ਰਲੋਕ ਦੇ ਰਸਤੇ ਲਈ) ਖਰਚਾ ਦਿਤਾ ਜਾਵੇ ।੪।

ਪਦਾਰਥ = ਸੋਧਿ–ਵਿਚਾਰ (ਨਿਰਣੇ ਕਰ) ਕੇ। ਕਿਨੈ–ਕਿਸੇ ਨੇ। ਕੀਮ–ਕੀਮਤ। ਭੇਟੈ–ਮਿਲਦਾ ਹੈ। ਸੋ–ਉਹ। ਰੰਗੁ–ਅਨੰਦ। ਮਾਣੀ–ਮਾਣਦਾ ਹੈ। ਰਤਨਾ ਖਾਣੀ–ਰਤਨਾਂ ਦਾ ਭੰਡਾਰ। ਮਸਤਕਿ–ਮੱਥੇ ਤੇ; ਭਾਗਾਂ ਵਿਚ। ਸਿਮਰਿ–ਸਿਮਰਦਾ ਹੈ। ਪਰਾਣੀ–ਮਨੁੱਖ। ਤੋਸਾ–ਰਾਹ ਦਾ ਖਰਚਾ। ਦਿਚੈ–ਦਿਤਾ ਜਾਵੇ। ਮਿਹਮਾਣੀ–ਪ੍ਰਾਹੁਣਚਾਰੀ; ਮਹਿਮਾਨ ਦੀ ਸੇਵਾ।੪।

ਨਾਨਕ ਮਿਹਮਾਣੀ = (ਹੇ ਪ੍ਰਭੂ! ਤੈਂ) ਨਾਨਕ ਨੂੰ ਖਾਣ ਪਹਿਨਣ ਲਈ ਸਭ ਕੁਛ ਦਿਤਾ ਹੈ, ਪਰ ਇਹ ਥਾਂ ਸਦਾ ਠਹਿਰਨ ਲਈ ਨਹੀਂ, ਮੈਂ ਇੱਥੇ ਮਿਹਮਾਨ ਹਾਂ। ਮੈਨੂੰ ਅਗਲੇ ਸਫਰ ਲਈ ਤੋਸਾ ਦੇਹ, ਇਹੋ ਮੇਰੇ ਲਈ ਤੇਰੀ ਮਹਿਮਾਨ ਨਿਵਾਜੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੀਵਾਤਮਾ ਸੰਸਾਰ ਵਿਚ ਪ੍ਰਾਹੁਣਾ ਹੈ, ਤੇ ਮਨੁੱਖ ਪ੍ਰਾਹੁਣਚਾਰੀ ਕਰਨ ਵਾਲਾ ਹੈ। ਜੀਵਾਤਮਾ ਨੂੰ ਪ੍ਰਲੋਕ ਦੇ ਸਫਰ ਵਾਸਤੇ ਸੱਚੇ

All Rights Reserved by Harjinder Singh Gyani | www.GuruGranthVakhyaan.org

ਨਾਮ ਦਾ ਤੋਸਾ ਦਿਤਾ ਜਾਵੇ, ਇਹੋ ਮਨੁੱਖ ਦੀ ਸੱਚੀ ਪ੍ਰਾਹੁਣਚਾਰੀ ਹੋਵੇਗੀ।(ਸੰ.ਪੋ.)।

ਸਲੋਕ ਮਃ ੫ ॥ ਅੰਤਰਿ ਚਿੰਤਾ ਨੈਣੀ ਸੁਖੀ, ਮੂਲਿ ਨ ਉਤਰੈ ਭੁਖ ॥ ਨਾਨਕ ਸਚੇ ਨਾਮ ਬਿਨੁ ,ਕਿਸੈ ਨ ਲਥੋ ਦੁਖੁ ॥੧॥ (ਸਿੱਖ ਪੁੱਛਣ ਲਗੇ ਕਿ ਹੇ ਗੁਰੂ ਜੀ! ਅਮੀਰ ਲੋਕ ਤਾਂ ਸੁਖੀ ਹੁੰਦੇ ਹੋਣਗੇ, ਗੁਰੂ ਜੀ ਉਚਾਰਦੇ ਹਨ ਕਿ ਜਿਸ ਮਨੁੱਖ ਦੇ ਮਨ ਦੇ) ਅੰਦਰ ਚਿੰਤਾ ਹੋਵੇ, (ਪਰ) ਅੱਖਾਂ ਨਾਲ ਦੇਖਣ ਵਿਚ ਸੁਖੀ ਦਿਸਦਾ ਹੋਵੇ, (ਉਸ ਦੀ ਤ੍ਰਿਸ਼ਨਾ ਦੀ) ਭੁੱਖ ਉਕਾ ਹੀ ਨਹੀਂ ਉਤਰਦੀ।ਨਾਨਕ ਗੁਰੂ ਜੀ ਆਖਦੇ ਕਿ (ਵਾਹਿਗੁਰੂ ਦਾ) ਸੱਚਾ ਨਾਮ ਜਪੇ ਤੋਂ ਬਿਨਾ ਕਿਸੇ ਮਨੁੱਖ ਦਾ (ਚਿੰਤਾ ਰੂਪ) ਦੁੱਖ ਦੂਰ ਨਹੀਂ ਹੋਇਆ।੧।

ਪਦਾਰਥ = ਅੰਤਰਿ–(ਮਨ ਦੇ) ਅੰਦਰ।ਨੈਣੀ–ਅੱਖਾਂ ਨਾਲ ਦੇਖਣ ਵਿਚ।ਮੂਲਿ–ਉਕਾ; ਬਿਲਕੁਲ।ਨ ਲਥੋ–ਨਹੀਂ ਮਿਟਿਆ।੧।

ਮਃ ੫ ॥ ਮੁਠੜੇ ਸੇਈ ਸਾਥ, ਜਿਨੀ ਸਚੁ ਨ ਲਦਿਆ ॥ ਨਾਨਕ ਸੇ ਸਾਬਾਸਿ, ਜਿਨੀ ਗੁਰ ਮਿਲਿ ਇਕੁ ਪਛਾਣਿਆ ॥੨॥ ਉਹ ਕਾਫਲੇ (ਕਾਮਾਦਿਕਾਂ ਤੋਂ) ਲੁੱਟੇ ਗਏ ਹਨ, ਜਿਨ੍ਹਾਂ ਨੇ ਸਚਾ ਨਾਮ ਰੂਪ ਸੌਦਾ (ਅੰਤਹਕਰਣ ਰੂਪ ਗੱਡੇ ਵਿਚ) ਨਹੀਂ ਲੱਦਿਆ।ਨਾਨਕ ਗੁਰੂ ਜੀ ਆਖਦੇ ਹਨ, ਉਹ (ਪੁਰਖ) ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਗੁਰੂ ਨੂੰ ਮਿਲ ਕੇ ਇਕ ਵਾਹਿਗੁਰੂ ਨੂੰ ਪਛਾਣਿਆ ਹੈ।੨।

ਪਦਾਰਥ = ਮੁਠੜੇ–ਲੁੱਟੇ ਗਏ।ਸੇਈ–ਉਹ।ਸਾਥ–(ਵਪਾਰੀਆਂ ਦੇ) ਕਾਫਲੇ; ਟੋਲੇ; ਸਾਥੀ ਵਪਾਰੀਆਂ ਦਾ ਗਰੋਹ।੨।

ਪਉੜੀ ॥ ਜਿਥੈ ਬੈਸਨਿ ਸਾਧ ਜਨ, ਸੋ ਥਾਨੁ ਸੁਹੰਦਾ ॥ ਓਇ ਸੇਵਨਿ ਸੰਮ੍ਰਿਥੁ ਆਪਣਾ, ਬਿਨਸੈ ਸਭੁ ਮੰਦਾ ॥ ਪਤਿਤ ਉਧਾਰਣ ਪਾਰਬ੍ਰਹਮ, ਸੰਤ ਬੇਦੁ ਕਹੰਦਾ ॥ ਭਗਤਿ ਵਛਲੁ ਤੇਰਾ ਬਿਰਦੁ ਹੈ, ਜੁਗਿ ਜੁਗਿ ਵਰਤੰਦਾ ॥ ਨਾਨਕੁ ਜਾਚੈ ਏਕੁ ਨਾਮੁ ,ਮਨਿ ਤਨਿ ਭਾਵੰਦਾ ॥੫॥ ਜਿਸ ਥਾਂ ਉਪਰ ਸਾਧੂ ਜਨ ਬੈਠਦੇ ਹਨ, ਉਹ ਥਾਂ ਸੋਭਨੀਕ ਹੋ ਜਾਂਦਾ ਹੈ।(ਕਿਉਂਕਿ ਉਸ ਥਾਂ ਤੇ ਬੈਠ ਕੇ) ਉਹ ਸੰਤ ਜਨ ਅਪਣੇ ਸਰਬ ਸ਼ਕਤੀਮਾਨ ਪ੍ਰਭੂ ਨੂੰ ਸਿਮਰਦੇ ਹਨ (ਜਿਸਦਾ ਸਦਕਾ ਉਨ੍ਹਾਂ ਦੀ; ਉਸ ਜਗ੍ਹਾ ਦੀ) ਸਾਰੀ ਬੁਰਾਈ ਨਾਸ਼ ਹੋ ਜਾਂਦੀ ਹੈ।ਪ੍ਰਭੂ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ, (ਇਹ ਗੱਲ) ਸੰਤ ਵੀ ਕਹਿੰਦੇ ਹਨ ਤੇ ਬੇਦ ਵੀ ਕਹਿੰਦਾ ਹੈ।(ਹੇ ਪ੍ਰਭੂ!) ਭਗਤੀ ਕਰਨ ਵਾਲਿਆਂ ਨਾਲ ਪਿਆਰ ਕਰਨ ਵਾਲਾ ਮੁੱਢ ਕਦੀਮਾਂ ਤੋਂ ਤੇਰਾ ਧਰਮ ਜੁਗਾਂ ਜੁਗਾਂ ਤੋਂ ਵਰਤ ਰਿਹਾ ਹੈ।ਨਾਨਕ (ਤੇਰੇ ਕੋਲੋਂ, ਹੇ ਪ੍ਰਭੂ! ਤੇਰਾ) ਇਕ ਨਾਮ ਮੰਗਦਾ ਹੈ, (ਜੋ ਮੇਰੇ) ਮਨ ਤੇ ਤਨ ਵਿਚ ਚੰਗਾ ਲਗਦਾ ਹੈ।੫।

ਪਦਾਰਥ = ਬੈਸਨਿ–ਬੈਠਦੇ ਹਨ।ਸੁਹੰਦਾ–ਸੋਭਨੀਕ; ਸੋਹਣਾ।ਓਇ–ਉਹ।ਸੰਮ੍ਰਿਥੁ–ਸਮਰੱਥ (ਸਰਬ ਸ਼ਕਤੀਮਾਨ)।ਬਿਨਸੈ–ਨਾਸ਼ ਹੋ ਜਾਂਦਾ ਹੈ।ਮੰਦਾ–ਮੰਦਾਪਣ (ਬੁਰਾਈ)।ਪਤਿਤ–ਪਾਪੀਆਂ ਨੂੰ।ਉਧਾਰਣ–ਤਾਰਨ ਵਾਲਾ।ਭਗਤਿ ਵਛਲੁ–ਭਗਤੀ ਕਰਨ ਵਾਲਿਆਂ ਦਾ ਪਿਆਰਾ।ਬਿਰਦੁ–ਮੁੱਢ ਕਦੀਮੀ ਧਰਮ।ਜੁਗਿ ਜੁਗਿ–ਹਰੇਕ ਜੁਗ ਤੋਂ।ਜਾਚੈ–ਮੰਗਦਾ ਹੈ।ਭਾਵੰਦਾ–ਚੰਗਾ ਲਗਦਾ ਹੈ।੫।

ਸਲੋਕ ਮਃ ੫ ॥ ਚਿੜੀ ਚੁਹਕੀ ਪਹੁ ਫੁਟੀ, ਵਗਨਿ ਬਹੁਤੁ ਤਰੰਗ ॥ ਅਚਰਜ ਰੂਪ ਸੰਤਨ ਰਚੇ, ਨਾਨਕ ਨਾਮਹਿ ਰੰਗ ॥੧॥ ਜਦ ਪਹੁ ਫੁਟਦੀ ਹੈ ਤੇ ਚਿੜੀਆ ਚੁਹ ਚੁਹ ਕਰਦੀਆਂ ਹਨ, (ਉਸ ਸਮੇਂ ਸੰਸਾਰੀ ਜੀਵਾਂ ਦੇ ਮਨਾਂ ਵਿਚ ਸੰਕਲਪਾਂ ਵਿਕਲਪਾਂ ਦੀਆਂ) ਬਹੁਤ ਲਹਿਰਾਂ ਵਗਦੀਆਂ ਹਨ।(ਪਰ ਉਸ ਵੇਲੇ) ਹੇ ਨਾਨਕ! ਸੰਤ ਅਸਚਰਜ ਰੂਪ ਵਾਲੇ ਹਰੀ ਦੇ ਨਾਮ ਰੰਗ ਵਿਚ ਮਗਨ ਹੁੰਦੇ ਹਨ।੧।

ਪਦਾਰਥ = ਚੁਹਕੀ–ਚਹਕਦੀ (ਖੁਸ਼ੀ ਵਿਚ ਬੋਲੀ) ਹੈ।ਪਹੁ ਫੁਟੀ–ਸਵੇਰ ਦਾ ਉਜਾਲਾ ਹੋਇਆ; ਸੂਰਜ ਚੜ੍ਹਨ ਤੋਂ ਪਹਿਲਾਂ ਦੀ ਮਧਮ ਜਿਹੀ ਲਾਲ ਰੋਸ਼ਨੀ।ਵਗਨਿ–ਵਗਦੇ ਹਨ।ਤਰੰਗ–ਲਹਿਰਾਂ (ਸੰਕਲਪਾਂ ਵਿਕਲਪਾਂ ਦੀਆਂ; ਮਾਇਆ ਦੀਆਂ; ਸਿਮਰਨ ਦੀਆਂ)।ਰਚੇ–ਮਗਨ; ਲੀਨ ਹੁੰਦੇ ਹਨ।ਨਾਮਹਿ ਰੰਗ–ਨਾਮ ਦੇ ਰੰਗ ਵਿਚ।੧।

ਵਗਨਿ ਬਹੁਤ ਤਰੰਗ = ੧. ਜਦ ਬੁਧੀ ਰੂਪ ਚਿੜੀ ਬੋਲੀ ਭਾਵ ਸੱਤ ਅਸੱਤ ਦਾ ਵਿਚਾਰ ਕਰਨ ਲਗੀ, ਤਦ ਸੰਕਲਪਾਂ ਵਿਕਲਪਾਂ ਦੇ ਬਹੁਤ ਤਰੰਗ (ਬਹਿ ਤੁਰਦੇ) ਦੂਰ ਹੋ ਜਾਂਦੇ ਹਨ, ਉਦੋਂ ਗਿਆਨ ਦਾ ਪ੍ਰਕਾਸ਼ ਹੋ ਆਉਂਦਾ ਹੈ; ਬ੍ਰਹਮ ਵਿਦਿਆ ਦਾ ਪਹੁ ਫੁਟਾਲਾ ਹੋ ਜਾਂਦਾ ਹੈ।(੨) ਚਿੜੀਆਂ ਚਹਕਦੀਆਂ ਹਨ ਤੇ ਪਹੁ ਫੁਟਾਲੇ (ਅੰਮ੍ਰਿਤ ਵੇਲੇ) ਮਿੱਠੀ ਮਿੱਠੀ ਹਵਾ ਦੇ ਤਰੰਗ (ਬੁੱਲੇ) ਵਗਦੇ ਹਨ।ਹੇ ਨਾਨਕ! (ਇਸ ਵੇਲੇ) ਅਸਚਰਜ ਰੂਪ ਵਾਲੇ ਸੰਤ ਨਾਮ ਦੇ ਰੰਗ ਵਿਚ ਲੀਨ ਹੁੰਦੇ ਹਨ (ਜਿਸ ਹਰੀ ਦੇ ਪ੍ਰੇਮ ਵਿਚ ਰਚੇ ਹੋਏ ਹਨ, ਉਹ ਅਸਚਰਜ ਰੂਪ ਹੈ, ਉਸ ਦੀ ਛੋਹ ਨਾਲ ਅਚਰਜ ਰੂਪ ਹੋ ਰਹੇ ਹਨ, ਹੁਣ ਇਨ੍ਹਾਂ ਸੰਤਾਂ ਦੇ ਦਰਸ਼ਨਾਂ ਤੋਂ ਵਿਸਮਾਦ ਰੂਪ ਹੋ ਜਾਈਦਾ ਹੈ।(ਇਹ ਸਾਰੇ ਅਰਥ ਸੰ.ਸ.; ਫ.ਸ. ਤੇ ਸੰ.ਪੋ. ਨੇ ਕੀਤੇ ਹੋਏ ਹਨ)।

ਮਃ ੫ ॥ ਘਰ ਮੰਦਰ ਖੁਸੀਆ ਤਹੀ, ਜਹ ਤੂ ਆਵਹਿ ਚਿਤਿ ॥ ਦੁਨੀਆ ਕੀਆ ਵਡਿਆਈਆ, ਨਾਨਕ ਸਭਿ ਕੁਮਿਤ ॥੨॥ ਘਰਾਂ ਮੰਦਰਾਂ ਵਿਚ ਖੁਸ਼ੀਆਂ ਉਥੇ ਹੀ ਹੁੰਦੀਆਂ ਹਨ, ਜਿਥੇ (ਹੇ ਪ੍ਰਭੂ!) ਤੂੰ ਚੇਤੇ ਆਉਂਦਾ ਹੈਂ।ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦੀ ਯਾਦ ਤੋਂ ਬਿਨਾ) ਦੁਨੀਆਂ ਦੀਆਂ ਸਾਰੀਆਂ ਵਡਿਆਈਆਂ ਖੋਟੇ ਮਿਤ੍ਰ (ਵੈਰੀ ਵਾਂਙ ਦੁਖਦਾਈ) ਹਨ।੨।

ਪਦਾਰਥ = ਘਰ-ਕੱਚੇ ਮਕਾਨ। ਮੰਦਰ-ਪੱਕੇ ਮਕਾਨ। ਤਹੀ-ਉਥੇ; ਉਨ੍ਹਾਂ। ਜਹ-ਜਿਥੇ। ਚਿਤਿ-ਚੇਤੇ। ਕੁਮਿਤ-ਖੋਟੇ ਮਿਤ੍ਰ; ਵੈਰੀ।੨।

ਪਉੜੀ ॥ ਹਰਿ ਧਨੁ ਸਚੀ ਰਾਸਿ ਹੈ, ਕਿਨੈ ਵਿਰਲੈ ਜਾਤਾ ॥ ਤਿਸੈ ਪਰਾਪਤਿ ਭਾਇਰਹੁ ,ਜਿਸੁ ਦੇਇ ਬਿਧਾਤਾ ॥ ਮਨ ਤਨ ਭਤਿਰਿ ਮਉਲਿਆ, ਹਰਿ ਰੰਗਿ ਜਨੁ ਰਾਤਾ ॥ ਸਾਧ ਸੰਗਿ ਗੁਣ ਗਾਇਆ, ਸਭਿ ਦੋਖਹ ਖਾਤਾ ॥ ਨਾਨਕ ਸੋਈ ਜੀਵਿਆ, ਜਿਨਿ ਇਕੁ ਪਛਾਤਾ ॥੬॥ (ਹੇ ਭਾਈ! ਇਨ੍ਹਾਂ ਛਲ ਰੂਪ ਵਡਿਆਈਆਂ ਦੇ ਟਾਕਰੇ ਤੇ) ਹਰੀ ਦਾ ਨਾਮ ਧਨ ਸੱਚੀ ਪੂੰਜੀ ਹੈ, (ਪਰ ਇਸ ਗੱਲ ਨੂੰ) ਕਿਸੇ ਵਿਰਲੇ ਮਨੁੱਖ ਨੇ ਹੀ ਜਾਣਿਆ ਹੈ। ਹੇ ਭਰਾਵੋ! ਉਸ ਮਨੁੱਖ ਨੂੰ ਹੀ (ਇਹ ਧਨ) ਪ੍ਰਾਪਤ ਹੁੰਦਾ ਹੈ, ਜਿਸ ਨੂੰ ਕਰਤਾਰ ਆਪ ਦੇਂਦਾ ਹੈ।(ਜਿਸਨੂੰ ਇਹ ਧਨ ਮਿਲਦਾ ਹੈ, ਉਹ) ਸੇਵਕ ਹਰੀ ਦੇ ਨਾਮ ਰੰਗ ਵਿਚ ਰੰਗਿਆ ਜਾਂਦਾ ਹੈ, ਉਹ ਮਨ ਤੇ ਤਨ ਅੰਦਰ ਖਿੜਿਆ ਰਹਿੰਦਾ ਹੈ; (ਜਿਹੜਾ ਪ੍ਰਭੂ ਜੀਵ ਦੇ) ਮਨ ਤੇ ਤਨ ਦੇ ਅੰਦਰ ਮਉਲਿਆ ਹੋਇਆ ਹੈ, (ਉਸ) ਹਰੀ ਦੇ ਰੰਗ ਵਿਚ ਸੇਵਕ ਰੰਗਿਆ ਰਹਿੰਦਾ ਹੈ (ਫ.ਸ.; ਟਕਸਾਲ)।(ਜਿਸ ਸੇਵਕ ਨੇ) ਸਾਧ ਸੰਗਤ ਵਿਚ ਹਰੀ ਦੇ ਗੁਣ ਗਾਏ ਹਨ, ਉਸ ਨੇ ਸਾਰੇ ਦੋਸ਼ਾਂ ਨੂੰ ਖਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਅਸਲ ਵਿਚ) ਉਹ ਮਨੁੱਖ ਹੀ ਜਿਉਂਦਾ ਹੈ, ਜਿਸ ਨੇ ਇਕ ਹਰੀ ਨੂੰ ਪਛਾਣਿਆ ਹੈ।੬।

ਪਦਾਰਥ = ਸਚੀ-ਸਦਾ ਕਾਇਮ ਰਹਿਣ ਵਾਲੀ। ਰਾਸਿ-ਪੂੰਜੀ। ਕਿਨੈ-ਕਿਸੇ ਨੇ। ਜਾਤਾ-ਜਾਣਿਆ ਹੈ। ਤਿਸੈ-ਉਸੇ ਨੂੰ ਹੀ। ਭਾਇਰਹੁ-ਹੇ ਭਰਾਵੋ!। ਬਿਧਾਤਾ-ਕਰਤਾਰ। ਭਤਿਰਿ-ਅੰਦਰ। ਮਉਲਿਆ-ਖਿੜਿਆ ਹੈ। ਹਰਿ ਰੰਗਿ-ਹਰੀ ਦੇ ਨਾਮ ਰੰਗ ਵਿਚ। ਦੋਖਹ-ਦੋਸ਼ਾਂ ਨੂੰ। ਖਾਤਾ-ਖਾਇਆ ;ਨਾਸ਼ ਕਰ ਦਿਤਾ। ਸੋਈ-ਉਹ ਹੀ। ਜਿਨਿ-ਜਿਸ ਨੇ। ਇਕੁ-ਇਕ ਵਾਹਿਗੁਰੂ ਨੂੰ।੬।

ਸਲੋਕ ਮਃ ੫ ॥ ਖਖੜੀਆ ਸੁਹਾਵੀਆ, ਲਗੜੀਆ ਅਕ ਕੰਠਿ ॥ ਬਿਰਹ ਵਿਛੋੜਾ ਧਣੀ ਸਿਉ ,ਨਾਨਕ ਸਹਸੈ ਗੰਠਿ ॥੧॥ ਅੱਕ ਦੀਆਂ ਕਕੜੀਆਂ ਤਦ ਤਕ ਸੋਹਣੀਆਂ ਲਗਦੀਆਂ ਹਨ, ਜਦ ਤਕ ਅੱਕ ਦੇ ਬੂਟੇ ਨਾਲ ਲੱਗੀਆਂ ਰਹਿੰਦੀਆਂ ਹਨ।(ਪਰ ਜਦ) ਮਾਲਕ ਅੱਕ ਦੇ ਪ੍ਰੇਮ ਨਾਲੋਂ ਵਿਛੋੜਾ ਹੋ ਜਾਂਦਾ ਹੈ ਤਾਂ ਉਨ੍ਹਾਂ ਦੇ ਹਜਾਰਾਂ ਤੂੰਬੇ ਹੋ ਉਡਦੇ ਹਨ (ਰੱਬ ਨਾਲ ਜੁੜੇ ਹੋਏ ਮਨੁੱਖ ਸੋਹਣੇ ਲਗਦੇ ਹਨ।ਪਰ ਰੱਬ ਦੇ ਪ੍ਰੇਮ ਤੋਂ ਵਿਛੜੇ ਮਨੁੱਖ ਹਜਾਰਾਂ ਜੋਨੀਆਂ ਰੂਪ ਤੂੰਬੇ ਬਣ ਕੇ ਉਡਦੇ ਫਿਰਦੇ ਹਨ ਭਾਵ ਜੂਨਾਂ ਵਿਚ ਭਟਕਦੇ ਹਨ)।੧।

ਪਦਾਰਥ = ਖਖੜੀਆ-ਅੱਕ ਦਾ ਫਲ (ਕਕੜੀਆਂ)। ਸੁਹਾਵੀਆ-ਸੋਹਣੀਆਂ। ਲਗੜੀਆ-ਲੱਗੀਆਂ ਹਨ। ਅਕ ਕੰਠਿ-ਅੱਕ ਦੇ ਗਲੇ ਨਾਲ ਭਾਵ ਅੱਕ ਦੇ ਬੂਟੇ (ਜਾਂ ਟਾਹਣੀ) ਨਾਲ। ਧਣੀ ਸਿਉ-ਮਾਲਕ (ਅੱਕ) ਨਾਲ। ਸਹਸੈ-ਹਜਾਰਾਂ। ਗੰਠਿ-ਗੱਠਾਂ; ਹਿੱਸੇ; ਤੂੰਬੇ (ਫੁੰਬੇ। ਕਕੜੀ, ਅੱਕ ਨਾਲੋਂ ਟੁੱਟ ਕੇ ਸੁੱਕ ਕੇ ਫਟ ਜਾਂਦੀ ਹੈ। ਉਸ ਵਿਚੋਂ ਕਾਲੇ ਜਿਹੇ ਤਿਲ ਨਾਲ ਗੱਠੇ ਹੋਏ ਫੁੰਬੇ ਨਿਕਲ ਕੇ ਹਵਾ ਵਿਚ ਉਡ ਜਾਂਦੇ ਹਨ। ਫਿਰ ਡਿਗ ਕੇ ਧਰਤੀ ਤੇ ਰੁਲਦੇ ਹਨ। ਇਵੇਂ ਰੱਬ ਤੋਂ ਵਿਛੜਿਆ ਮਨੁੱਖ ਹਜਾਰਾਂ ਜੋਨੀਆਂ ਵਿਚ ਰੁਲਦਾ ਹੈ)।

ਮਃ ੫ ॥ ਵਿਸਾਰੇਦੇ ਮਰਿ ਗਏ, ਮਰਿ ਭਿ ਨ ਸਕਹਿ ਮੂਲਿ ॥ ਵੇਮੁਖ ਹੋਏ ਰਾਮ ਤੇ, ਜਿਉ ਤਸਕਰ ਉਪਰਿ ਸੂਲਿ ॥੨॥ (ਪ੍ਰਭੂ ਨੂੰ) ਭੁਲਾ ਦੇਣ ਵਾਲੇ ਮਰ ਗਏ ਹਨ, ਪਰ ਮੂਲੋਂ ਭੀ ਨਹੀਂ ਮਰ ਸਕਦੇ (ਕਿਉਂਕਿ ਜੀਵਾਤਮਾ ਨਾਸ਼ ਰਹਿਤ ਹੈ, ਉਹ ਕਰਮਾਂ ਦਾ ਫਲ ਭੋਗਣ ਲਈ ਮੁੜ ਕਿਸੇ ਜੂਨ ਵਿਚ ਜਨਮ ਲੈ ਲੈਂਦੀ ਹੈ। ਜੋ ਮਨੁੱਖ) ਵਾਹਿਗੁਰੂ ਤੋਂ ਬੇਮੁਖ ਹੋਏ ਹਨ, ਉਹ ਇਉਂ ਦੁਖੀ ਹੁੰਦੇ ਹਨ, ਜਿਵੇਂ ਸੂਲੀ ਉਪਰ ਚੋਰ (ਲਟਕਦਾ ਦੁਖੀ ਹੁੰਦਾ ਹੈ)।੨। ਹਰੀ ਤੋਂ ਬੇਮੁਖ ਹੋਇਆ ਮਨੁੱਖ ਮਰ ਕੇ ਮੁੱਕ ਨਹੀਂ ਜਾਂਦਾ, ਉਹ ਇਸ ਤਰ੍ਹਾਂ ਦੁਖੀ ਹੁੰਦਾ ਹੈ, ਜਿਵੇਂ ਸੂਲੀ ਤੇ ਚੜ੍ਹਿਆ ਚੋਰ। ਫਾਂਸੀ ਤੇ ਚੜ੍ਹੇ ਮਨੁੱਖ ਦੀ ਜਾਨ ਬੜੀ ਔਖੀ ਨਿਕਲਦੀ ਹੈ, ਉਹ ਤੜਫਦਾ ਹੈ, ਦੁਖੀ ਹੁੰਦਾ ਹੈ। ਜੀਵਨ ਕਲਾ ਅਮਰ ਹੈ, ਉਹ ਮੁੜ ਮੁੜ ਜਨਮਦੀ ਮਰਦੀ ਹੈ। ਕੀਤੇ ਕਰਮਾਂ ਦਾ ਫਲ ਸੁਖ ਦੁਖ ਰੂਪ ਵਿਚ ਭੋਗਦੀ ਹੈ। ਵਾਹਿਗੁਰੂ ਵਿਚ ਮਿਲ ਕੇ ਜੋ ਮਰਨਾ ਹੁੰਦਾ ਹੈ, ਉਸਦਾ ਮੁੜ ਜਨਮ ਮਰਨ ਦੇ ਗੇੜ ਵਿਚ ਆਉਣਾ ਨਹੀਂ ਹੁੰਦਾ।

ਪਦਾਰਥ = ਵਿਸਾਰੇਦੇ-ਭੁਲਾਉਣ ਵਾਲੇ। ਮੂਲਿ-ਉਕਾ ਹੀ (ਮੁਕੰਮਲ ਤੌਰ ਤੇ)। ਤਸਕਰ-ਚੋਰ। ਸੂਲਿ-ਸੂਲੀ ਤੇ; ਫਾਸੀ ਤੇ।੨।

ਪਉੜੀ ॥ ਸੁਖ ਨਿਧਾਨੁ ਪ੍ਰਭੁ ਏਕੁ ਹੈ, ਅਬਿਨਾਸੀ ਸੁਣਿਆ ॥ ਜਲਿ ਥਲਿ ਮਹੀਅਲਿ ਪੂਰਿਆ, ਘਟਿ ਘਟਿ ਹਰਿ ਭਣਿਆ ॥ ਊਚ ਨੀਚ ਸਭ ਇਕ ਸਮਾਨਿ, ਕੀਟ ਹਸਤੀ ਬਣਿਆ ॥ ਮੀਤ ਸਖਾ ਸੁਤ ਬੰਧਿਪੋ, ਸਭਿ ਤਿਸ ਦੇ ਜਣਿਆ ॥ ਤੁਸਿ ਨਾਨਕੁ ਦੇਵੈ ਜਿਸੁ ਨਾਮੁ ,ਤਿਨਿ ਹਰਿ ਰੰਗੁ ਮਣਿਆ ॥੭॥ (ਹੇ ਭਾਈ! ਸਤਿਗੁਰੂ ਤੋਂ) ਸੁਣਿਆ ਹੈ ਕਿ ਇਕ ਨਾਸ਼ ਰਹਿਤ ਪ੍ਰਭੂ ਹੀ ਸੁੱਖਾਂ ਦਾ ਖਜਾਨਾ ਹੈ।(ਸਤਿਗੁਰੂ ਨੇ ਇਹ ਵੀ) ਆਖਿਆ ਹੈ ਕਿ ਪ੍ਰਭੂ ਜਲ ਵਿਚ ਥਲ ਵਿਚ, ਪੁਲਾੜ ਵਿਚ ਅਤੇ ਘਟ ਘਟ ਵਿਚ ਪੂਰਨ ਹੋ ਰਿਹਾ ਹੈ। ਕੀੜੀ ਤੋਂ ਹਾਥੀ ਤਕ ਸਭ ਉਚ ਨੀਚ (ਜੀਵਾਂ; ਥਾਵਾਂ) ਵਿਚ ਇਕੋ ਜਿਹਾ ਬਣਿਆ ਹੋਇਆ (ਸੋਭ ਰਿਹਾ) ਹੈ। ਮਿਤ੍ਰ ,ਸਖਾ, ਪੁਤ੍ਰ ਤੇ ਸਬੰਧੀ ਸਭ ਉਸਦੇ ਪੈਦਾ ਕੀਤੇ ਹੋਏ ਹਨ। ਗੁਰੂ ਨਾਨਕ ਦੇਵ ਜੀ ਪ੍ਰਸੰਨ ਹੋ ਕੇ ਜਿਸ ਮਨੁੱਖ ਨੂੰ (ਵਾਹਿਗੁਰੂ ਦਾ) ਨਾਮ ਦੇਂਦੇ ਹਨ, ਉਸ ਨੇ ਹਰੀ ਦਾ ਅਨੰਦ ਮਾਣਿਆ ਹੈ।੭।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਸੁਖ ਨਿਧਾਨੁ–ਸੁੱਖਾਂ ਦਾ ਖਜਾਨਾ।ਅਬਿਨਾਸੀ–ਨਾਸ਼ ਰਹਿਤ।ਮਹੀਅਲਿ–ਪੁਲਾੜ ਵਿਚ (ਧਰਤੀ ਅਕਾਸ਼ ਦੇ ਵਿਚਕਾਰ)। ਘਟਿ ਘਟਿ–ਹਰੇਕ ਸਰੀਰ ਵਿਚ।ਭਣਿਆ–ਆਖਿਆ ਹੈ।ਇਕ ਸਮਾਨਿ–ਇਕੋ ਜਿਹਾ; ਇਕ ਬਰਾਬਰ।ਕੀਟ–ਕੀੜੇ।ਹਸਤੀ–ਹਾਥੀ। ਮੀਤ–ਮਿਤ੍ਰ।ਸਖਾ–ਸਾਥੀ।ਸੁਤ–ਪੁਤ੍ਰ।ਬੰਧਿਪੋ–ਸਬੰਧੀ।ਜਣਿਆ–ਪੈਦਾ ਕੀਤੇ।ਤੁਸਿ–ਪ੍ਰਸੰਨ ਹੋ ਕੇ।੭।

ਸਲੋਕ ਮਃ ੫ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ, ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕ ਪੂਰਨੁ ਸੋਈ ਸੰਤੁ ॥੧॥ ਜਿਨ੍ਹਾਂ ਪੁਰਖਾਂ ਨੂੰ ਸਾਹ ਲੈਂਦਿਆਂ ਤੇ ਭੋਜਨ ਖਾਂਦਿਆਂ ਹਰੀ ਨਹੀਂ ਭੁਲਦਾ ਤੇ ਹਰੀ ਦਾ ਨਾਮ ਮੰਤ੍ਰ ਮਨ ਵਿਚ ਵਸਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਧੰਨ ਹੈ, ਉਹ ਹੀ ਪੂਰਨ ਹੈ ਤੇ ਉਹ ਹੀ ਸੰਤ ਹੈ (ਜਿਸ ਨੂੰ ਰੱਬ ਸਦਾ ਯਾਦ ਰਹਿੰਦਾ ਹੈ)।੧।

ਪਦਾਰਥ = ਸਾਸਿ ਗਿਰਾਸਿ–ਸਾਹ ਲੈਂਦਿਆਂ ਤੇ ਸਾਹ ਬਾਹਰ ਕਢਦਿਆਂ; ਸਾਹ ਲੈਂਦਿਆਂ ਤੇ ਭੋਜਨ ਖਾਂਦਿਆਂ।ਮਨਿ–ਮਨ ਵਿਚ।ਮੰਤੁ– ਮੰਤ੍ਰ।ਸਿ–ਉਹ।ਸੇਈ–ਉਹ ਹੀ।ਪੂਰਨੁ–ਮੁਕੰਮਲ (ਜੋ ਰੱਬ ਰੂਪ ਹੈ)।ਸੋਈ–ਉਹ ਹੀ।੧।

ਮਃ ੫ ॥ ਅਠੇ ਪਹਰ ਭਉਦਾ ਫਿਰੈ, ਖਾਵਣ ਸੰਦੜੈ ਸੂਲਿ ॥ ਦੋਜਕਿ ਪਉਦਾ ਕਿਉ ਰਹੈ, ਜਾ ਚਿਤਿ ਨ ਹੋਇ ਰਸੂਲਿ ॥੨॥ (ਜਿਹੜਾ ਮਨੁੱਖ) ਅੱਠੇ ਪਹਿਰ ਖਾਣ ਦੇ ਦੁਖ ਵਿਚ ਘੁੰਮਦਾ ਫਿਰਦਾ ਹੈ।ਜੇ (ਉਸਦੇ) ਚਿਤ ਵਿਚ ਪੈਗੰਬਰ ਦੀ ਸਿੱਖਿਆ ਨ ਹੋਵੇ, ਤਾਂ ਨਰਕ ਵਿਚ ਪੈਣ ਤੋਂ (ਉਹ ਮਨੁੱਖ) ਕਿਵੇਂ ਬਚਿਆ ਰਹਿ ਸਕਦਾ ਹੈ? ਭਾਵ ਨਰਕ ਵਿਚ ਪੈਣ ਤੋਂ ਨਹੀਂ ਬਚ ਸਕਦਾ।੨।

ਪਦਾਰਥ = ਅਠੇ ਪਹਰ–ਦਿਨ ਰਾਤ (ਸਦਾ)।ਭਉਦਾ ਫਿਰੈ–ਭਟਕਦਾ (ਘੁੰਮਦਾ) ਫਿਰਦਾ ਹੈ।ਖਾਵਣ ਸੰਦੜੈ–ਖਾਣ ਦੇ।ਸੂਲਿ–ਦੁਖ; ਪੀੜ ਵਿਚ।ਦੋਜਕਿ–ਨਰਕ ਵਿਚ।ਜਾ–ਜੇ।ਰਸੂਲਿ–ਪੈਗੰਬਰ ਰਾਹੀਂ; ਗੁਰੂ ਦੀ ਸਿਖਿਆ; ਦੁਖ ਦਰਦ ਨੂੰ ਨਾਸ਼ ਕਰਨ ਵਾਲਾ ਹਰੀ।੨।

ਅੰਗ ੩੨੦ = ਪਉੜੀ ॥ ਤਿਸੈ ਸਰੇਵਹੁ ਪ੍ਰਾਣੀਹੋ, ਜਿਸ ਦੈ ਨਾਉ ਪਲੈ ॥ ਐਥੈ ਰਹਹੁ ਸੁਹੇਲਿਆ, ਅਗੈ ਨਾਲਿ ਚਲੈ ॥ ਘਰੁ ਬੰਧਹੁ ਸਚ ਧਰਮ ਕਾ, ਗਡਿ ਥੰਮੁ ਅਹਲੈ ॥ ਓਟ ਲੈਹੁ ਨਾਰਾਇਣੈ, ਦੀਨ ਦੁਨੀਆ ਝਲੈ ॥ ਨਾਨਕ ਪਕੜੇ ਚਰਣ ਹਰਿ, ਤਿਸੁ ਦਰਗਹ ਮਲੈ ॥੮॥ ਹੇ ਪ੍ਰਾਣੀਓ! ਉਸ (ਗੁਰੂ) ਦੀ ਸੇਵਾ ਕਰੋ, ਜਿਸਦੇ (ਹਿਰਦੇ ਰੂਪ) ਪੱਲੇ ਵਿਚ ਵਾਹਿਗੁਰੂ ਦਾ ਨਾਮ ਹੈ (ਜਿਸ ਗੁਰੂ ਤੋਂ ਨਾਮ ਮਿਲ ਸਕਦਾ ਹੈ, ਗੁਰੂ ਤੋਂ ਨਾਮ ਲੈ ਕੇ)।ਇੱਥੇ (ਇਸ ਲੋਕ ਵਿਚ) ਸੁਖੀ ਰਹੋਗੇ ਤੇ ਅੱਗੇ (ਪ੍ਰਲੋਕ ਵਿਚ ਵੀ ਇਹ ਨਾਮ ਜੀਵਾਤਮਾ ਦੇ) ਨਾਲ ਚੱਲੇਗਾ।ਸਿਦਕ ਰੂਪ ਅਹਿੱਲ ਥੰਮ ਗਡ ਕੇ ਸੱਚੇ ਧਰਮ ਦਾ ਘਰ ਉਸਾਰੋ।(ਇਸ ਕਾਰਜ ਦੀ ਸਫਲਤਾ ਲਈ) ਵਾਹਿਗੁਰੂ ਦੀ ਓਟ ਲਵੋ, ਜੋ ਦੁਨੀਆਂ ਵਿਚ ਗਰੀਬਾਂ ਨੂੰ ਸਹਾਰਾ ਦੇਂਦਾ ਹੈ; ਲੋਕ ਪ੍ਰਲੋਕ ਵਿਚ ਰੱਖਿਆ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਨੇ) ਹਰੀ ਦੇ ਚਰਨ ਪਕੜੇ ਹਨ, ਉਸ ਨੇ ਹਰੀ ਦੀ ਦਰਗਾਹ ਮੱਲ ਲਈ ਹੈ; ਨਾਨਕ ਨੇ ਹਰੀ ਦੇ ਚਰਨ ਪਕੜੇ ਹਨ ਅਤੇ ਉਸ ਦੀ ਦਰਗਾਹ ਦੇ ਮੱਲ (ਭਲਵਾਨ) ਹੋ ਗਏ ਹਾਂ {ਹਉ ਗੋਸਾਈ ਦਾ ਪਹਿਲਵਾਨੜਾ ੭੪}।੮।

ਪਦਾਰਥ = ਤਿਸੈ–ਉਸ ਨੂੰ।ਸਰੇਵਹੁ–ਸੇਵਾ ਕਰੋ।ਪਲੈ–(ਪੱਲੈ ਬੋਲੋ) ਪੱਲੇ ਵਿਚ।ਐਥੈ–ਇਥੇ (ਇਸ ਲੋਕ ਵਿਚ)।ਸੁਹੇਲਿਆ–ਸੁਖੀ ।ਅਗੈ–ਅੱਗੇ (ਪ੍ਰਲੋਕ ਵਿਚ)।ਬੰਧਹੁ–ਉਸਾਰੋ; ਬਣਾਓ।ਗਡਿ–ਗੱਡ ਕੇ।ਅਹਲੈ–(ਅਹੱਲੈ ਬੋਲੋ) ਨਾ ਹਿੱਲਣ ਵਾਲਾ।ਦੀਨ ਦੁਨੀਆ– ਦੁਨੀਆਂ ਵਿਚ ਗਰੀਬਾਂ ਦਾ; ਲੋਕ ਪ੍ਰਲੋਕ ਵਿਚ।ਝਲੈ–ਆਸਰਾ ਦੇਂਦਾ ਹੈ।ਮਲੈ–(ਮੱਲੈ ਬੋਲੋ) ਮੱਲ (ਰੋਕ) ਲਈ ਹੈ; ਭਲਵਾਨ।੮।

ਸਲੋਕ ਮਃ ੫ ॥ ਜਾਚਕੁ ਮੰਗੈ ਦਾਨੁ ,ਦੇਹਿ ਪਿਆਰਿਆ ॥ ਦੇਵਣਹਾਰੁ ਦਾਤਾਰੁ ,ਮੈ ਨਿਤ ਚਿਤਾਰਿਆ ॥ ਨਿਖੁਟਿ ਨ ਜਾਈ ਮੂਲਿ, ਅਤੁਲ ਭੰਡਾਰਿਆ ॥ ਨਾਨਕ ਸਬਦੁ ਅਪਾਰੁ ,ਤਿਨਿ ਸਭੁ ਕਿਛੁ ਸਾਰਿਆ ॥੧॥ (ਮੈਂ) ਮੰਗਤਾ (ਸ਼ਬਦਾ ਦਾ) ਦਾਨ ਮੰਗਦਾ ਹਾਂ, ਹੇ ਪਿਆਰੇ ਪ੍ਰਭੂ! (ਮੈਨੂੰ ਇਹ ਦਾਨ) ਦੇਹ।(ਸ਼ਬਦ ਦਾ ਦਾਨ ਲੈਣ ਲਈ) ਦੇਣਵਾਲੇ ਦਾਤਾਰ ਨੂੰ ਮੈਂ ਨਿਤ ਚੇਤੇ ਕਰਦਾ ਰਹਿੰਦਾ ਹਾਂ।੧।(ਹੇ ਪ੍ਰਭੂ! ਤੇਰੇ ਭੰਡਾਰੇ) ਅਤੋਲਵੇਂ ਹਨ, (ਇਹ ਭੰਡਾਰੇ) ਕਦੇ ਵੀ ਮੁੱਕਦੇ ਨਹੀਂ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਪ੍ਰਭੂ! ਤੇਰਾ) ਸ਼ਬਦ ਪਾਰ ਰਹਿਤ ਹੈ, (ਜਿਸ ਨੇ ਸ਼ਬਦ ਨੂੰ ਗ੍ਰਹਿਣ ਕੀਤਾ ਹੈ, ਉਸ ਨੇ ਅਪਣਾ) ਸਭ ਕੁਛ ਸਵਾਰ ਲਿਆ ਹੈ।੧।

ਪਦਾਰਥ = ਜਾਚਕੁ–ਮੰਗਤਾ।ਦਾਨੁ–(ਸ਼ਬਦ ਦਾ) ਦਾਨ।ਪਿਆਰਿਆ–ਹੇ ਪਿਆਰੇ ਪ੍ਰਭੂ!।ਦੇਵਣਹਾਰੁ–ਦੇਣ ਵਾਲੇ ਨੂੰ।ਨਿਤ–ਰੋਜ; ਸਦਾ।ਨਿਖੁਟਿ–ਅਮੁੱਕ।ਮੂਲਿ–ਕਦੇ ਵੀ।ਅਤੁਲ–ਅਤੋਲਵੇਂ।ਸਬਦੁ ਅਪਾਰੁ–ਪਾਰ ਰਹਿਤ ਸ਼ਬਦ।ਸਾਰਿਆ–ਸੰਵਾਰ ਲਿਆ।੧।

ਮਃ ੫ ॥ ਸਿਖਹੁ ਸਬਦੁ ਪਿਆਰਿਹੋ, ਜਨਮ ਮਰਨ ਕੀ ਟੇਕ ॥ ਮੁਖ ਊਜਲ ਸਦਾ ਸੁਖੀ, ਨਾਨਕ ਸਿਮਰਤ ਏਕ ॥੨॥ ਹੇ ਪਿਆਰੇ (ਜਗਿਆਸਿਓ! ਗੁਰੂ ਦੇ) ਸ਼ਬਦ ਨੂੰ ਸਿੱਖੋ, (ਕਿਉਂਕਿ ਇਹ ਸ਼ਬਦ) ਜਨਮ ਮਰਨ ਦੀ ਟੇਕ ਹੈ (ਜਨਮ ਮਰਨ ਦੂਰ ਕਰਨ ਵਾਲਾ ਹੈ)। ਹੇ ਨਾਨਕ! ਇਕ ਵਾਹਿਗੁਰੂ ਦਾ ਸਿਮਰਨ ਕਰਨ ਨਾਲ (ਜਿਉਂਦੇ ਜੀ ਜਗਤ ਵਿਚ) ਸਦਾ ਸੁਖੀ ਰਹੀਦਾ ਹੈ ਤੇ (ਮਰਨੋਂ ਬਾਦ ਵੀ ਰੱਬ

www.gurugranthvakhyaan.org

ਦੀ ਦਰਗਾਹ ਵਿਚ) ਮੁਖ ਉਜਲ ਹੁੰਦਾ ਹੈ।੨।(ਇਹ ਸਲੋਕ ਅੰਗ ੯੧੬ ਤੇ ੭ ਵੀਂ ਅਸਟਪਦੀ ਦੇ ਪਹਿਲਾਂ ਵੀ ਆਉਂਦਾ ਹੈ)।

ਪਦਾਰਥ = ਸਿਖਹੁ–ਸਿੱਖ ਲਵੋ (ਸ਼ਬਦ ਨੂੰ ਜੀਵਨ ਦਾ ਆਸਰਾ ਬਣਾਓ)।ਟੇਕ–ਆਸਰਾ।ਏਕ–ਇਕ ਪ੍ਰਭੂ ਨੂੰ।੨।

ਪਉੜੀ ॥ ਓਥੈ ਅੰਮ੍ਰਿਤੁ ਵੰਡੀਐ, ਸੁਖੀਆ ਹਰਿ ਕਰਣੇ ॥ ਜਮ ਕੈ ਪੰਥਿ ਨ ਪਾਈਅਹਿ, ਫਿਰਿ ਨਾਹੀ ਮਰਣੇ ॥ ਜਿਸ ਨੋ ਆਇਆ ਪ੍ਰੇਮ ਰਸੁ ,ਤਿਸੈ ਹੀ ਜਰਣੇ ॥ ਬਾਣੀ ਉਚਰਹਿ ਸਾਧ ਜਨ, ਅਮਿਉ ਚਲਹਿ ਝਰਣੇ ॥ ਪੇਖਿ ਦਰਸਨੁ ਨਾਨਕੁ ਜੀਵਿਆ, ਮਨ ਅੰਦਰਿ ਧਰਣੇ ॥੯॥ ਉਥੇ (ਸਤ ਸੰਗਤ ਵਿਚ) ਨਾਮ ਅੰਮ੍ਰਿਤ ਵੰਡਿਆ ਜਾਂਦਾ ਹੈ, ਹਰੀ ਦਾ (ਇਹ ਨਾਮ ਅੰਮ੍ਰਿਤ ਮਨੁੱਖ ਨੂੰ) ਸੁਖੀ ਕਰਦਾ ਹੈ।(ਜੋ ਨਾਮ ਅੰਮ੍ਰਿਤ ਪੀਂਦੇ ਹਨ, ਉਹ) ਜਮ ਦੇ ਰਸਤੇ ਨਹੀਂ ਪਾਏ ਜਾਂਦੇ, ਫਿਰ (ਉਨ੍ਹਾਂ ਦਾ ਜੰਮਣਾ) ਮਰਨਾ ਵੀ ਨਹੀਂ ਹੁੰਦਾ।ਜਿਸ ਮਨੁੱਖ ਨੂੰ (ਨਾਮ ਅੰਮ੍ਰਿਤ ਦੇ) ਪ੍ਰੇਮ ਦਾ ਅਨੰਦ ਆਇਆ ਹੈ, (ਉਸ ਨੇ ਹੀ ਇਸ ਨੂੰ) ਜਰਿਆ ਹੈ (ਸਾਂਭ ਕੇ ਰਖਦਾ ਹੈ, ਨਾਮ ਦੀ ਤਾਕਤ ਜਾਹਰ ਨਹੀਂ ਕਰਦਾ)।ਸਾਧੂ ਜਨ (ਜਦ) ਬਾਣੀ ਉਚਾਰਦੇ ਹਨ, (ਉਦੋਂ ਮਾਨੋਂ) ਅੰਮ੍ਰਿਤ ਦੇ ਚਸ਼ਮੇ ਚਲ ਪੈਂਦੇ ਹਨ।ਨਾਨਕ (ਅਜੇਹੇ ਸਾਧ ਜਨਾਂ ਦਾ) ਦਰਸ਼ਨ ਦੇਖ ਕੇ ਜਿਉਂਦਾ ਹੈ, (ਜਿਨ੍ਹਾਂ ਨੇ ਅੰਮ੍ਰਿਤ ਰੂਪ ਨਾਮ ਨੂੰ) ਮਨ ਦੇ ਅੰਦਰ ਧਰ ਲਿਆ ਹੈ; (ਉਨ੍ਹਾਂ ਦਾ ਉਪਦੇਸ਼) ਮਨ ਦੇ ਅੰਦਰ ਧਾਰਣ ਕਰ ਲਿਆ ਹੈ।੯।

ਪਦਾਰਥ = ਓਥੈ–ਉਥੇ (ਸਤ ਸੰਗਤ ਵਿਚ)।ਸੁਖੀਆ–ਸੁਖੀ।ਕਰਣੇ–ਕਰਦਾ ਹੈ।ਪੰਥਿ–ਰਸਤੇ ਉਤੇ।ਫਿਰਿ–ਮੁੜ ਦੁਬਾਰਾ।ਤਿਸੈ ਹੀ–ਉਸ ਨੇ ਹੀ।ਜਰਣੇ–ਸਹਾਰਿਆ ਹੈ।ਅਮਿਉ–ਅੰਮ੍ਰਿਤ।ਝਰਣੇ–ਚਸ਼ਮੇ; ਫੁਹਾਰੇ।ਧਰਣੇ–ਟਿਕਾਇਆ ਹੈ।੯।

ਸਲੋਕ ਮਃ ੫ ॥ ਸਤਿਗੁਰਿ ਪੂਰੈ ਸੇਵਿਐ, ਦੂਖਾ ਕਾ ਹੋਇ ਨਾਸੁ ॥ ਨਾਨਕ ਨਾਮਿ ਅਰਾਧਿਐ, ਕਾਰਜੁ ਆਵੈ ਰਾਸਿ ॥੧॥ (ਹੇ ਭਾਈ!) ਪੂਰੇ ਸਤਿਗੁਰੂ ਦੀ ਸੇਵਾ ਕਰਨ ਨਾਲ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ।ਨਾਨਕ ਗੁਰੂ ਜੀ ਸਿੱਖਿਆ ਦੇਂਦੇ ਹਨ ਕਿ (ਵਾਹਿਗੁਰੂ ਦਾ) ਨਾਮ ਅਰਾਧਨ ਨਾਲ (ਹਰ ਪ੍ਰਕਾਰ ਦਾ) ਕਾਰਜ ਰਾਸ ਆ ਜਾਂਦਾ ਹੈ।੧।

ਪਦਾਰਥ = ਅਰਾਧਿਐ–ਸਿਮਰਨ ਕਰਨ ਨਾਲ।ਕਾਰਜੁ–ਕੰਮ।ਆਵੈ ਰਾਸਿ–ਸਫਲ ਹੋ ਆਉਂਦਾ ਹੈ।੧।

ਮਃ ੫ ॥ ਜਿਸੁ ਸਿਮਰਤ ਸੰਕਟ ਛੁਟਹਿ, ਅਨਦ ਮੰਗਲ ਬਿਸ੍ਰਾਮ ॥ ਨਾਨਕ ਜਪੀਐ ਸਦਾ ਹਰਿ, ਨਿਮਖ ਨ ਬਿਸਰਉ ਨਾਮੁ ॥੨॥ ਜਿਸ ਵਾਹਿਗੁਰੂ ਨੂੰ ਸਿਮਰਿਆਂ ਸੰਕਟ ਛੁਟ ਜਾਂਦੇ ਹਨ ਤੇ (ਹਿਰਦੇ ਵਿਚ) ਅਨੰਦ ਤੇ ਖੁਸ਼ੀਆਂ ਦਾ ਨਿਵਾਸ ਹੁੰਦਾ ਹੈ; ਅਨੰਦ, ਖੁਸ਼ੀਆਂ ਤੇ ਟਿਕਾਉ (ਸ਼ਾਂਤੀ) ਪ੍ਰਾਪਤ ਹੋ ਜਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨੂੰ ਸਦਾ ਜਪਣਾ ਚਾਹੀਦਾ ਹੈ, (ਸਾਨੂੰ ਹਰੀ ਦਾ) ਨਾਮ ਇਕ ਨਿਮਖ ਮਾਤ੍ਰ (ਅੱਖ ਝਮਕਣ ਦੇ ਸਮੇਂ ਲਈ) ਵੀ ਨਾ ਭੁੱਲੇ।੨।

ਪਦਾਰਥ = ਸੰਕਟ–ਦੁੱਖ।ਮੰਗਲ–ਖੁਸ਼ੀਆਂ।ਬਿਸ੍ਰਾਮ–ਨਿਵਾਸ; ਟਿਕਾਣਾ; ਟਿਕਾਉ।ਨਿਮਖ–ਅੱਖ ਝਮਕਣ ਦੇ ਸਮੇਂ ਲਈ।੨।

ਪਉੜੀ ॥ ਤਿਨ ਕੀ ਸੋਭਾ ਕਿਆ ਗਣੀ, ਜਿਨੀ ਹਰਿ ਹਰਿ ਲਧਾ ॥ ਸਾਧਾ ਸਰਣੀ ਜੋ ਪਵੈ, ਸੁ ਛੁਟੈ ਬਧਾ ॥ ਗੁਣ ਗਾਵੈ ਅਬਿਨਾਸੀਐ, ਜੋਨਿ ਗਰਭਿ ਨ ਦਧਾ ॥ ਗੁਰੁ ਭੇਟਿਆ ਪਾਰਬ੍ਰਹਮੁ ਹਰਿ, ਪੜਿ ਬੁਝਿ ਸਮਧਾ ॥ ਨਾਨਕ ਪਾਇਆ ਸੋ ਧਣੀ, ਹਰਿ ਅਗਮ ਅਗਧਾ ॥੧੦॥ ਉਨ੍ਹਾਂ (ਗੁਰਮੁਖਾਂ) ਦੀ ਸੋਭਾ ਮੈਂ ਕੀ ਗਿਣਾਂ, ਜਿਨ੍ਹਾਂ ਨੇ ਹਰਿ ਹਰਿ ਨਾਮ ਲੱਭ ਲਿਆ ਹੈ।(ਅਜੇਹੇ) ਸਾਧੂਆਂ ਦੀ ਸਰਣ ਵਿਚ ਜੋ ਮਨੁੱਖ ਜਾ ਪੈਂਦਾ ਹੈ, ਉਹ (ਕਰਮ ਜਾਲ ਵਿਚ) ਬੰਨ੍ਹਿਆ ਮੁਕਤ ਹੋ ਜਾਂਦਾ ਹੈ।ਜੋ ਮਨੁੱਖ ਨਾਸ਼ ਰਹਿਤ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹ ਜੋਨੀਆਂ ਵਿਚ ਪੈ ਕੇ ਗਰਭ ਅਗਨੀ ਵਿਚ ਨਹੀਂ ਸੜਦਾ।(ਜੋ ਮਨੁੱਖ) ਪਾਰਬ੍ਰਹਮ ਹਰੀ ਰੂਪ ਗੁਰੂ ਨੂੰ ਜਾ ਮਿਲਿਆ ਹੈ, (ਉਹ ਗੁਰੂ ਦੀ ਬਾਣੀ) ਪੜ੍ਹ ਕੇ ਤੇ ਸਮਝ ਕੇ ਸਮਾਧੀ ਵਾਲਾ ਹੋ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਸਮਾਧੀ ਵਿਚ ਲੀਨ ਹੋਏ ਗੁਰਮੁਖ ਨੇ) ਹਰੀ ਮਾਲਕ ਨੂੰ ਪਾ ਲਿਆ ਹੈ, ਜੋ ਅਥਾਹ ਤੇ ਅਪਹੁੰਚ ਹੈ।੧੦।

ਪਦਾਰਥ = ਸੋਭਾ–ਵਡਿਆਈ।ਗਣੀ–ਗਿਣਾਂ।ਜਿਨੀ–ਜਿਨ੍ਹਾਂ ਨੇ।ਲਧਾ–ਲੱਭਿਆ।ਪਵੈ–ਪੈਂਦਾ ਹੈ।ਸੋ–ਉਹ।ਛੁਟੈ–ਮੁਕਤ ਹੋ ਜਾਂਦਾ ਹੈ।ਬਧਾ–(ਮਾਇਆ ਜਾਂ ਕਰਮ ਜਾਲ ਵਿਚ) ਬੰਨ੍ਹਿਆ ਹੋਇਆ।ਅਬਿਨਾਸੀਐ–ਨਾਸ਼ ਰਹਿਤ ਪ੍ਰਭੂ।ਨ ਦਧਾ–ਸੜਦਾ ਨਹੀਂ।ਭੇਟਿਆ–ਮਿਲਿਆ ਹੈ।ਬੁਝਿ–ਸਮਝ ਕੇ।ਸਮਧਾ–(ਸਮੱਧਾ ਪੜ੍ਹੋ) ਸਮਾਧੀ ਵਾਲਾ; ਟਿਕਾਉ (ਸ਼ਾਂਤੀ) ਵਾਲਾ ਹੋ ਗਿਆ; ਪੂਰਨ ਅਵਸਥਾ ਵਾਲਾ।ਧਣੀ–ਮਾਲਕ।ਅਗਮ–ਪਹੁੰਚ ਤੋਂ ਪਰੇ (ਜਿਥੇ ਪਹੁੰਚਿਆ ਨਾ ਜਾ ਸਕੇ)।ਅਗਧਾ–ਅਥਾਹ (ਅਤਿਅੰਤ ਡੂੰਘਾ); ਬੇਅੰਤ।੧੦।

ਸਲੋਕ ਮਃ ੫ ॥ ਕਾਮੁ ਨ ਕਰਹੀ ਆਪਣਾ, ਫਿਰਹਿ ਅਵਤਾ ਲੋਇ ॥ ਨਾਨਕ ਨਾਇ ਵਿਸਾਰਿਐ, ਸੁਖੁ ਕਿਨੇਹਾ ਹੋਇ ॥੨॥ (ਹੇ ਭਾਈ! ਤੂੰ) ਅਪਣਾ (ਨਾਮ ਸਿਮਰਨ ਦਾ) ਕੰਮ ਤਾਂ ਕਰਦਾ ਨਹੀਂ, ਦੁਨੀਆਂ ਵਿਚ (ਅਪਣੇ ਭਲੇ ਦੇ) ਉਲਟਾ ਚਲਦਾ ਹੈਂ।ਹੇ ਨਾਨਕ! ਨਾਮ ਦੇ ਭੁਲਾ ਦੇਣ ਨਾਲ (ਤੈਨੂੰ ਸੱਚਾ) ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ? (ਨਹੀਂ ਹੋ ਸਕਦਾ, ਸੱਗੋਂ ਦੁਖ ਹੀ ਮਿਲੇਗਾ)।੧।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਕਾਮੁ-ਕੰਮ। ਨ ਕਰਹੀ-ਨਹੀਂ ਕਰਦਾ। ਫਿਰਹਿ-ਫਿਰਦਾ (ਚਲਦਾ) ਹੈ। ਅਵਤਾ (ਅਵੱਤਾ ਪੜ੍ਹੋ) ਆਪ ਮੁਹਾਰਾ; ਉਲਟ; ਆਕੜਿਆ ਹੋਇਆ; ਅਵੈੜਾ। ਲੋਇ-ਦੁਨੀਆਂ ਵਿਚ। ਨਾਇ-ਨਾਮ। ਕਿਨੇਹਾ-ਕਿਵੇਂ; ਕਿਸ ਤਰ੍ਹਾਂ।੧।

ਮਃ ੫ ॥ ਬਿਖੈ ਕਉੜਤਣਿ ਸਗਲ ਮਾਹਿ, ਜਗਤਿ ਰਹੀ ਲਪਟਾਇ ॥ ਨਾਨਕ ਜਨਿ ਵੀਚਾਰਿਆ, ਮੀਠਾ ਹਰਿ ਕਾ ਨਾਉ ॥੨॥ (ਮਨੁੱਖ ਨਾਮ ਨੂੰ ਕਿਉਂ ਭੁਲਾਉਂਦਾ ਹੈ?) ਵਿਸ਼ਿਆਂ ਦੀ ਕੁੜੱਤਣ ਸਾਰਿਆਂ (ਜੀਵਾਂ) ਵਿਚ ਹੈ, ਇਹ ਜਗਤ ਵਿਚ (ਸਭ ਨੂੰ) ਚਿੰਬੜ ਰਹੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਤੇਰੇ) ਸੇਵਕ ਨੇ ਵਿਚਾਰਿਆ ਹੈ ਕਿ (ਕੇਵਲ) ਹਰੀ ਦਾ ਨਾਮ ਹੀ ਮਿੱਠਾ (ਅੰਮ੍ਰਿਤ ਰੂਪ) ਹੈ ਭਾਵ ਇਹ ਸੇਵਕਾਂ ਨੇ ਵਿਚਾਰਿਆ ਹੈ ਕਿ ਵਿਸ਼ਿਆਂ ਦੀ ਕੁੜੱਤਣ ਉਤਾਰਨ ਲਈ ਕੇਵਲ ਹਰੀ ਦਾ ਮਿੱਠਾ (ਅੰਮ੍ਰਿਤ ਰੂਪ) ਨਾਮ ਹੈ।੨।

ਪਦਾਰਥ = ਬਿਖੈ-ਵਿਸ਼ਿਆਂ ਦੀ; ਮਾਇਆ ਦੀ। ਕਉੜਤਣਿ-ਕੁੜੱਤਣ (ਦੁੱਖ)। ਲਪਟਾਇ-ਚਿੰਬੜ ਰਹੀ ਹੈ। ਜਨਿ-ਸੇਵਕ ਨੇ।੨।

ਪਉੜੀ ॥ ਇਹ ਨੀਸਾਣੀ ਸਾਧ ਕੀ, ਜਿਸੁ ਭੇਟਤ ਤਰੀਐ ॥ ਜਮ ਕੰਕਰੁ ਨੇੜਿ ਨ ਆਵਈ, ਫਿਰਿ ਬਹੁੜਿ ਨ ਮਰੀਐ ॥ ਭਵ ਸਾਗਰੁ ਸੰਸਾਰੁ ਬਿਖੁ ,ਸੋ ਪਾਰਿ ਉਤਰੀਐ ॥ ਹਰਿ ਗੁਣ ਗੁੰਫਹੁ ਮਨਿ ਮਾਲ ਹਰਿ, ਸਭ ਮਲੁ ਪਰਹਰੀਐ ॥ ਨਾਨਕ ਪ੍ਰੀਤਮ ਮਿਲਿ ਰਹੇ, ਪਾਰਬ੍ਰਹਮ ਨਰਹਰੀਐ ॥੧੧॥ ਸਾਧੂ ਦੀ ਇਹ ਨਿਸ਼ਾਨੀ ਹੈ ਕਿ ਜਿਸ ਨੂੰ ਮਿਲਣ ਕਰਕੇ (ਸੰਸਾਰ ਸਮੁੰਦਰ ਤੋਂ) ਤਰ ਜਾਈਦਾ ਹੈ। ਜਮ ਦੂਤ ਨੇੜੇ ਨਹੀਂ ਆਉਂਦਾ ਅਤੇ ਨਾ ਹੀ ਫਿਰ ਮੁੜ ਕੇ ਮਰੀਦਾ ਹੈ (ਮੁੜ ਜਨਮ ਮਰਨ ਨਹੀਂ ਹੁੰਦਾ)। ਡਰਾਉਣਾ ਸੰਸਾਰ ਸਮੁੰਦਰ ਜੋ ਜਹਿਰ ਰੂਪ ਹੈ; ਸੰਸਾਰ ਸਾਗਰ, (ਜਿਸ ਵਿਚ) ਬਿਖ ਪੈਦਾ ਹੋ ਰਹੀ ਹੈ, ਉਸ ਨੂੰ ਪਾਰ ਲੰਘ ਜਾਈਦਾ ਹੈ।(ਹੇ ਭਾਈ! ਅਪਣੇ) ਮਨ ਵਿਚ ਹਰੀ ਦੇ ਗੁਣਾਂ ਰੂਪ ਮਾਲਾ ਗੁੰਦੋ, (ਇਉਂ ਮਨ ਦੇ ਵਿਕਾਰਾਂ ਦੀ) ਸਾਰੀ ਮੈਲ ਦੂਰ ਕਰ ਲਈਦੀ ਹੈ; ਹਰੀ ਦੂਰ ਕਰ ਦੇਵੇਗਾ। ਹੇ ਨਾਨਕ! (ਰੱਬ ਦੇ ਗੁਣਾਂ ਦੀ ਮਾਲਾ ਗੁੰਦਣ ਵਾਲੇ ਅਜੇਹੇ ਗੁਰਮੁਖਾਂ ਨੂੰ) ਭਗਤ ਰੱਖਿਅਕ ਪਿਆਰੇ ਪਾਰਬ੍ਰਹਮ ਜੀ ਮਿਲੇ ਰਹਿੰਦੇ ਹਨ।੧੨।

ਪਦਾਰਥ = ਜਿਸ-ਜਿਸ ਨੂੰ। ਭੇਟਤ-ਮਿਲਣ ਕਰਕੇ। ਜਮ ਕੰਕਰੁ-ਜਮ ਦੂਤ। ਫਿਰਿ ਬਹੁੜਿ-ਮੁੜ ਦੁਬਾਰਾ। ਭਵ-ਡਰਾਉਣਾ; ਪੈਦਾ ਹੋ ਰਹੀ ਹੈ। ਬਿਖੁ-ਜਹਿਰ; ਮਾਇਆ। ਸੋ-ਉਸ ਨੂੰ। ਪਾਰਿ ਉਤਰੀਐ-ਪਾਰ ਲੰਘ ਜਾਈਦਾ ਹੈ। ਗੁੰਫਹੁ-ਗੁੰਦੋ; ਪਰੋ ਲਵੋ। ਮਾਲ-ਮਾਲਾ। ਪਰਹਰੀਐ-ਦੂਰ ਹੋ ਜਾਂਦੀ ਹੈ। ਮਲੁ-ਮੈਲ। ਪ੍ਰੀਤਮ-ਬਹੁਤ ਪਿਆਰਾ। ਨਰਹਰੀਐ-(ਭਗਤ ਰੱਖਿਅਕ) ਕਰਤਾਰ।੧੨।

ਸਲੋਕ ਮਃ ੫ ॥ ਨਾਨਕ ਆਏ ਸੇ ਪਰਵਾਣੁ ਹੈ, ਜਿਨ ਹਰਿ ਵੁਠਾ ਚਿਤਿ ॥ ਗਾਲ੍ਹੀ ਅਲ ਪਲਾਲੀਆ, ਕੰਮਿ ਨ ਆਵਹਿ ਮਿਤ ॥੧॥ ਹੇ ਨਾਨਕ! ਉਹ ਹੀ (ਮਨੁੱਖ ਸੰਸਾਰ ਵਿਚ) ਆਏ ਪ੍ਰਵਾਨ ਹਨ, ਜਿਨ੍ਹਾਂ ਦੇ ਚਿਤ ਵਿਚ ਹਰੀ ਵਸਿਆ ਹੈ। ਹੇ ਮਿਤ੍ਰ! (ਅਪਣੇ ਆਪ ਨੂੰ ਰੱਬ ਰੂਪ ਕਹਾਉਣ ਵਾਲੇ ਪਖੰਡੀ ਸਾਧਾਂ ਦੀਆਂ) ਵਾਧੂ ਤੇ ਫਜ਼ੂਲ ਦੀਆਂ ਗੱਲਾਂ ਕਿਸੇ ਕੰਮ ਨਹੀਂ ਆਉਂਦੀਆਂ।੧।

ਪਦਾਰਥ = ਵੁਠਾ-ਵਸਿਆ। ਗਾਲ੍ਹੀ-ਗੱਲਾਂ। ਅਲ-ਵਾਧੂ। ਪਲਾਲੀਆ-ਬਨਾਵਟੀ; ਫਜ਼ੂਲ ਦੀਆਂ; ਧਾਨਾਂ ਦੀ ਪਰਾਲੀ ਵਾਂਗ।੧।

ਮਃ ੫ ॥ ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ, ਪੂਰਨ ਅਗਮ ਬਿਸਮਾਦ ॥ ਪਾਰਬ੍ਰਹਮ ਪ੍ਰਭੂ (ਸਾਨੂੰ) ਨਜਰ ਆ ਗਿਆ ਹੈ, (ਜੋ) ਸਭ ਵਿਚ ਪੂਰਨ ਹੈ (ਸਭ ਜਗ੍ਹਾ ਵਿਆਪਕ ਹੈ, ਮਨੱਖ ਦੀ) ਪਹੁੰਚ ਤੋਂ ਪਰੇ ਤੇ ਅਸਚਰਜ ਰੂਪ ਹੈ।

ਅੰਗ ੩੨੧ = ਨਾਨਕ ਰਾਮ ਨਾਮੁ ਧਨੁ ਕੀਤਾ, ਪੂਰੇ ਗੁਰ ਪਰਸਾਦਿ ॥੨॥ ਨਾਨਕ ਨੇ ਪੂਰੇ ਗੁਰੂ ਦੀ ਕਿਰਪਾ ਨਾਲ ਪ੍ਰਮਾਤਮਾ ਦਾ ਨਾਮ ਰੂਪ ਧਨ ਇਕੱਠਾ ਕੀਤਾ ਹੈ; ਹਰੀ ਦੇ ਨਾਮ ਨੂੰ ਧਨ ਬਣਾਇਆ ਹੈ (ਇਸ ਕਰਕੇ ਸਭ ਜਗ੍ਹਾ ਵਸਦਾ ਪ੍ਰਭੂ ਦਿਸਿਆ ਹੈ)।੨।

ਪਦਾਰਥ = ਦ੍ਰਿਸਟੀ ਅਇਆ-ਦਿਸ ਆਇਆ। ਪੂਰਨ-ਹਰ ਥਾਂ ਮੌਜੂਦ। ਅਗਮ-ਪਹੁੰਚ ਤੋਂ ਪਰੇ। ਬਿਸਮਾਦ-ਅਸਚਰਜ।੨।

ਪਉੜੀ ॥ ਧੋਹੁ ਨ ਚਲੀ ਖਸਮ ਨਾਲਿ, ਲਬਿ ਮੋਹਿ ਵਿਗੁਤੇ ॥ ਕਰਤਬ ਕਰਨਿ ਭਲੇਰਿਆ, ਮਦਿ ਮਾਇਆ ਸੁਤੇ ॥ ਫਿਰਿ ਫਿਰਿ ਜੂਨਿ ਭਵਾਈਅਨਿ, ਜਮ ਮਾਰਗਿ ਮੁਤੇ ॥ ਕੀਤਾ ਪਾਇਨਿ ਆਪਣਾ, ਦੁਖ ਸੇਤੀ ਜੁਤੇ ॥ ਨਾਨਕ ਨਾਇ ਵਿਸਾਰਿਐ, ਸਭ ਮੰਦੀ ਰੁਤੇ ॥੧੨ ॥ (ਉਨ੍ਹਾਂ ਮਨੁੱਖਾਂ ਦਾ) ਮਾਲਕ ਪ੍ਰਭੂ ਨਾਲ ਛਲ ਨਹੀਂ ਚਲ ਸਕਦਾ, (ਜਿਹੜੇ) ਲੋਭ ਤੇ ਮੋਹ ਵਿਚ (ਫਸ ਕੇ) ਬਰਬਾਦ ਹੋ ਚੁਕੇ ਹਨ। (ਉਹ) ਮੰਦੇ ਕਰਮ ਕਰਦੇ ਹਨ ਤੇ ਮਾਇਆ ਦੇ ਨਸ਼ੇ ਵਿਚ ਸੁੱਤੇ ਪਏ ਹਨ।(ਉਹ) ਮੁੜ ਮੁੜ ਜੋਨੀਆਂ ਵਿਚ ਭੁਆਏ ਜਾਂਦੇ ਹਨ ਤੇ ਜਮ ਦੇ ਰਸਤੇ ਉਤੇ (ਨਿਖਸਮੇ) ਛਡ ਦਿਤੇ ਜਾਂਦੇ ਹਨ। ਉਹ ਅਪਣੇ ਕੀਤੇ ਕਰਮਾਂ ਦਾ ਫਲ ਪਾਉਂਦੇ ਹਨ ਅਤੇ ਦੁਖਾਂ ਨਾਲ ਜੁੜੇ ਰਹਿੰਦੇ ਹਨ; ਦੁੱਖਾਂ ਨਾਲ ਜੋੜੇ ਹੋਏ ਹਨ, ਜਿਵੇਂ ਹਲ੍ਹ ਕੋਹਲੂ ਜਾਂ ਖੂਹ ਨਾਲ ਜੋੜੀਦਾ ਹੈ (ਸ਼ਬਦਾਰਥ)। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਭੁਲਾਉਣ ਕਰਕੇ (ਉਨ੍ਹਾਂ ਲਈ) ਸਾਰੀਆਂ ਰੁੱਤਾਂ ਮਾੜੀਆਂ ਹੀ ਹਨ; ਸਾਰਾ ਜੀਵਨ ਹੀ ਮਾੜਾ ਹੈ।੧੨।

ਨੋਟ = ਵਿਗੁਤੇ ਨੂੰ ਵਿਗੁੱਤੇ, ਸੁਤੇ ਨੂੰ ਸੁੱਤੇ, ਮੁਤੇ ਨੂੰ ਮੁੱਤੇ, ਜੁਤੇ ਨੂੰ ਜੁੱਤੇ ਅਤੇ ਰੁਤੇ ਨੂੰ ਰੁੱਤੇ ਪੜ੍ਹੋ।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਧੋਹੁ-ਧੋਖਾ। ਮੋਹਿ-ਮੋਹ ਵਿਚ। ਬਿਗੁਤੇ-ਖੁਆਰ; ਬਰਬਾਦ ਹੁੰਦੇ ਹਨ। ਕਰਤਬ-ਕੰਮ। ਭਲੇਰਿਆ-ਭੈੜੇ। ਮਦਿ-ਹੰਕਾਰ ਵਿਚ; ਨਸ਼ੇ ਵਿਚ। ਫਿਰਿ ਫਿਰਿ-ਮੁੜ ਮੁੜ; ਬਾਰ ਬਾਰ। ਭਵਾਈਅਨਿ-ਭਵਾਏ (ਫਿਰਾਏ) ਜਾਂਦੇ ਹਨ। ਮੁਤੇ-ਛਡੇ ਹਨ। ਕੀਤਾ-ਕੀਤੇ ਕਰਮਾਂ ਦਾ (ਫਲ)। ਪਾਇਨਿ-ਪਾਉਂਦੇ ਹਨ। ਸੇਤੀ-ਨਾਲ। ਜੁਤੇ-ਜੋੜੇ ਜਾਂਦੇ ਹਨ। ਰੁਤੇ-ਰੁੱਤਾਂ; ਸਮਾਂ।

ਸਾਰੰਸ਼ = ਮਨੁੱਖ ਫਜ਼ੂਲ ਗੱਲਾ ਕਿਉਂ ਕਰਦੇ ਹਨ, ਕਿਉਂਕਿ ਉਹ ਲਾਲਚੀ ਹੁੰਦੇ ਹਨ। ਸਬੰਧੀਆਂ ਤੇ ਮਿਤ੍ਰਾਂ ਦੇ ਮੋਹ ਕਰਕੇ ਲਾਲਚ ਕਰਦੇ ਹਨ। ਲਾਲਚ ਤਾਂ ਕਰਦੇ ਹਨ, ਕਿਉਂਕਿ ਮਾਇਆ ਦੇ ਨਸ਼ੇ ਵਿਚ ਸੁੱਤੇ ਹੁੰਦੇ ਹਨ। ਇਸ ਕਰਕੇ ਉਹ ਜੋਨੀਆਂ ਵਿਚ ਬਾਰ ਬਾਰ ਜੰਮਦੇ ਮਰਦੇ ਰਹਿੰਦੇ ਹਨ ਤੇ ਜਮ ਰਸਤੇ ਤੇ ਛੱਡੇ ਜਾਂਦੇ ਹਨ। ਇਉਂ ਆਵਾਗੌਣ ਦੇ ਦੁਖ ਨਾਲ ਜੁੜੇ ਰਹਿੰਦੇ ਹਨ।

ਸਲੋਕ ਮਃ ੫ ॥ ਉਠੰਦਿਆ ਬਹੰਦਿਆ, ਸਵੰਦਿਆ ਸੁਖੁ ਸੋਇ ॥ ਨਾਨਕ ਨਾਮਿ ਸਲਾਹਿਐ, ਮਨੁ ਤਨੁ ਸੀਤਲੁ ਹੋਇ ॥੧॥ ਨਾਨਕ ਗੁਰੂ ਜੀ ਸਿਖਿਆ ਦੇਂਦੇ ਹਨ ਕਿ ਵਾਹਿਗੁਰੂ ਦਾ ਨਾਮ ਸਲਾਹੁਣ ਨਾਲ ਮਨ ਤੇ ਤਨ ਸੀਤਲ ਹੋ ਜਾਂਦੇ ਹਨ (ਤਪਸ਼ ਮਿਟ ਜਾਂਦੀ ਹੈ। ਫਿਰ ਅਜੇਹੀ ਅਵਸਥਾ ਬਣ ਜਾਂਦੀ ਹੈ ਕਿ) ਉਠਦਿਆਂ, ਬਹਿੰਦਿਆਂ ਤੇ ਸੁੱਤਿਆਂ ਉਹ ਹੀ (ਆਤਮਕ) ਸੁਖ ਬਣਿਆ ਰਹਿੰਦਾ ਹੈ।੧।

ਪਦਾਰਥ = ਸਵੰਦਿਆ-ਸੁੱਤਿਆਂ। ਸੋਇ-ਉਹ ਹੀ। ਨਾਮਿ ਸਲਾਹਿਐ-ਪ੍ਰਭੂ ਦਾ ਨਾਮ ਸਲਾਹੇ ਜਾਣ ਨਾਲ। ਸੀਤਲੁ-ਠੰਢਾ।੧।

ਮਃ ੫ ॥ ਲਾਲਚਿ ਅਟਿਆ ਨਿਤ ਫਿਰੈ, ਸੁਆਰਥੁ ਕਰੇ ਨ ਕੋਇ ॥ ਜਿਸੁ ਗੁਰੁ ਭੇਟੈ ਨਾਨਕਾ, ਤਿਸੁ ਮਨਿ ਵਸਿਆ ਸੋਇ ॥੨॥ (ਇਹ ਮਨੁੱਖ) ਲਾਲਚ ਨਾਲ ਭਰਿਆ ਹਰ ਰੋਜ ਭਟਕਦਾ ਫਿਰਦਾ ਹੈ, (ਪਰ ਨਾਮ ਸਿਮਰਨ ਦਾ) ਕੋਈ ਕੰਮ ਨਹੀਂ ਕਰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਗੁਰੂ ਮਿਲ ਜਾਂਦਾ ਹੈ, ਉਸ ਦੇ ਮਨ ਵਿਚ ਉਹ ਪ੍ਰਭੂ ਵਸਿਆ ਰਹਿੰਦਾ ਹੈ।੨।

ਪਦਾਰਥ = ਅਟਿਆ-ਭਰਿਆ ਹੈ। ਸੁਆਰਥੁ-ਮਨੋਰਥ; (ਅਸਲੀ) ਕੰਮ; ਮਤਲਬ। ਭੇਟੈ-ਮਿਲਦਾ ਹੈ। ਸੋਇ-ਉਹ (ਪ੍ਰਭੂ)।੨।

ਪਉੜੀ ॥ ਸਭੇ ਵਸਤੂ ਕਉੜੀਆ, ਸਚੇ ਨਾਉ ਮਿਠਾ ॥ ਸਾਦੁ ਆਇਆ ਤਿਨ ਹਰਿ ਜਨਾਂ, ਚਖਿ ਸਾਧੀ ਡਿਠਾ ॥ ਪਾਰਬ੍ਰਹਮਿ ਜਿਸੁ ਲਿਖਿਆ, ਮਨਿ ਤਿਸੈ ਵੁਠਾ ॥ ਇਕੁ ਨਿਰੰਜਨੁ ਰਵਿ ਰਹਿਆ, ਭਾਉ ਦੁਯਾ ਕੁਠਾ ॥ ਹਰਿ ਨਾਨਕੁ ਮੰਗੈ ਜੋੜਿ ਕਰ, ਪ੍ਰਭੁ ਦੇਵੈ ਤੁਠਾ ॥੧੩॥ (ਜਗਤ ਦੀਆਂ) ਸਾਰੀਆਂ ਵਸਤੂਆਂ ਕੌੜੀਆਂ ਹਨ, (ਕੇਵਲ) ਸੱਚੇ ਵਾਹਿਗੁਰੂ ਦਾ ਨਾਉ ਮਿੱਠਾ ਹੈ। (ਪਰ ਨਾਮ ਦਾ) ਅਨੰਦ ਹਰੀ ਦੇ ਉਨ੍ਹਾਂ ਸੇਵਕਾਂ ਨੂੰ ਆਇਆ ਹੈ, (ਜਿਨਾਂ ਨੇ ਗੁਰੂ) ਸਾਧੂ ਦੀ ਸੰਗਤ ਰਾਹੀਂ ਛਕ ਕੇ ਦੇਖਿਆ ਹੈ। ਪਾਰਬ੍ਰਹਮ ਨੇ ਜਿਸ ਸੇਵਕ ਦੇ ਭਾਗਾਂ ਵਿਚ ਲਿਖਿਆ ਹੁੰਦਾ ਹੈ, ਉਸ ਦੇ ਮਨ ਵਿਚ ਹੀ (ਉਹ ਪ੍ਰਭੂ) ਵਸਦਾ ਹੈ। (ਉਸ ਦਾ) ਦੂਜਾ ਭਾਵ ਨਾਸ਼ ਹੋ ਗਿਆ ਅਤੇ (ਉਸ ਨੂੰ) ਮਾਇਆ ਰਹਿਤ ਇਕ ਪ੍ਰਭੂ ਸਭ ਜਗ੍ਹਾ ਵਿਆਪਕ ਹੋ ਰਿਹਾ ਦਿਸ ਪਿਆ ਹੈ। ਨਾਨਕ ਹਰੀ ਪਾਸੋਂ ਹੱਥ ਜੋੜ ਕੇ (ਮਿਠੇ ਨਾਮ ਦਾ ਦਾਨ) ਮੰਗਦਾ ਹੈ, (ਪਰ ਉਸ ਸੇਵਕ ਨੂੰ) ਪ੍ਰਭੂ ਦੇਂਦਾ ਹੈ, (ਜਿਸ ਉਪਰ ਉਹ) ਪ੍ਰਸੰਨ ਹੁੰਦਾ ਹੈ।੧੩।

ਪਦਾਰਥ = ਸਚੇ ਨਾਉ-ਸੱਚੇ ਵਾਹਿਗੁਰੂ ਦਾ ਨਾਮ। ਸਾਦੁ-ਸੁਆਦ; ਅਨੰਦ। ਜਨਾਂ-ਸੇਵਕਾਂ ਨੂੰ। ਚਖਿ-ਖਾ (ਛਕ) ਕੇ। ਸਾਧੀ-ਸਾਧੂ (ਗੁਰੂ) ਰਾਹੀਂ। ਡਿਠਾ-ਦੇਖਿਆ। ਤਿਸੈ-ਉਸ ਦੇ। ਵੁਠਾ-ਵਸਦਾ ਹੈ। ਇਕੁ ਨਿਰੰਜਨੁ-ਮਾਇਆ ਰਹਿਤ ਇਕ ਪ੍ਰਭੂ। ਰਵਿ ਰਹਿਆ-ਵਿਆਪਕ ਹੋ ਰਿਹਾ। ਭਾਉ ਦੁਯਾ-ਦੂਜਾ ਭਾਵ; ਦ੍ਵੈਤ ਭਾਵ। ਕੁਠਾ-ਨਾਸ਼ ਹੋ ਗਿਆ। ਕਰ-(ਦੋਵੇਂ) ਹੱਥ। ਤੁਠਾ-ਪ੍ਰਸੰਨ ਹੁੰਦਾ ਹੈ।੧੩।

ਸਲੋਕ ਮਃ ੫ ॥ ਜਾਚੜੀ ਸਾ ਸਾਰੁ ,ਜੋ ਜਾਚੰਦੀ ਹੇਕੜੋ ॥ ਗਾਲ੍ਹੀ ਬਿਆ ਵਿਕਾਰ, ਨਾਨਕ ਧਣੀ ਵਿਹੂਣੀਆ ॥੧॥ (ਮਨੁੱਖ ਦੀ) ਉਹ ਮੰਗ ਸ੍ਰੇਸਟ ਹੈ, ਜਿਹੜੀ (ਮੰਗ ਕੇਵਲ) ਇਕ ਵਾਹਿਗੁਰੂ (ਦੇ ਨਾਮ) ਨੂੰ ਹੀ ਮੰਗਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਵਾਹਿਗੁਰੂ ਤੋਂ ਬਿਨਾ ਹੋਰ ਦੂਜੀਆਂ (ਹਰੀ ਤੋਂ ਲਾਂਭੇ ਲੈ ਜਾਣ ਵਾਲੀਆਂ) ਗੱਲਾ ਵਿਅਰਥ ਹਨ; ਵਿਕਾਰਾਂ ਦੀਆਂ ਹਨ।੧।

ਪਦਾਰਥ = ਜਾਚੜੀ-ਜਾਚਨਾ (ਮੰਗ)। ਸਾ-ਉਹ। ਸਾਰੁ-ਸ੍ਰੇਸਟ। ਜਾਚੰਦੀ-ਮੰਗਦੀ ਹੈ। ਹੇਕੜੋ-ਇਕ ਵਾਹਿਗੁਰੂ ਨੂੰ। ਗਾਲ੍ਹੀ-ਗੱਲਾਂ। ਬਿਆ-ਦੂਜਾ; ਹੋਰ। ਵਿਕਾਰ-ਵਿਅਰਥ; ਵਿਕਾਰਾਂ ਦੀਆਂ। ਧਣੀ-ਮਾਲਕ (ਵਾਹਿਗੁਰੂ)। ਵਿਹੂਣੀਆ-ਬਿਨਾ; ਖਾਲੀ।੧।

ਮਃ ੫ ॥ ਨੀਹਿ ਜਿ ਵਿਧਾ ਮੰਨੁ ,ਪਛਾਣੂ ਵਿਰਲੋ ਥਿਓ ॥ ਜੋੜਣਹਾਰਾ ਸੰਤੁ ,ਨਾਨਕ ਪਾਧਰੁ ਪਧਰੋ ॥੨॥ ਜਿਸ ਦਾ ਮਨ (ਵਾਹਿਗੁਰੂ ਦੇ) ਪ੍ਰੇਮ ਵਿਚ ਵਿੰਨ੍ਹਿਆ ਗਿਆ ਹੈ, (ਉਹ ਸੰਤ ਵਾਹਿਗੁਰੂ ਨੂੰ) ਪਛਾਨਣ ਵਾਲਾ ਵਿਰਲਾ ਹੀ ਹੁੰਦਾ ਹੈ; ਵਿਰਲਾ (ਮਨੁੱਖ ਐਸੇ ਪ੍ਰੇਮੀ ਸੰਤ ਦਾ) ਪਛਾਣੂ ਹੁੰਦਾ ਹੈ (ਫ.ਸ.; ਟਕਸਾਲ)। ਨਾਨਕ ਗੁਰੂ ਜੀ ਆਖਦੇ ਹਨ ਕਿ ਵਾਹਿਗੁਰੂ ਨਾਲ ਜੋੜਨ ਵਾਲਾ (ਇਹੋ ਜਿਹਾ) ਸੰਤ (ਵਾਹਿਗੁਰੂ ਦੇ ਮਿਲਣ ਦਾ) ਸਿੱਧਾ ਪੱਧਰਾ ਰਸਤਾ ਦਿਖਾ ਦਿੰਦਾ ਹੈ।੨।

ਪਦਾਰਥ = ਨੀਹਿ-ਪ੍ਰੇਮ ਵਿਚ। ਜਿ-ਜਿਸ ਦਾ। ਵਿਧਾ-ਵਿੰਨ੍ਹਿਆ ਹੈ। ਮੰਨੁ-ਮਨ। ਪਛਾਣੂ-ਪਛਾਨਣ ਵਾਲਾ। ਵਿਰਲੋ-ਵਿਰਲਾ। ਥਿਓ-ਹੁੰਦਾ ਹੈ। ਪਾਧਰੁ-ਰਸਤਾ। ਪਧਰੋ-(ਪੱਧਰੋ ਪੜ੍ਹੋ) ਸਿੱਧਾ ਪੱਧਰਾ (ਸਹਿਜ ਮਾਰਗ)।੨।

All Rights Reserved by Harjinder Singh Gyani | www.GuruGranthVakhyaan.org

ਪਉੜੀ ॥ ਸੋਈ ਸੇਵਿਹੁ ਜੀਅੜੇ, ਦਾਤਾ ਬਖਸਿੰਦੁ ॥ ਕਿਲਵਿਖ ਸਭਿ ਬਿਨਾਸ ਹੋਨਿ, ਸਿਮਰਤ ਗੋਵਿੰਦੁ ॥ ਹਰਿ ਮਾਰਗੁ ਸਾਧੂ ਦਸਿਆ ,ਜਪੀਐ ਗੁਰ ਮੰਤੁ ॥ ਮਾਇਆ ਸੁਆਦ ਸਭਿ ਫਿਕਿਆ, ਹਰਿ ਮਨਿ ਭਾਵੰਦੁ ॥ ਧਿਆਇ ਨਾਨਕ ਪਰਮੇਸਰੈ, ਜਿਨਿ ਦਿਤੀ ਜਿੰਦੁ ॥ ੧੪॥ ਹੇ ਮੇਰੀ ਜਿੰਦੇ! ਉਸ ਵਾਹਿਗੁਰੂ ਦੀ ਸੇਵਾ ਕਰ, (ਜਿਹੜਾ ਸਾਰੀਆਂ) ਦਾਤਾਂ ਦੇਣ ਵਾਲਾ ਹੈ ਤੇ (ਸਾਰੇ ਪਾਪ) ਬਖਸ਼ ਦੇਣ ਵਾਲਾ ਹੈ।(ਉਸ) ਗੋਬਿੰਦ ਨੂੰ ਸਿਮਰਨੇ ਕਰਕੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ।ਹਰੀ (ਨੂੰ ਮਿਲਣ ਦਾ ਪੱਧਰਾ) ਰਸਤਾ ਜੋ ਸੰਤਾਂ ਨੇ ਦਸਿਆ ਹੈ, (ਉਹ ਇਹ ਹੈ ਕਿ) ਗੁਰੂ ਦੇ ਦਿਤੇ ਨਾਮ ਮੰਤ੍ਰ ਨੂੰ ਜਪੀਏ।(ਨਾਮ ਜਪਣ ਕਰਕੇ) ਮਾਇਆ ਦੇ ਸੁਆਦ ਸਭ ਫਿੱਕੇ ਲੱਗਣ ਲਗ ਜਾਂਦੇ ਹਨ ਤੇ ਮਨ ਵਿਚ ਹਰੀ ਚੰਗਾ ਲਗਦਾ ਹੈ।ਹੇ ਨਾਨਕ! (ਉਸ) ਪ੍ਰਮੇਸਰ ਨੂੰ ਧਿਆ, ਜਿਸ ਨੇ (ਤੈਨੂੰ) ਜਿੰਦ ਦਿਤੀ ਹੈ।੧੪।

ਪਦਾਰਥ = ਸੇਵਿਹੁ–ਸੇਵਾ ਕਰ; ਸਿਮਰ।ਜੀਅੜੇ–ਹੇ ਜਿੰਦੇ!।ਕਿਲਵਿਖ–ਪਾਪ।ਹੋਨਿ–ਹੁੰਦੇ ਹਨ।ਭਾਵੰਦੁ–ਚੰਗਾ (ਪਿਆਰਾ) ਲਗਦਾ ਹੈ।ਜਿਨਿ–ਜਿਸ (ਵਾਹਿਗੁਰੂ) ਨੇ।ਜਿੰਦੁ–ਪ੍ਰਾਣ; ਜੀਵਨ ਸੱਤਾ; ਜੀਵਨ।੧੪।

ਸਲੋਕ ਮਃ ੫ ॥ ਵਤ ਲਗੀ ਸਚੇ ਨਾਮ ਕੀ, ਜੋ ਬੀਜੇ ਸੋ ਖਾਇ ॥ ਤਿਸਹਿ ਪਰਾਪਤਿ ਨਾਨਕਾ, ਜਿਸ ਨੋ ਲਿਖਿਆ ਆਇ ॥੧॥ (ਹੇ ਭਾਈ! ਹੁਣ) ਸੱਚੇ ਨਾਮ ਦੇ ਬੀਜਣ ਦੀ ਵੱਤ ਲਗੀ ਹੋਈ ਹੈ (ਮਨੁੱਖਾ ਜਨਮ ਨਾਮ ਬੀਜਣ ਲਈ ਯੋਗ ਸਮਾਂ ਹੈ)।ਜਿਹੜਾ ਮਨੁੱਖ ਨਾਮ ਬੀਜਦਾ (ਨਾਮ ਜਪਦਾ) ਹੈ, ਉਹ (ਆਤਮ ਗਿਆਨ ਰੂਪ ਫਲ) ਖਾਂਦਾ ਹੈ।ਨਾਨਕ ਗੁਰੂ ਜੀ ਫੁਰਮਾਉਂਦੇ ਹਨ, (ਕਿ ਨਾਮ ਦੀ) ਪ੍ਰਾਪਤੀ ਉਸ ਮਨੁੱਖ ਨੂੰ ਹੁੰਦੀ ਹੈ, ਜਿਸ ਨੂੰ ਧੁਰ ਤੋਂ ਲਿਖਿਆ ਹੋਇਆ ਆਉਂਦਾ ਹੈ।੧।

ਪਦਾਰਥ = ਵਤ–ਜਮੀਨ ਦੀ ਬੀਜਣ ਯੋਗ ਹਾਲਤ (ਜਦ ਜਮੀਨ ਨਾ ਬਹੁਤ ਗਿੱਲੀ ਹੋਵੇ ਤੇ ਨਾ ਸੁੱਕੀ); ਨਾਮ ਬੀਜਣ (ਜਪਣ) ਦਾ ਯੋਗ ਮੌਕਾ; ਮਨੁੱਖਾ ਜਨਮ।ਜੋ–ਜਿਹੜਾ (ਮਨੁੱਖ)।ਸੋ–ਉਹ।ਤਿਸਹਿ–ਉਸ ਨੂੰ।ਜਿਸ ਨੋ–ਜਿਸ ਨੂੰ।੧।

ਵਿਆਖਿਆ = ਜਿਵੇਂ ਗਿੱਲੀ ਜਮੀਨ ਵਿਚ ਵੱਤ ਆਈ ਤੇ ਸਮੇਂ ਅਨੁਸਾਰ ਬੀਜ ਬੀਜਿਆ ਫਲ ਦਾਇਕ ਹੁੰਦਾ ਹੈ, ਤਿਵੇਂ ਮਨੁੱਖਾ ਜਨਮ ਭਜਨ ਕਰਨ ਦਾ ਸਮਾਂ ਹੈ।ਅਨੇਕ ਜੂਨਾਂ ਭੋਗਣ ਤੋਂ ਬਾਦ ਮਨੁੱਖਾ ਜਨਮ ਇਕ ਉਤਮ ਮੌਕਾ ਹੈ, ਜਦ ਹਰੀ ਦਾ ਨਾਮ ਬੀਜਿਆ ਉਗਦਾ ਹੈ ਤੇ ਫਲ ਤਕ ਅਪੜਦਾ ਹੈ।ਪਰ ਨਾਮ ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸਦੇ ਭਾਗਾਂ ਵਿਚ ਲਿਖਿਆ ਹੋਇਆ ਹੋਵੇ।

ਮਃ ੫ ॥ ਮੰਗਣਾ ਤ ਸਚੁ ਇਕੁ ,ਜਿਸੁ ਤੁਸਿ ਦੇਵੈ ਆਪਿ ॥ ਜਿਤੁ ਖਾਧੈ ਮਨੁ ਤ੍ਰਿਪਤੀਐ, ਨਾਨਕ ਸਾਹਿਬ ਦਾਤਿ ॥੨॥ (ਹੇ ਭਾਈ! ਜੇ ਤੂੰ ਕੁੱਛ) ਮੰਗਣਾ ਹੈ, ਤਾਂ ਇਕ ਸੱਚੇ ਨਾਮ ਨੂੰ ਮੰਗ, (ਪਰ ਮਿਲਦਾ ਉਸ ਨੂੰ ਹੈ, ਵਾਹਿਗੁਰੂ) ਪ੍ਰਸੰਨ ਹੋ ਕੇ ਆਪ ਜਿਸ ਨੂੰ ਦੇਂਦਾ ਹੈ ।ਹੇ ਨਾਨਕ! ਜਿਸ ਦੇ ਖਾਣ (ਜਪਣ) ਨਾਲ ਤ੍ਰਿਪਤ ਹੋ ਜਾਈਦਾ ਹੈ, (ਉਹ ਨਾਮ ਰੂਪ ਭੋਜਨ) ਮਾਲਕ ਪ੍ਰਭੂ ਦੀ ਦਾਤ ਹੈ।੨।

ਪਦਾਰਥ = ਤੁਸਿ–ਪ੍ਰਸੰਨ ਹੋ ਕੇ।ਜਿਤੁ ਖਾਧੈ–ਜਿਸ ਦੇ ਖਾਣ ਨਾਲ।ਤ੍ਰਿਪਤੀਐ–ਰੱਜ ਜਾਈਦਾ ਹੈ।ਸਾਹਿਬ–ਮਾਲਕ ਪ੍ਰਭੂ।੨।

ਪਉੜੀ ॥ ਲਾਹਾ ਜਗ ਮਹਿ ਸੇ ਖਟਹਿ, ਜਿਨ ਹਰਿ ਧਨੁ ਰਾਸਿ ॥ ਦੁਤੀਆ ਭਾਉ ਨ ਜਾਣਨੀ, ਸਚੇ ਦੀ ਆਸ ॥ ਨਿਹਚਲੁ ਏਕੁ ਸਰੇਵਿਆ, ਹੋਰੁ ਸਭ ਵਿਣਾਸੁ ॥ ਪਾਰਬ੍ਰਹਮੁ ਜਿਸੁ ਵਿਸਰੈ, ਤਿਸੁ ਬਿਰਥਾ ਸਾਸੁ ॥ ਕੰਠਿ ਲਾਇ ਜਨ ਰਖਿਆ, ਨਾਨਕ ਬਲਿ ਜਾਸੁ ॥ ੧੫॥ ਜਗਤ ਵਿਚ (ਜੀਵਨ ਨੂੰ ਸਫਲ ਕਰਨ ਦਾ) ਲਾਭ ਉਹ ਹੀ ਖਟਦੇ ਹਨ, ਜਿਨ੍ਹਾਂ ਕੋਲ ਵਾਹਿਗੁਰੂ ਦਾ ਨਾਮ ਧਨ ਰੂਪ ਪੂੰਜੀ ਹੈ। (ਉਹ) ਦ੍ਵੈਤ ਭਾਵਨਾ ਨਹੀਂ ਜਾਣਦੇ, (ਕਿਉਂਕਿ ਉਹ) ਸੱਚੇ ਪ੍ਰਭੂ ਦੀ ਆਸ ਰਖਦੇ ਹਨ।(ਉਨ੍ਹਾਂ ਨੇ) ਹੋਰ ਸਭ ਕੁਛ ਨਾਸਵੰਤ ਜਾਣ ਕੇ ਸਦਾ ਅਚੱਲ ਰਹਿਣ ਵਾਲੇ ਇਕ ਵਾਹਿਗੁਰੂ ਨੂੰ ਸਿਮਰਿਆ ਹੈ।(ਕਿਉਂਕਿ ਉਨ੍ਹਾਂ ਨੇ ਜਾਣ ਲਿਆ ਹੈ ਕਿ) ਜਿਸ ਮਨੁੱਖ ਨੂੰ ਵਾਹਿਗੁਰੂ ਭੁੱਲ ਜਾਂਦਾ ਹੈ, ਉਸਦਾ ਹਰੇਕ ਸੁਆਸ ਬਿਰਥਾ ਚਲਾ ਜਾਂਦਾ ਹੈ।ਨਾਨਕ (ਉਸ ਵਾਹਿਗੁਰੂ ਤੋਂ) ਬਲਹਾਰ ਜਾਂਦਾ ਹੈ, ਜਿਸ ਨੇ ਅਪਣੇ ਗਲੇ ਨਾਲ ਲਾ ਕੇ ਸੇਵਕਾਂ ਦੀ ਰੱਖਿਆ ਕੀਤੀ ਹੈ।੧੫।

ਪਦਾਰਥ = ਲਾਹਾ–ਲਾਭ।ਸੇ–ਉਹ (ਮਨੁੱਖ)।ਰਾਸਿ–ਪੂੰਜੀ।ਦੁਤੀਆ ਭਾਉ–ਦ੍ਵੈਤ ਭਾਵਨਾ (ਰੱਬ ਤੋਂ ਬਿਨਾ ਦੂਜੇ ਦਾ ਪਿਆਰ)।ਨਿਹ ਚਲੁ–ਅਚੱਲ।ਸਰੇਵਿਆ–ਸਿਮਰਿਆ।ਵਿਣਾਸੁ–ਨਾਸ਼।ਕੰਠਿ–ਗਲ ਨਾਲ।ਜਨ–ਸੇਵਕਾਂ ਦੀ।ਬਲਿ ਜਾਸੁ–ਬਲਹਾਰ ਜਾਂਦਾ ਹੈ।੧੫।

ਸਲੋਕ ਮਃ ੫ ॥ ਪਾਰਬ੍ਰਹਮਿ ਫੁਰਮਾਇਆ, ਮੀਹੁ ਵੁਠਾ ਸਹਜਿ ਸੁਭਾਇ ॥ ਅੰਨੁ ਧੰਨੁ ਬਹੁਤੁ ਉਪਜਿਆ, ਪ੍ਰਿਥਮੀ ਰਜੀ ਤਿਪਤਿ ਅਘਾਇ ॥ ਸਦਾ ਸਦਾ ਗੁਣ ਉਚਰੈ, ਦੁਖੁ ਦਾਲਦੁ ਗਇਆ ਬਿਲਾਇ ॥ ਪੂਰਬਿ ਲਿਖਿਆ ਪਾਇਆ, ਮਿਲਿਆ ਤਿਸੈ ਰਜਾਇ ॥ ਪਰ ਮੇਸਰਿ ਜੀਵਾਲਿਆ, ਨਾਨਕ ਤਿਸੈ ਧਿਆਇ ॥੧॥ ਪਾਰਬ੍ਰਹਮ ਨੇ (ਜਦ ਬਦਲਾਂ ਨੂੰ) ਹੁਕਮ ਦਿਤਾ, ਤਾਂ ਸੁਤੇ ਸਿੱਧ ਮੀਂਹ ਵਰਸਣ ਲਗ ਪਿਆ।(ਮੀਹ ਨਾਲ) ਧਰਤੀ ਪੂਰੇ ਤਰ੍ਹਾਂ ਰੱਜ ਗਈ, ਤਾਂ ਅੰਨ ਬਹੁਤ ਪੈਦਾ ਹੋਇਆ ਅਤੇ (ਅੰਨ ਪੈਦਾ ਹੋਣ ਨਾਲ) ਧਨ ਵੀ ਬਹੁਤ ਆ ਗਿਆ।ਭਾਵ ਪਾਰਬ੍ਰਹਮ ਨੇ ਹੁਕਮ ਕੀਤਾ ਤਾਂ ਗੁਰੂ ਰੂਪ ਮੇਘ ਨੇ ਮੇਹਰਵਾਨ ਹੋ ਕੇ ਸੁਤੇ ਸਿੱਧ ਉਪਦੇਸ਼ ਰੂਪ ਵਰਖਾ ਕੀਤੀ

All Rights Reserved by Harjinder Singh Gyani | www.GuruGranthVakhyaan.org

।(ਉਪਦੇਸ਼ ਰੂਪ ਮੀਂਹ ਵਰਸਣ ਨਾਲ ਹਿਰਦੇ ਰੂਪ) ਧਰਤੀ ਰੱਜ ਗਈ, (ਜੋ ਤ੍ਰਿਸ਼ਨਾ ਕਰਕੇ ਸੁੱਕੀ ਪਈ ਸੀ, ਐਸੀ) ਰੱਜੀ ਕਿ ਮੁੜ ਭੁੱਖ ਹੀ ਨਹੀਂ ਰਹੀ (ਅਤੇ ਇਸ ਧਰਤੀ ਵਿਚੋਂ) ਸ਼ੁੱਭ ਗੁਣਾਂ ਦਾ ਅੰਨ ਤੇ ਨਾਮ ਧਨ ਬਹੁਤ ਪੈਦਾ ਹੋਇਆ।(ਹੁਣ ਰੱਜਿਆ ਮਨ) ਸਦਾ ਸਦਾ ਪ੍ਰਭੂ ਦੇ ਗੁਣ ਉਚਾਰਦਾ ਹੈ, (ਜਿਸ ਦੇ ਫਲ ਸਰੂਪ ਸਾਰਾ) ਦੁਖ ਤੇ ਦਲਿਦ੍ਰ ਨਾਸ ਹੋ ਗਿਆ।(ਇਹ ਅੰਨ ਧਨ) ਪਹਿਲਾਂ ਤੋਂ ਲਿਖੇ ਲੇਖਾਂ ਅਨੁਸਾਰ ਪ੍ਰਾਪਤ ਹੋਇਆ ਹੈ, (ਪਰ) ਮਿਲਿਆ ਉਸ ਪ੍ਰਭੂ ਦੀ ਰਜ਼ਾ ਅਨੁਸਾਰ ਹੀ ਹੈ।ਨਾਨਕ ਗੁਰੂ ਜੀ ਆਖਦੇ ਹਨ, (ਕਿ ਹੇ ਭਾਈ! ਅੰਨ ਧਨ ਦੇ ਕੇ ਤੈਨੂੰ ਜਿਸ) ਪ੍ਰਮੇਸਰ ਨੇ ਜਿਵਾਲਿਆ ਹੈ, (ਉਸ ਨੂੰ ਤੂੰ) ਸਿਮਰ।੧।

ਪਦਾਰਥ = ਮੀਹੁ–(ਉਪਦੇਸ਼ ਰੂਪ) ਮੀਂਹ।ਵੁਠਾ–ਵਰਸਿਆ।ਸਹਜਿ ਸੁਭਾਇ–ਸੁਤੇ ਸਿੱਧ; ਆਪਣੇ ਆਪ; ਕੁਦਰਤੀ ਤਰੀਕੇ ਨਾਲ। ਅੰਨੁ–ਅਨਾਜ (ਦੈਵੀ ਗੁਣਾਂ ਦਾ; ਸੁੱਖ ਸ਼ਾਂਤੀ ਰੂਪ)।ਪ੍ਰਿਥਮੀ–(ਹਿਰਦਾ; ਬਿਰਤੀ; ਬੁੱਧੀ ਰੂਪ) ਜਮੀਨ।ਤਿਪਤਿ ਅਘਾਇ–ਪੂਰੀ ਤਰ੍ਹਾਂ ਰੱਜ ਗਈ; (ਲੋਕ ਪ੍ਰਲੋਕ ਦੇ ਪਦਾਰਥਾਂ ਵਲੋਂ) ਰੱਜ ਗਈ; (ਅਪਣੀ ਹਿਰਦੇ ਰੂਪ ਖੇਤੀ) ਰੱਜ ਗਈ ਤੇ ਦੂਜਿਆਂ ਦੀ ਖੇਤੀ ਨੂੰ ਵੀ ਰੱਜਾ ਦਿਤਾ।ਦਾਲਦੁ–ਗਰੀਬੀ।ਬਿਲਾਇ–ਨਾਸ਼ ਹੋ ਗਿਆ।ਪੂਰਬਿ–ਪਹਿਲਾਂ ਤੋਂ; ਮੁੱਢ ਤੋਂ।ਰਜਾਇ–ਰਜ਼ਾ ਅਨੁਸਾਰ।੧।

ਅੰਗ ੩੨੨ = ਮਃ ੫ ॥ ਜੀਵਨ ਪਦੁ ਨਿਰਬਾਣੁ ,ਇਕੋ ਸਿਮਰੀਐ ॥ ਦੂਜੀ ਨਾਹੀ ਜਾਇ, ਕਿਨਿ ਬਿਧਿ ਧੀਰੀਐ ॥ ਡਿਠਾ ਸਭੁ ਸੰਸਾਰੁ ,ਸੁਖੁ ਨ ਨਾਮ ਬਿਨੁ ॥ ਤਨੁ ਧਨੁ ਹੋਸੀ ਛਾਰੁ ,ਜਾਣੈ ਕੋਇ ਜਨ ॥ ਰੰਗ ਰੂਪ ਰਸ ਬਾਦਿ, ਕਿ ਕਰਹਿ ਪਰਾਣੀਆ ॥ ਜਿਸੁ ਭੁਲਾਏ ਆਪਿ, ਤਿਸੁ ਕਲ ਨਹੀ ਜਾਣੀਆ ॥ ਰੰਗਿ ਰਤੇ ਨਿਰਬਾਣੁ ,ਸਚਾ ਗਾਵਹੀ ॥ ਨਾਨਕ ਸਰਣਿ ਦੁਆਰਿ, ਜੇ ਤੁਧੁ ਭਾਵਹੀ ॥੨ ॥(ਹੇ ਭਾਈ! ਜੇ) ਇਕ ਪ੍ਰਭੂ ਨੂੰ ਸਿਮਰੀਏ, ਤਾਂ ਜਨਮ ਮਰਣ ਤੋਂ ਰਹਿਤ ਮੁਕਤ ਪਦਵੀ ਪ੍ਰਾਪਤ ਹੋ ਜਾਂਦੀ ਹੈ।(ਪ੍ਰਭੂ ਤੋਂ ਬਿਨਾ ਕੋਈ) ਦੂਜੀ ਥਾਂ ਨਹੀਂ, ਕਿਸ ਤਰ੍ਹਾਂ ਨਾਲ ਧੀਰਜ ਕਰੀਏ (ਮਨ ਕਿਵੇਂ ਟਿਕੇ)? ਸਾਰਾ ਸੰਸਾਰ ਦੇਖਿਆ ਹੈ, (ਪਰ) ਨਾਮ ਤੋਂ ਬਿਨਾ ਸੁਖ (ਕਿਤੇ ਵੀ) ਨਹੀਂ ਹੈ।ਤਨ ਤੇ ਧਨ (ਜਿਸ ਨੂੰ ਸੁਖਦਾਈ ਮੰਨ ਰਹੇ ਹਾਂ, ਉਹ) ਸੁਆਹ ਹੋ ਜਾਣਗੇ, (ਪਰ ਇਹ ਗੱਲ ਵੀ) ਕੋਈ ਵਿਰਲਾ ਮਨੁੱਖ ਹੀ ਜਾਣਦਾ ਹੈ।ਹੇ ਪ੍ਰਾਣੀ! ਰੰਗ ਰੂਪ ਤੇ (ਪਦਾਰਥਾਂ ਦੇ) ਸੁਆਦ ਬਿਅਰਥ ਹਨ, (ਇਨ੍ਹਾਂ ਵਿਚ ਗਲਤਾਨ ਹੋ ਕੇ ਤੂੰ) ਕੀ ਕਰ ਰਿਹਾ ਹੈਂ? ਜਿਸ ਮਨੁੱਖ ਨੂੰ ਪ੍ਰਭੂ ਆਪ (ਰੰਗ ਰੂਪ ਰਸ ਵਿਚ ਪਾ ਕੇ) ਭੁਲਾ ਦੇਵੇ, (ਉਹ ਪ੍ਰਭੂ ਦੀ) ਸ਼ਕਤੀ ਨੂੰ ਨਹੀਂ ਜਾਣਦਾ ।(ਜਿਹੜੇ ਪੁਰਖ) ਪ੍ਰੇਮ ਵਿਚ ਰੰਗੇ ਹੋਏ ਸੱਚੇ ਪ੍ਰਭੂ ਨੂੰ ਗਾਉਂਦੇ ਹਨ, ਉਹ ਮੁਕਤ ਹੋ ਜਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਪ੍ਰਭੂ!) ਜਿਹੜੇ ਮਨੁੱਖ ਤੈਨੂੰ ਚੰਗੇ ਲਗਦੇ ਹਨ, (ਉਹ ਹੀ) ਤੇਰੇ ਦਰ ਉਤੇ ਤੇਰੀ ਸ਼ਰਣ ਵਿਚ ਆਉਂਦੇ ਹਨ।੨।

ਪਦਾਰਥ = ਜੀਵਨ ਪਦੁ–ਜਨਮ ਮਰਣ ਤੋਂ ਰਹਿਤ ਅਵਸਥਾ।ਨਿਰਬਾਣੁ–ਮੁਕਤ ਅਵਸਥਾ।ਜਾਇ–ਥਾਂ।ਕਿਨਿ ਬਿਧਿ–ਕਿਸ ਤਰ੍ਹਾਂ। ਧੀਰੀਐ–ਧੀਰਜ ਕਰੀਏ; ਮਨ ਟਿਕ ਜਾਵੇ।ਹੋਸੀ–ਹੋਵੇਗਾ।ਛਾਰੁ–ਸੁਆਹ।ਜਨ–ਮਨੁੱਖ।ਰਸ–ਸੁਆਦ।ਬਾਦਿ–ਬਿਅਰਥ।ਕਿ ਕਰਹਿ –ਕੀ ਕਰਦਾ ਹੈਂ? ਪਰਾਣੀਆ–ਹੇ ਪ੍ਰਾਣੀ!।ਕਲ–ਸ਼ਕਤੀ।ਰੰਗਿ–ਪ੍ਰੇਮ ਵਿਚ।ਰਤੇ–ਰੰਗੇ ਹਨ।ਨਿਰਬਾਣੁ–ਮੁਕਤ ਹੁੰਦੇ ਹਨ; ਜੋ ਪ੍ਰੇਮ ਵਿਚ ਰੰਗੇ ਹਨ, ਉਹ ਵਾਸ਼ਨਾ ਰਹਿਤ ਪ੍ਰਭੂ ਨੂੰ ਗਾਉਂਦੇ ਹਨ (ਦਰਪਣ)।ਜੇ–ਜਿਹੜੇ।ਤੁਧ–ਤੈਨੂੰ।ਭਾਵਹੀ–ਚੰਗੇ ਲਗਦੇ ਹਨ।੨।

ਪਉੜੀ ॥ ਜੰਮਣੁ ਮਰਣੁ ਨ ਤਿਨ੍ ਕਉ ,ਜੋ ਹਰਿ ਲੜਿ ਲਾਗੇ ॥ ਜੀਵਤ ਸੇ ਪਰਵਾਣੁ ਹੋਏ, ਹਰਿ ਕੀਰਤਨਿ ਜਾਗੇ ॥ ਸਾਧ ਸੰਗੁ ਜਿਨਿ ਪਾਇਆ, ਸੇਈ ਵਡਭਾਗੇ ॥ ਨਾਇ ਵਿਸਰਿਐ ਧ੍ਰਿਗੁ ਜੀਵਣਾ, ਤੂਟੇ ਕਚ ਧਾਗੇ ॥ ਨਾਨਕ ਧੂੜਿ ਪੁਨੀਤ ਸਾਧ, ਲਖ ਕੋਟਿ ਪਿਰਾਗੇ ॥ ੧੬॥ ਜਿਹੜੇ ਮਨੁੱਖ ਹਰੀ ਦੇ ਲੜ ਲਗੇ ਹੋਏ ਹਨ, ਉਨ੍ਹਾਂ ਨੂੰ (ਮੁੜ ਦੁਬਾਰਾ) ਜੰਮਣ ਮਰਨ ਨਹੀਂ ਹੁੰਦਾ।ਉਹ ਜਿਉਂਦਿਆਂ ਹੀ ਪ੍ਰਵਾਨ ਹੋ ਗਏ ਹਨ, (ਜਿਹੜੇ ਮਨੁੱਖ) ਹਰੀ ਦੇ ਕੀਰਤਨ ਵਿਚ ਜਾਗੇ ਹਨ।ਜਿਨ੍ਹਾਂ ਨੂੰ ਸਾਧ ਸੰਗ ਪ੍ਰਾਪਤ ਹੋਇਆ ਹੈ, ਉਹ (ਮਨੁੱਖ) ਹੀ ਵੱਡੇ ਭਾਗਾਂ ਵਾਲੇ ਹਨ।ਜੇ ਹਰੀ ਦਾ ਨਾਮ ਭੁੱਲ ਜਾਵੇ ਤਾਂ ਉਹ ਜਿਉਣਾ ਫਿਟਕਾਰ ਯੋਗ ਹੈ, (ਇਹ ਸਰੀਰ) ਕੱਚੇ ਧਾਗੇ ਵਾਂਗ ਟੁੱਟ ਜਾਂਦਾ ਹੈ।ਸਾਧੂਆਂ ਦੇ ਚਰਨਾਂ ਦੀ ਧੂੜ ਲੱਖਾਂ ਕ੍ਰੋੜਾਂ ਪਿਰਾਗ ਆਦਿਕ ਤੀਰਥਾਂ ਤੋਂ ਵੱਧ ਪਵਿਤ੍ਰ ਹੈ।੧੬।

ਪਦਾਰਥ = ਤਿਨ ਕਉ–ਉਨ੍ਹਾਂ ਨੂੰ।ਸੇ–ਉਹ।ਜਾਗੇ–(ਮੋਹ ਮਾਇਆ ਦੀ ਨੀਂਦ ਵਿਚੋਂ) ਜਾਗੇ ਹਨ।ਸੇਈ–ਉਹ ਹੀ।ਧ੍ਰਿਗੁ–ਫਿਟਕਾਰ ਯੋਗ।ਪੁਨੀਤ–ਪਵਿਤ੍ਰ।ਪਿਰਾਗੇ–ਪ੍ਰਯਾਗ (ਜਿਥੇ ਗੰਗਾ ਜਮਨਾ ਤੇ ਗੁਪਤ ਸੁਰੱਸਤੀ ਦਾ ਸੰਗਮ ਹੈ), ਹਿੰਦੂਆਂ ਵਿਚ ਇਥੇ ਦੇ ਇਸ਼ਨਾਨ ਦਾ ਬਹੁਤ ਮਹਾਤਮ ਮੰਨਿਆ ਜਾਂਦਾ ਹੈ।੧੬।

ਸਲੋਕੁ ਮਃ ੫ ॥ ਧਰਣਿ ਸੁਵੰਨੀ ਖੜ ਰਤਨ ਜੜਾਵੀ, ਹਰਿ ਪ੍ਰੇਮ ਪੁਰਖੁ ਮਨਿ ਵੁਠਾ ॥ ਸਭੇ ਕਾਜ ਸੁਹੇਲੜੇ ਥੀਏ, ਗੁਰੁ ਨਾਨਕੁ ਸਤਿਗੁਰੁ ਤੁਠਾ ॥੧॥ (ਜਿਸ ਮਨੁੱਖ ਦੇ) ਮਨ ਵਿਚ ਪ੍ਰੇਮ ਸਰੂਪ ਹਰੀ ਵਸਿਆ ਹੈ, ਉਹ ਇਵੇਂ ਸੋਹਣਾ ਲਗਦਾ ਹੈ, ਜਿਵੇ ਧਰਤੀ ਸੋਹਣੀ

ਹੁੰਦੀ ਹੈ, ਜਿਸ ਉਤੇ ਰਤਨ ਜੜਾਊ ਘਾਹ ਹੋਵੇ ਭਾਵ ਰਤਨ ਰੂਪ ਤ੍ਰੇਲ ਦੇ ਤੁਪਕਿਆਂ ਨਾਲ ਜੜਿਆ ਘਾਹ ਹੋਵੇ (ਸ਼ਬਦਾਰਥ); ਉਹ ਮਨ ਇਉਂ ਹੈ, ਜਿਵੇਂ ਤ੍ਰੇਲ ਰੂਪ ਮੋਤੀਆਂ ਨਾਲ ਜੜੀ ਹੋਈ ਘਾਹ ਵਾਲੀ ਧਰਤੀ ਸੋਹਣੇ ਰੰਗ ਵਾਲੀ ਹੁੰਦੀ ਹੈ (ਦਰਪਣ)। ਸਤਿਗੁਰੂ ਗੁਰੂ ਨਾਨਕ ਦੇਵ ਜੀ (ਜਿਸ ਮਨੁੱਖ ਉਤੇ) ਪ੍ਰਸੰਨ ਹੋਏ ਹਨ, (ਉਸ ਦੇ) ਸਾਰੇ ਕਾਰਜ ਸੌਖੇ ਪੂਰਨ ਹੋ ਗਏ ਹਨ।੧।

ਪਦਾਰਥ = ਧਰਣਿ-ਧਰਤੀ। ਸੁਵੰਨੀ-ਸੋਹਣੇ ਰੰਗ ਵਾਲੀ। ਖੜ ਰਤਨ ਜੜਾਵੀ-ਘਾਹ ਉਤੇ ਪਏ ਤ੍ਰੇਲ ਰੂਪ ਰਤਨਾਂ ਨਾਲ ਜੜਤ ਭੂਮੀ; ਖਟ ਸੰਪਤੀ ਕਰਕੇ ਸੋਹਣੀ ਅੰਤਹਕਰਣ ਰੂਪ ਧਰਤੀ। ਰਤਨ-ਤ੍ਰੇਲ ਰੂਪ ਮੋਤੀ ਜਾਂ ਹੀਰੇ। ਜੜਾਵੀ-ਜੜਤ ਵਾਲੀ। ਹਰਿ ਪ੍ਰੇਮ ਪੁਰਖੁ-ਪ੍ਰੇਮ ਸਰੂਪ ਹਰੀ ਪੁਰਖ। ਵੁਠਾ-ਵਸਿਆ। ਸੁਹੇਲੜੇ ਥੀਏ-ਸੌਖੇ ਹੋ ਗਏ; ਸੌਖੇ ਹੀ ਪੂਰੇ ਹੋ ਗਏ। ਤੁਠਾ-ਪ੍ਰਸੰਨ ਹੋਇਆ।੧।

ਵਿਆਖਿਆ = ਇਸ ਸਲੋਕ ਵਿਚ ਉਸ ਪੁਰਖ ਦਾ ਰੂਪਕ ਬੱਧਾ ਹੈ, ਜਿਸ ਦੇ ਮਨ ਵਿਚ ਪ੍ਰੇਮ ਰੂਪ ਹਰੀ ਵਸਿਆ ਹੈ। ਉਸ ਉਤੇ ਗੁਰੂ ਮੇਹਰਵਾਨ ਹੋਇਆ, ਗੁਰੂ ਨੇ ਨਾਮ ਦਿਤਾ, ਜਿਸ ਦਾ ਸਿਮਰਨ ਕੀਤਾ। ਫਲ ਇਹ ਹੋਇਆ, ਉਸ ਦੀ ਅੰਤਹਕਰਣ ਰੂਪ ਧਰਤੀ ਪ੍ਰੇਮ ਰੂਪ ਘਾਹ ਦੀ ਹਰਿਆਲੀ ਨਾਲ ਸੋਹਣੇ ਰੰਗਾਂ ਵਾਲੀ ਅਤੇ ਨਾਮ ਰੂਪ ਰਤਨਾਂ ਦੀ ਜੜਤ ਵਾਲੀ ਹੋ ਗਈ ਹੈ। ਧਰਤੀ ਉਤੇ ਘਾਹ ਵੰਨ ਸੁਵੰਨਾ ਉਗਿਆ ਹੋਵੇ ਤੇ ਘਾਹ ਉਤੇ ਤ੍ਰੇਲ ਪਈ ਹੋਵੇ, ਜਿਸਦੇ ਤੁਪਕੇ ਹੀਰੇ ਮੋਤੀਆਂ ਵਾਂਗ ਚਮਕਦੇ ਹਨ, ਫਿਰ ਧਰਤੀ ਸੋਹਣੀ ਦਿਸਦੀ ਹੈ। ਹਰੀ ਜਿਸ ਦੇ ਹਿਰਦੇ ਵਿਚ ਵਸਿਆ ਹੈ, ਉਸਦੇ ਅੰਦਰ ਕੋਮਲਤਾ ਆਦਿ ਸ਼ੁੱਭ ਗੁਣ ਸੁਤੇ ਹੀ ਆ ਜਾਂਦੇ ਹਨ।

ਮਃ ੫ ॥ ਫਿਰਦੀ ਫਿਰਦੀ ਦਹ ਦਿਸਾ, ਜਲ ਪਰਬਤ ਬਨਰਾਇ ॥ ਜਿਥੈ ਡਿਠਾ ਮਿਰਤਕੋ, ਇਲ ਬਹਿਠੀ ਆਇ ॥੨॥ ਦਸੇ ਦਿਸ਼ਾਵਾਂ ,ਪਾਣੀਆਂ, ਪਹਾੜਾਂ ਤੇ ਬ੍ਰਿਛਾਂ ਦੇ ਉਤੋਂ ਦੀ ਫਿਰਦੀ ਫਿਰਦੀ। ਇੱਲ੍ਹ ਨੇ ਜਿਥੇ ਮੁਰਦਾਰ ਆ ਦੇਖਿਆ, ਉਥੇ ਆ ਕੇ ਬੈਠ ਗਈ।੨।

ਪਦਾਰਥ = ਦਹ ਦਿਸਾ-ਦਸੇ ਦਿਸ਼ਾਂ (ਸਾਰੇ ਪਾਸੇ)। ਜਲ-ਦਰਿਆਵਾਂ ਦੇ ਪਾਣੀ। ਬਨਰਾਇ-ਬਨਸਪਤੀ। ਮਿਰਤਕੋ-ਮੁਰਦਾਰ।੨।

ਵਿਆਖਿਆ = ਇਲ ਉਚੀ ਉਡਦੀ ਹੈ, ਉਹ ਕੁਦਰਤ ਦੇ ਨਜਾਰੇ ਮਾਨਣ ਦੀ ਇੱਛਾ ਨਾਲ ਜਾਂ ਰੱਬ ਦੀ ਭਾਲ ਵਿਚ ਨਹੀਂ ਉਡਦੀ। ਇਲ ਉਪਰੋਂ ਨਜਰ ਹੇਠ ਨੂੰ ਰੱਖਦੀ ਹੈ, ਜਿਥੇ ਮੁਰਦਾਰ ਦੇਖਦੀ ਹੈ, ਉਥੇ ਆ ਉਤਰਦੀ ਹੈ। ਹਰੀ ਤੋਂ ਟੁੱਟਿਆ ਭਟਕਦਾ ਮਨ ਇੱਲ੍ਹ ਵਾਂਗ ਹੈ, ਜੋ ਵਿਕਾਰਾਂ ਤੇ ਆ ਡਿਗਦਾ ਹੈ। ਉਚੀਆਂ ਖਿਆਲੀ ਉਡਾਰੀਆਂ ਮਾਰਦਾ ਹੈ, ਪਰ ਬਿਰਤੀ ਪਦਾਰਥਾਂ ਦੇ ਲੋਭ ਵਿਚ ਹੈ। ਨੀਵੀਂਆਂ ਰੁਚੀਆਂ ਰੱਖ ਕੇ ਉਚੀਆਂ ਉਡਾਰੀਆਂ ਮਾਰਨ ਵਾਲੇ ਮਨੁੱਖ ਦਾ ਇਸ ਸਲੋਕ ਵਿਚ ਜਿਕਰ ਹੈ। ਘਰ ਬਾਰ ਛਡ ਕੇ ਬੈਰਾਗੀ ਹੋਇਆ ਪੁਰਖ ਭੇਖ ਧਾਰ ਕੇ ਦਸੇ ਦਿਸ਼ਾਵਾਂ, ਦਰਿਆਵਾਂ, ਪਹਾੜਾਂ ਤੇ ਜੰਗਲਾਂ ਵਿਚ ਤੁਰਿਆ ਫਿਰਦਾ ਹੈ। ਪਰ ਜਿਸ ਥਾਂ ਪਦਾਰਥ ਜਾਂ ਪਰ ਇਸਤ੍ਰੀ ਰੂਪ ਮੁਰਦਾਰ ਦੇਖਦਾ ਹੈ, ਉਥੇ ਡਿਗ ਪੈਂਦਾ ਹੈ। ਪੂਰਨ ਗੁਰੂ ਮਿਲੇ ਬਿਨਾ ਇਹ ਹਾਲ ਹੁੰਦਾ ਹੈ।

ਪਉੜੀ ॥ ਜਿਸੁ ਸਰਬ ਸੁਖਾ ਫਲ ਲੋੜੀਅਹਿ, ਸੋ ਸਚੁ ਕਮਾਵਉ ॥ ਨੇੜੈ ਦੇਖਉ ਪਾਰਬ੍ਰਹਮੁ ,ਇਕੁ ਨਾਮੁ ਧਿਆਵਉ ॥ ਹੋਇ ਸਗਲ ਕੀ ਰੇਣੁਕਾ, ਹਰਿ ਸੰਗਿ ਸਮਾਵਉ ॥ ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ ॥ ਪਤਿਤ ਪੁਨੀਤ ਕਰਤਾ ਪੁਰਖੁ ,ਨਾਨਕ ਸੁਣਾਵਉ ॥੧੭॥ (ਹੇ ਭਾਈ!) ਉਸ ਸੱਚੇ ਪ੍ਰਭੂ ਨੂੰ ਕਮਾਵੋ (ਸਿਮਰੋ), ਜਿਸ ਤੋਂ ਸਾਰੇ ਸੁਖ ਦੇਣ ਵਾਲੇ ਫਲ ਲਭੀਦੇ ਹਨ। ਪਾਰਬ੍ਰਹਮ ਨੂੰ ਨੇੜੇ ਦੇਖੋ (ਤੇ ਇਸ ਦੀ ਪ੍ਰਾਪਤੀ ਲਈ) ਇਕ ਨਾਮ ਨੂੰ ਧਿਆਵੋ। ਸਭ ਦੇ ਚਰਨਾਂ ਦੀ ਧੂੜ ਹੋ ਕੇ ਹਰੀ ਨਾਲ ਸਮਾ ਜਾਵੋ। ਕਿਸੇ ਜੀਵ ਨੂੰ ਦੁਖ ਨਾ ਦੇਵੋ, (ਇਉਂ) ਇੱਜਤ ਨਾਲ ਰੱਬ ਦੇ ਘਰ ਵਿਚ ਚਲੇ ਜਾਵੋਗੇ। ਨਾਨਕ ਗੁਰੂ ਜੀ ਆਖਦੇ ਹਨ ਕਿ ਕਰਤਾ ਪੁਰਖ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, (ਉਸ ਦਾ ਜਸ ਆਪ ਸੁਣੋ ਤੇ ਹੋਰਨਾਂ ਨੂੰ) ਸੁਣਾਵੋ।੧੭।

ਪਦਾਰਥ = ਲੋੜੀਅਹਿ-ਲੋੜ ਹੈ; ਲਭੀਦੇ ਹਨ। ਕਮਾਵਉ-ਸਿਮਰੋ। ਰੇਣੁਕਾ-ਚਰਨ ਧੂੜ। ਸਮਾਵਉ-ਲੀਨ ਹੋਵੋ। ਦੇਈ-ਦੇਵੋ। ਜੀਅ-ਜੀਵ ਨੂੰ। ਪਤਿ ਸਿਉ-ਇੱਜਤ ਨਾਲ। ਘਰਿ-ਰੱਬ ਦੀ ਹਜੂਰੀ ਵਿਚ। ਪਤਿਤ-ਪਾਪੀਆਂ ਨੂੰ। ਪੁਨੀਤ-ਪਵਿਤ੍ਰ ਕਰਨ ਵਾਲਾ।੧੭।

ਨੋਟ = ਦਰਪਣ ਨੇ ਇਸ ਪਉੜੀ ਦੇ ਅਰਥ ਉਤਮ ਪੁਰਖ ਵਿਚ ਕੀਤੇ ਹਨ। ਸ਼ਬਦਾਰਥ ਸਣੇ ਸਭ ਨੇ ਅਨ ਪੁਰਖ ਵਿਚ ਕੀਤੇ ਹਨ।

ਸਲੋਕ ਦੋਹਾ ਮਃ ੫ ॥ ਏਕੁ ਜਿ ਸਾਜਨੁ ਮੈ ਕੀਆ, ਸਰਬ ਕਲਾ ਸਮਰਥੁ ॥ ਜੀਉ ਹਮਾਰਾ ਖਨੀਐ, ਹਰਿ ਮਨ ਤਨ ਸੰਦੜੀ ਵਥੁ ॥ ੨॥ ਇਕ ਜੋ ਵਾਹਿਗੁਰੂ ਨੂੰ ਮੈਂ (ਅਪਣਾ) ਮਿਤ੍ਰ ਬਣਾਇਆ ਹੈ, (ਉਹ) ਸਰਬ ਸ਼ਕਤੀਮਾਨ ਹੈ (ਸਾਰੀਆਂ ਤਾਕਤਾਂ ਵਾਲਾ ਹੈ)। ਮੇਰਾ ਦਿਲ (ਉਸ ਉਤੋਂ) ਕੁਰਬਾਨ ਹੋ ਜਾਵੇ, (ਕਿਉਂਕਿ ਮੇਰੇ) ਮਨ ਤਨ ਦੀ ਪਿਆਰੀ (ਜਾਂ ਅਸਲੀ) ਵਸਤੂ ਵਾਹਿਗੁਰੂ ਹੀ ਹੈ।੧।

ਪਦਾਰਥ = ਏਕੁ-ਇਕ ਵਾਹਿਗੁਰੂ। ਜਿ-ਜੋ; ਜਿਹੜਾ। ਸਾਜਨੁ-ਮਿਤ੍ਰ। ਕੀਆ-ਕੀਤਾ; ਬਣਾਇਆ। ਜੀਉ-ਦਿਲ। ਖੰਨੀਐ-ਕੁਰਬਾਨ ਹੋ ਜਾਵੇ। ਸੰਦੜੀ-ਦੀ। ਵਥੁ-ਵਸਤੂ ;ਆਸਰਾ; ਸਦਾ ਰਹਿਣ ਵਾਲਾ ਪਦਾਰਥ (ਅਚੱਲ ਹਸਤੀ)।੧।

ਇਹ ਦੋਹੇ ਦੀ ੨੪ ਮਾਤ੍ਰਾ ਵਾਲਾ ਸਲੋਕ ਹੈ, ਦੋਹਾ ਦੋ ਸਤਰਾਂ ਦਾ ਹੁੰਦਾ ਹੈ। ਇਹ ਸਲੋਕ ਦੋਹੇ ਨਾਲ ਮਿਲਾ ਕੇ ਰਚਿਆ ਹੈ।

All Rights Reserved by Harjinder Singh Gyani | www.GuruGranthVakhyaan.org

ਮਃ ੫ ॥ ਜੇ ਕਰੁ ਗਹਹਿ ਪਿਆਰੜੇ, ਤੁਧੁ ਨ ਛੋਡਾ ਮੂਲਿ ॥ ਹਰਿ ਛੋਡਨਿ ਸੇ ਦੁਰਜਨਾ, ਪੜਹਿ ਦੋਜਕ ਕੈ ਸੂਲਿ ॥੨॥ ਹੇ ਪਿਆਰੇ ਵਾਹਿਗੁਰੂ! ਜੇ (ਤੂੰ ਮੇਰਾ ਮਨ ਰੂਪ) ਹੱਥ ਫੜ ਲਵੇਂ, (ਤਾਂ ਮੈਂ) ਤੈਨੂੰ ਕਦੇ ਵੀ ਨ ਛਡਾਂ (ਸਦਾ ਤੇਰੇ ਨਾਲ ਜੁੜਿਆ ਰਹਾਂ।ਜਿਹੜੇ) ਵਾਹਿਗੁਰੂ ਨੂੰ ਛਡ ਦੇਂਦੇ ਹਨ, ਉਹ ਖੋਟੇ ਪੁਰਖ ਹਨ, ਅਤੇ (ਉਹ) ਨਰਕਾਂ ਦੇ ਦੁਖਾਂ ਵਿਚ ਪੈਂਦੇ ਹਨ।੨।

ਪਦਾਰਥ = ਕਰੁ–ਹੱਥ।ਗਹਹਿ–ਫੜ ਲਵੇਂ।ਪਿਆਰੜੇ–ਹੇ ਪਿਆਰੇ (ਪ੍ਰਭੂ)!।ਮੂਲਿ–ਕਦੇ ਵੀ।ਛੋਡਨਿ–ਛਡ (ਭੁਲਾ) ਦੇਂਦੇ ਹਨ।ਸੇ–ਉਹ।ਦੁਰਜਨਾ–ਖੋਟੇ ਪੁਰਖ।ਪੜਹਿ–ਪੈਂਦੇ ਹਨ।ਦੋਜਕ ਕੈ–ਨਰਕਾਂ ਦੇ।ਸੂਲਿ–ਨਾ ਸਹੇ ਜਾਣ ਵਾਲੇ ਦੁਖਾਂ ਵਿਚ।੨।

ਪਉੜੀ ॥ ਸਭਿ ਨਿਧਾਨ ਘਰਿ ਜਿਸ ਦੈ, ਹਰਿ ਕਰੇ ਸੁ ਹੋਵੈ ॥ ਜਪਿ ਜਪਿ ਜੀਵਹਿ ਸੰਤ ਜਨ, ਪਾਪਾ ਮਲੁ ਧੋਵੈ ॥ ਚਰਨ ਕਮਲ ਹਿਰਦੈ ਵਸਹਿ, ਸੰਕਟ ਸਭਿ ਖੋਵੈ ॥ ਗੁਰੁ ਪੂਰਾ ਜਿਸੁ ਭੇਟੀਐ, ਮਰਿ ਜਨਮਿ ਨ ਰੋਵੈ ॥ ਪ੍ਰਭ ਦਰਸ ਪਿਆਸ ਨਾਨਕ ਘਣੀ, ਕਿਰਪਾ ਕਰਿ ਦੇਵੈ ॥੧੮॥ ਜਿਸ ਦੇ ਘਰ ਵਿਚ ਸਾਰੇ (ਪਦਾਰਥਾਂ ਦੇ) ਖਜਾਨੇ ਹਨ, ਉਹ ਹਰੀ ਜੋ ਕਰਦਾ ਹੈ, ਉਹ ਹੀ ਹੁੰਦਾ ਹੈ।ਸੰਤ ਜਨ (ਉਸ ਹਰੀ ਨੂੰ) ਜਪ ਜਪ ਕੇ ਜਿਉਂਦੇ ਹਨ ਅਤੇ (ਹਰੀ ਉਨ੍ਹਾਂ ਦੇ) ਪਾਪਾਂ ਦੀ ਮੈਲ ਨੂੰ ਧੋ ਦੇਂਦਾ ਹੈ।(ਜਿਸ ਦੇ) ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲ ਵਸ ਜਾਂਦੇ ਹਨ, (ਪ੍ਰਭੂ ਉਸ ਦੇ) ਸਾਰੇ ਸੰਕਟ ਦੂਰ ਕਰ ਦੇਂਦਾ ਹੈ।(ਪਰ ਇਹ ਦਾਤ ਗੁਰੂ ਰਾਹੀਂ ਮਿਲਦੀ ਹੈ) ਜਿਸ ਪੁਰਖ ਨੂੰ ਪੂਰਾ ਗੁਰੂ ਮਿਲ ਜਾਵੇ, (ਉਹ) ਜਨਮ ਮਰਨ ਵਿਚ ਪੈ ਕੇ ਰੋਂਦਾ ਨਹੀਂ (ਦੁਖੀ ਨਹੀਂ ਹੁੰਦਾ)।ਨਾਨਕ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਬਹੁਤ ਪਿਆਸ ਹੈ, (ਪਰ ਜਿਸ ਮਨੁੱਖ ਉਪਰ ਉਹ ਅਪਣੀ) ਕ੍ਰਿਪਾ ਕਰਦਾ ਹੈ, (ਉਸ ਨੂੰ ਦਰਸਨ) ਦੇਂਦਾ ਹੈ।੧੮।

ਪਦਾਰਥ = ਨਿਧਾਨ–(ਸੁੱਖਾਂ ਤੇ ਪਦਾਰਥਾਂ ਦੇ) ਖਜਾਨੇ।ਮਲੁ–ਮੈਲ।ਸੰਕਟ–ਕਲੇਸ਼; ਦੁਖ।ਭੇਟੀਐ–ਮਿਲ ਜਾਵੇ।ਘਣੀ–ਬਹੁਤ।੧੮।

ਸਲੋਕ ਡਖਣਾ ਮਃ ੫ ॥ ਭੋਰੀ ਭਰਮੁ ਵਞਾਇ, ਪਿਰੀ ਮੁਹਬਤਿ ਹਿਕੁ ਤੂ ॥ ਜਿਥਹੁ ਵੰਞੈ ਜਾਇ, ਤਿਥਾਊ ਮਉਜੂਦੁ ਸੋਇ ॥੧॥ (ਹੇ ਭਾਈ! ਜੇ) ਥੋੜਾ ਜਿਹਾ ਭਰਮ ਦੂਰ ਕਰਕੇ ਤੂੰ ਇਕ ਪਿਆਰੇ ਪ੍ਰਭੂ ਨਾਲ ਪਿਆਰ ਪਾ ਲਵੇਂ।(ਤਾਂ ਫਿਰ ਤੂੰ) ਜਿਥੋਂ ਤੁਰੇਂਗਾ ਤੇ ਜਿਥੇ ਜਾਏਂਗਾ, ਉਥੇ ਹੀ ਉਹ (ਪ੍ਰਭੂ ਤੈਨੂੰ) ਹਾਜਰ ਦਿਸੇਗਾ; ਜਿਥੋਂ (ਜਿਸ ਮਨ ਦੀ) ਜਗ੍ਹਾ ਵਿਚੋਂ ਭਰਮ ਚਲਾ ਜਾਵੇਗਾ, ਉਥੇ ਹੀ ਉਹ ਪ੍ਰਭੂ ਪ੍ਰਗਟ ਭਾਸੇਗਾ (ਫ.ਸ.) ਭਾਵ ਪ੍ਰਤੱਖ ਦਿਸੇਗਾ।੧।

ਪਦਾਰਥ = ਭੋਰੀ–ਭੋਰਾ ਕੁ (ਥੋੜਾ ਜਿਹਾ)।ਵਞਾਇ–ਦੂਰ ਕਰ ਕੇ।ਪਿਰੀ–ਪਿਆਰਾ।ਮੁਹਬਤਿ–ਪਿਆਰ।ਹਿਕੁ–ਇਕ (ਪ੍ਰਭੂ)।ਜਿਥਹੁ –ਜਿਥੋਂ।ਵੰਞੈ–ਤੁਰੇਂਗਾ।ਜਾਇ–ਜਾਵੇਂਗਾ; ਜਗ੍ਹਾ।ਤਿਥਾਊ–ਉਥੇ ਹੀ।ਮਉਜੂਦੁ–ਹਾਜਰ; ਪ੍ਰਗਟ।ਸੋਇ–ਉਹ (ਪ੍ਰਭੂ)।੧।

ਮਃ ੫ ॥ ਚੜਿ ਕੈ ਘੋੜੜੈ ਕੁੰਦੇ ਪਕੜਹਿ, ਖੂੰਡੀ ਦੀ ਖੇਡਾਰੀ ॥ ਹੰਸਾ ਸੇਤੀ ਚਿਤੁ ਉਲਾਸਹਿ, ਕੁਕੜ ਦੀ ਓਡਾਰੀ ॥੨॥ (ਜੋ ਲੋਕ) ਘੋੜੇ ਤੇ ਚੜ੍ਹ ਕੇ ਹੰਨੇ ਪਕੜਦੇ ਹਨ (ਉਹ ਜੇ) ਖੂੰਡੀ ਦੀ ਖੇਡ ਖੇਡਣਾ ਚਾਹੁਣ (ਤਾਂ ਡਿਗ ਪੈਣਗੇ।ਇਸੇ ਤਰ੍ਹਾਂ ਜਿਨ੍ਹਾਂ ਦੇ) ਚਿਤ ਹੰਸਾਂ ਨਾਲ ਉਡਣ ਲਈ ਉਛਲਦੇ ਹਨ, (ਪਰ ਉਨ੍ਹਾਂ ਦੀ) ਉਡਾਰੀ ਕੁੱਕੜ ਜਿੰਨੀ ਕੁ ਹੈ, (ਹੰਸਾਂ ਦੀ ਰੀਸ ਨਹੀਂ ਕਰ ਸਕਦੇ)।੨।

ਦੂਜਾ ਅਰਥ = ਖੂੰਡੀ ਦੀ ਖੇਡ ਖੇਡਣ ਵਾਲਾ ਖਿਡਾਰੀ ਜੇ ਘੋੜੇ ਤੇ ਚੜ੍ਹ ਕੇ ਬੰਦੂਕ ਦੀ ਪਿੱਠ (ਬੱਟ) ਫੜਦਾ ਹੈ (ਉਹ ਕਿਵੇਂ ਸੂਰਮਾ ਹੋ ਸਕਦਾ ਹੈ? ਘੋੜੇ ਤੇ ਚੜ੍ਹ ਕੇ ਉਹ ਲੜ ਸਕਦਾ ਹੈ, ਜਿਸ ਦਾ ਅਭਿਆਸ ਹੋਵੇ।ਅਣਜਾਣ ਆਦਮੀ ਘੋੜੇ ਤੇ ਚੜ੍ਹ ਕੇ ਬੰਦੂਕ ਨਹੀਂ ਚਲਾ ਸਕਦਾ; ਕਿਉਂਕਿ ਉਸ ਨੂੰ ਡਿਗਣ ਦਾ ਭੈ ਬਣਿਆ ਰਹਿੰਦਾ ਹੈ)।

ਭਾਵ ਅਰਥ = ਭਰਮ ਸਮੇਤ ਗਿਆਨੀ ਜੋ ਕਥਨੀ ਦੇ ਗਿਆਨ ਰੂਪ ਘੋੜੇ ਤੇ ਚੜ੍ਹ ਕੇ ਉਪਦੇਸ਼ ਰੂਪ ਕੁੰਦੇ ਫੜ ਲੈਂਦੇ ਹਨ, ਉਹ ਸਫਲ ਕਿਵੇਂ ਹੋ ਸਕਦੇ ਹਨ? ਉਹ ਤਾਂ ਖੂੰਡੀ ਦੀ ਖੇਡ ਵਿਚ ਨਿਪੁੰਨ ਹਨ (ਸੰਸਾਰ ਦੇ ਵਿਹਾਰਾਂ ਦੀ ਬੁੱਧੀ ਦੇ ਚਤਰ ਹਨ)।ਫਿਰ ਉਹ ਤੱਤ ਮਿਥਿਆ ਦੇ ਨਿਖੇੜਨ ਵਾਲੇ ਹੰਸ ਰੂਪ ਸੰਤਾਂ ਦੀ ਰੀਸ ਕਿਵੇਂ ਕਰ ਸਕਦੇ ਹਨ? ਕਿਉਂਕਿ ਕੁੱਕੜ ਦੀ ਉਡਾਰੀ ਭਾਵ ਕਰਨੀ ਵਿਚ ਸਕਾਮ ਕਰਮਾਂ ਵਿਚ ਮਸਾਂ ਤੁਰਦੇ ਹਨ, ਉਹ ਆਤਮ ਅਨੰਦ ਨੂੰ ਕਿਵੇਂ ਪਹੁੰਚ ਸਕਦੇ ਹਨ? (ਸੰ.ਪੋ.)।

ਪਦਾਰਥ = ਘੋੜੜੈ–ਘੋੜੇ ਉਤੇ।ਕੁੰਦੇ–ਘੋੜੇ ਦੀ ਕਾਠੀ ਦਾ ਕੁੰਡਾ ਜਾਂ ਕੀਲਾ (ਜਿਸ ਨੂੰ ਫੜ ਕੇ ਸਵਾਰ ਬੈਠਦਾ ਹੈ); ਬੰਦੂਕ ਦੀ ਪਿੱਠ ।ਖੂੰਡੀ ਦੀ ਖੇਡਾਰੀ–ਖੂੰਡੀ ਦੇ ਖੇਡ (ਪੋਲੋ) ਖੇਡਣ ਵਾਲਾ ਖਿਡਾਰੀ।ਸੇਤੀ–ਨਾਲ।ਉਲਾਸਹਿ–ਚਾਹੁੰਦੇ ਹਨ; ਚਾਉ; ਉਤਸ਼ਾਹ।੨।

ਵਿਆਖਿਆ = ਘੋੜੇ ਤੇ ਚੜ੍ਹ ਕੇ ਇਕ ਲੰਬੀ ਖੂੰਡੀ ਨਾਲ ਗੇਂਦ ਰੇੜ੍ਹਦੇ ਹੋਏ ਖੇਡਿਆ ਜਾਂਦਾ ਹੈ, ਇਸ ਨੂੰ ਖੂੰਡੀ ਦੀ ਖੇਡ ਕਿਹਾ ਜਾਂਦਾ ਹੈ।ਇਹ ਖੇਡ ਪੂਰਬ ਵਿਚੋਂ ਪੱਛਮ ਵਿਚ ਗਈ ਹੈ, ਉਥੇ ਇਸ ਨੂੰ ਪੋਲੋ ਕਹਿੰਦੇ ਹਨ।ਅਕਬਰ ਇਹ ਖੇਡ ਬਹੁਤ ਚਾਅ ਨਾਲ ਖੇਡਦਾ ਸੀ।ਭਰਮ ਦਾ ਅਸਰ ਦਸਣ ਲਈ ਗੁਰੂ ਜੀ ਦੋ ਮਿਸਾਲਾਂ ਦੇਂਦੇ ਹਨ, ਜੋ ਆਦਮੀ ਹੰਨੇ ਨੂੰ ਫੜੇ ਬਿਨਾ ਘੋੜੇ ਤੇ ਨਿਸਚਿੰਤ ਹੋ ਕੇ ਬਹਿ ਨਹੀਂ ਸਕਦਾ, ਉਹ ਡਰਦਾ ਰਹਿੰਦਾ ਹੈ ਕਿ ਕਿਤੇ ਡਿਗ ਨ ਪਵਾਂ।ਅਜੇਹੇ ਬੰਦੇ ਵਾਸਤੇ ਪੋਲੋ ਦੀ ਖੇਡ ਖੇਡਣੀ ਮੁਸ਼ਕਲ ਹੈ।ਘੋੜੇ ਭਜਦੇ,

All Rights Reserved by Harjinder Singh Gyani | www.GuruGranthVakhyaan.org

ਮੁੜਦੇ ਤੇ ਉਛਲਦੇ ਹਨ, ਪਰ ਪੋਲੋ ਦੇ ਨਿਪੁੰਨ ਖਿਡਾਰੀ ਬੜੇ ਤੇਜ ਤੇ ਚਲਾਕ ਘੋੜੇ ਤੇ ਬੈਠਕੇ ਨਿਡਰਤਾ ਨਾਲ ਖੇਡਦੇ ਹਨ। ਦੂਜੀ ਮਿਸਾਲ ਵਿਚ ਦਸਦੇ ਹਨ ਕਿ ਕੁੱਕੜ ਦੀ ਉਡਾਰੀ ਦੋ ਚਾਰ ਗਜ ਦੀ ਹੀ ਹੁੰਦੀ ਹੈ, ਕੁਤੇ ਬਿੱਲੀ ਤੋਂ ਡਰ ਕੇ ਕੁੱਕੜ ਕੋਠੇ ਤੇ ਜਾ ਬੈਠਦਾ ਹੈ, ਜਾਂ ਫਿਰ ਰੂੜੀ ਤੇ ਗੰਦ ਮੰਦ ਚੁਗਦਾ ਹੈ। ਵਿਸ਼ਿਆਂ ਰੂਪ ਰੂੜੀ ਤੇ ਬੈਠਣ ਵਾਲੇ ਤੇ ਸੁਰਗਾਂ ਵਿਚ ਜਾਣ ਦੀ ਇੱਛਾ ਰੱਖ ਕੇ ਸਕਾਮ ਕਰਮ ਕਰਨ ਵਾਲੇ ਮਨੁੱਖ ਸੰਸਾਰ ਸਾਗਰ ਤੋਂ ਪਾਰ ਨਹੀਂ ਲੰਘ ਸਕਦੇ। ਖੁੰਡੀ ਦੇ ਖਿਡਾਰੀ (ਸੁਲਤਾਨੀਏ, ਭੂਤ ਕੱਢਣ ਵਾਲੇ, ਪੁੱਛਿਆ ਦੇਣ ਵਾਲੇ ਤੇ ਨਕਲੀ ਗੁਰੂ) ਮੁਕਤ ਨਹੀਂ ਹੋ ਸਕਦੇ। ਕੁੱਕੜ ਰੂਪ ਵਿਸ਼ਈ ਪੁਰਖ ਸੰਤ ਨਹੀਂ ਬਣ ਸਕਦੇ।

ਪਉੜੀ ॥ ਰਸਨਾ ਉਚਰੈ ਹਰਿ ਸ੍ਰਵਣੀ ਸੁਣੈ, ਸੋ ਉਧਰੈ ਮਿਤਾ ॥ ਹਰਿ ਜਸੁ ਲਿਖਹਿ ਲਾਇ ਭਾਵਨੀ, ਸੇ ਹਸਤ ਪਵਿਤਾ ॥ ਅਠਸਠਿ ਤੀਰਥ ਮਜਨਾ, ਸਭਿ ਪੁੰਨ ਤਿਨਿ ਕਿਤਾ ॥ ਸੰਸਾਰ ਸਾਗਰ ਤੇ ਉਧਰੇ, ਬਿਖਿਆ ਗੜੁ ਜਿਤਾ ॥ ਹੇ ਮਿਤ੍ਰ! (ਜਿਹੜਾ ਮਨੁੱਖ) ਰਸਨਾ ਨਾਲ ਹਰੀ ਦਾ ਨਾਮ ਉਚਾਰਦਾ ਹੈ ਤੇ ਕੰਨਾਂ ਨਾਲ ਸੁਣਦਾ ਹੈ, ਉਹ (ਸੰਸਾਰ ਸਾਗਰ ਨੂੰ) ਤਰ ਜਾਂਦਾ ਹੈ। ਉਹ ਹੱਥ ਪਵਿਤ੍ਰ ਹਨ, (ਜਿਹੜੇ) ਹਰੀ ਜਸ ਨੂੰ ਪ੍ਰੇਮ ਲਗਾ ਕੇ ਲਿਖਦੇ ਹਨ। (ਜੋ ਮਨੁੱਖ ਹਰੀ ਜਸ ਉਚਾਰਦਾ ਹੈ, ਸੁਣਦਾ ਤੇ ਲਿਖਦਾ ਹੈ, ਸਮਝੋ) ਉਸ ਨੇ ਅਠਾਹਠ ਤੀਰਥਾਂ ਦਾ ਇਸ਼ਨਾਨ ਆਦਿ ਸਾਰੇ ਪੁੰਨ ਕਰਮ ਕਰ ਲਏ ਹਨ। (ਅਜੇਹੇ ਪੁਰਖਾਂ ਨੇ) ਵਿਸ਼ਿਆਂ ਦੇ ਕਿਲ੍ਹੇ ਸਰੀਰ ਨੂੰ ਜਿਤ ਲਿਆ ਹੈ ਅਤੇ (ਉਹ) ਸੰਸਾਰ ਸਾਗਰ ਤੋਂ ਤਰ ਗਏ ਹਨ।

ਅੰਗ ੩੨੩ = ਨਾਨਕ ਲੜਿ ਲਾਇ ਉਧਾਰਿਅਨੁ ,ਦਯੁ ਸੇਵਿ ਅਮਿਤਾ ॥੧੯॥ ਹੇ ਨਾਨਕ! (ਜਿਸ ਪ੍ਰਭੂ ਨੇ ਬੇਅੰਤ ਜੀਵ ਅਪਣੇ) ਲੜ ਲਾ ਕੇ ਤਾਰ ਦਿਤੇ ਹਨ, ਉਸ ਬੇਅੰਤ ਪਭੂ ਨੂੰ ਸਿਮਰ; (ਹਰੀ ਜਸ ਕਰਨ ਵਾਲੇ) ਬੇਅੰਤ ਪ੍ਰਭੂ ਨੂੰ ਸਿਮਰ ਕੇ (ਆਪ ਵੀ ਤਰ ਜਾਂਦੇ ਹਨ ਤੇ ਹੋਰਨਾਂ ਦਾ ਵੀ ਅਪਣੇ) ਲੜ ਲਾ ਕੇ ਉਧਾਰ ਕਰ ਦੇਂਦੇ ਹਨ।੧੯।

ਪਦਾਰਥ = ਰਸਨਾ–ਜੀਭ ਨਾਲ। ਸ੍ਰਵਣੀ–ਕੰਨਾਂ ਨਾਲ। ਸੋ–ਉਹ। ਉਧਰੈ–ਤਰ ਜਾਂਦਾ ਹੈ। ਮਿਤਾ–ਹੇ ਮਿਤ੍ਰ!। ਲਾਇ ਭਾਵਨੀ–ਪ੍ਰੇਮ ਲਾ ਕੇ। ਸੇ–ਉਹ। ਹਸਤ–ਹੱਥ। ਅਠਸਠਿ–ਅਠਾਹਠ। ਮਜਨਾ–ਇਸ਼ਨਾਨ। ਤਿਨਿ–ਉਸ ਨੇ। ਕਿਤਾ–ਕਰ ਲਿਆ। ਬਿਖਿਆ ਗੜੁ–ਵਿਸ਼ਿਆਂ ਦਾ ਕਿਲ੍ਹਾ (ਮਾਇਆ; ਸਰੀਰ; ਇੰਦ੍ਰੀਆਂ; ਸੰਸਾਰ)। ਜਿਤਾ–ਜਿਤ ਲਿਆ। ਉਧਾਰਿਅਨੁ–(ਸੰਸਾਰ ਸਮੁੰਦਰ ਤੋਂ) ਤਾਰ ਦਿਤਾ ਹੈ। ਦਯੁ–(ਦਈਉ ਉਚਾਰੋ) ਵਾਹਿਗੁਰੂ। ਅਮਿਤਾ–ਜੋ ਮਿਣਿਆ ਨਾ ਜਾ ਸਕੇ; ਜਿਸ ਦੀ ਹੱਦ ਨਹੀ (ਬੇਹੱਦ)।੧੯।

ਸਲੋਕ ਮਃ ੫ ॥ ਧੰਧੜੇ ਕੁਲਾਹ, ਚਿਤਿ ਨ ਆਵੈ ਹੇਕੜੋ ॥ ਨਾਨਕ ਸੇਈ ਤੰਨ ਫੁਟੰਨਿ, ਜਿਨਾ ਸਾਂਈ ਵਿਸਰੈ ॥੧॥ (ਹੇ ਭਾਈ! ਸੰਸਾਰ ਦੇ) ਧੰਦੇ ਘਾਟੇ ਵਾਲੇ ਹਨ, (ਧੰਦਿਆਂ ਵਿਚ ਫਸ ਕੇ ਮਨੁੱਖ ਨੂੰ) ਇਕ ਪ੍ਰਭੂ ਚੇਤੇ ਨਹੀਂ ਆਉਂਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖਾ ਸਰੀਰ ਫੁੱਟ (ਕੋਹੜੀ ਹੋ) ਜਾਣ, (ਧੰਦਿਆਂ ਵਿਚ ਫਸ ਕੇ) ਜਿਨ੍ਹਾਂ ਨੂੰ ਵਾਹਿਗੁਰੂ ਭੁੱਲ ਜਾਂਦਾ ਹੈ।੧।

ਪਦਾਰਥ = ਧੰਧੜੇ–ਧੰਧੇ। ਕੁਲਾਹ–ਕੁਲਾਭ (ਲਾਭ ਹੀਣ; ਘਾਟੇ ਵਾਲੇ); ਦੁਖਦਾਈ ਲਾਭ। ਹੇਕੜੋ–ਇਕ ਪ੍ਰਭੂ। ਸੇਈ–ਉਹ। ਤੰਨ–ਸਰੀਰ। ਫੁਟੰਨਿ–ਫੁੱਟ ਜਾਣ; ਕੋਹੜੀ ਹੋ ਜਾਣ। ਸਾਂਈ–ਵਾਹਿਗੁਰੂ।੧।

ਮਃ ੫ ਪਰੇਤਹੁ ਕੀਤੋਨੁ ਦੇਵਤਾ, ਤਿਨਿ ਕਰਣੈਹਾਰੇ ॥ ਸਭੇ ਸਿਖ ਉਬਾਰਿਅਨੁ ,ਪ੍ਰਭਿ ਕਾਜ ਸਵਾਰੇ ॥ ਨਿੰਦਕ ਪਕੜਿ ਪਛਾੜਿਅਨੁ , ਝੂਠੇ ਦਰਬਾਰੇ ॥ ਨਾਨਕ ਕਾ ਪ੍ਰਭੁ ਵਡਾ ਹੈ, ਆਪਿ ਸਾਜਿ ਸਵਾਰੇ ॥੨॥ ਉਸ ਕਰਨਹਾਰ ਪ੍ਰਭੂ ਨੇ (ਨਾਮ ਦੀ ਦਾਤ ਦੇ ਕੇ ਜੀਵਾਂ ਨੂੰ) ਪ੍ਰੇਤਾਂ ਤੋਂ ਦੇਵਤਾ ਬਣਾ ਦਿਤਾ ਹੈ। ਸਾਰੇ ਸਿੱਖਾਂ ਨੂੰ (ਵਿਕਾਰਾਂ ਤੋਂ) ਪ੍ਰਭੂ ਨੇ ਬਚਾ ਲਿਆ ਹੈ ਅਤੇ (ਉਨ੍ਹਾਂ ਦੇ) ਕਾਰਜ ਵੀ ਸੁਆਰ ਦਿਤੇ ਹਨ। ਨਿੰਦਕਾਂ ਨੂੰ ਫੜ ਕੇ ਉਸ ਪ੍ਰਭੂ ਨੇ (ਅਪਣੇ) ਦਰਬਾਰ ਵਿਚ ਝੂਠੇ ਕਰਕੇ ਪਟਕਾ ਪਟਕਾ ਕੇ ਮਾਰਿਆ ਹੈ। ਨਾਨਕ ਦਾ ਪ੍ਰਭੂ (ਸਭ ਤੋਂ) ਵੱਡਾ ਹੈ, (ਜੋ ਜੀਵਾਂ) ਪੈਦਾ ਕਰਦਾ ਹੈ ਆਪ ਹੀ (ਜਿਸ ਨੂੰ ਚਾਹੇ ਨਾਮ ਵਿਚ ਜੋੜ ਕੇ) ਸਵਾਰ ਦੇਂਦਾ ਹੈ।੨।

ਪਦਾਰਥ = ਪਰੇਤਹੁ–ਭੂਤਾਂ ਤੋਂ। ਕੀਤੋਨੁ–ਬਣਾ ਦਿਤਾ। ਤਿਨਿ–ਉਸ ਨੇ। ਕਰਣੈਹਾਰ–ਸਿਰਜਣਹਾਰ ਪ੍ਰਭੂ ਨੇ। ਉਬਾਰਿਅਨੁ–ਬਚਾਏ ਹਨ ਉਸ ਨੇ। ਪਛਾੜਿਅਨੁ–ਧਰਤੀ ਤੇ ਪਟਕਾ ਕੇ ਮਾਰੇ ਹਨ ਉਸ ਨੇ। ਸਾਜਿ–ਪੈਦਾ ਕਰਕੇ। ਸਵਾਰੇ–ਸੋਹਣੇ ਬਣਾ ਦਿਤੇ।੨।

ਪਉੜੀ ॥ ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ, ਸਭੁ ਤਿਸੈ ਕਰਣਾ ॥ ਅਗਮ ਅਗੋਚਰੁ ਸਾਹਿਬੋ, ਜੀਆਂ ਕਾ ਪਰਣਾ ॥ ਹਸਤ ਦੇਇ ਪ੍ਰਤਿ ਪਾਲਦਾ, ਭਰਣ ਪੋਖਣੁ ਕਰਣਾ ॥ ਮਿਹਰਵਾਨੁ ਬਖਸਿੰਦੁ ਆਪਿ, ਜਪਿ ਸਚੇ ਤਰਣਾ ॥ ਜੋ ਤੁਧੁ ਭਾਵੈ ਸੋ ਭਲਾ, ਨਾਨਕ ਦਾਸ ਸਰਣਾ ॥੨੦॥ ਪ੍ਰਭੂ ਬੇਅੰਤ ਹੈ, (ਉਸਦਾ) ਕੋਈ ਅੰਤ ਨਹੀਂ, ਸਾਰਾ ਜਗਤ ਉਸੇ ਦਾ ਪੈਦਾ ਕੀਤਾ ਹੋਇਆ ਹੈ। ਉਹ ਮਾਲਕ ਪ੍ਰਭੂ ਅਪਹੁੰਚ ਹੈ ਤੇ (ਜੀਵਾਂ ਦੀ) ਸੋਚ ਸਮਝ ਤੋਂ ਪਰੇ ਹੈ, ਜੀਵਾਂ ਦਾ ਆਸਰਾ ਹੈ। (ਉਹ ਸਭ ਨੂੰ ਅਪਣਾ) ਹੱਥ ਦੇ ਕੇ ਪਾਲਦਾ ਹੈ, (ਸਭ ਦਾ ਪੇਟ)

ਭਰਨ ਵਾਲਾ ਤੇ ਰੱਖਿਆ ਕਰਨ ਵਾਲਾ ਹੈ।(ਦਾਸਾਂ ਉਪਰ) ਮਿਹਰਵਾਨ ਹੈ ਤੇ (ਪਾਪੀਆਂ ਦੇ ਔਗਣ) ਆਪ ਹੀ ਬਖਸ਼ਣ ਵਾਲਾ ਹੈ, (ਉਸ) ਸਚੇ ਪ੍ਰਭੂ ਦਾ ਨਾਮ ਜਪ ਕੇ (ਜੀਵਾਂ ਦਾ ਸੰਸਾਰ ਸਾਗਰ ਤੋਂ) ਤਰਨਾ ਹੁੰਦਾ ਹੈ।(ਇਉਂ ਅਰਦਾਸ ਕਰੋ ਕਿ ਹੇ ਪ੍ਰਭੂ!) ਜੋ ਤੈਨੂੰ ਭਾਉਂਦਾ ਹੈ, ਉਹ ਹੀ ਭਲਾ ਹੈ, (ਤੇਰਾ) ਦਾਸ ਨਾਨਕ ਤੇਰੀ ਸ਼ਰਣ ਵਿਚ ਆ ਪਿਆ ਹੈ।੨੦।

ਪਦਾਰਥ = ਤਿਸੈ–ਉਸੇ ਦਾ।ਕਰਣਾ–ਪੈਦਾ ਕੀਤਾ ਹੈ; ਕੰਮ; ਕ੍ਰਿਪਾ।ਅਗਮ–ਪਹੁੰਚ ਤੋਂ ਪਰੇ।ਅਗੋਚਰ–ਸੋਚ ਸਮਝ ਤੋਂ ਪਰੇ; ਮਨ ਬਾਣੀ ਤੋਂ ਪਰੇ।ਪਰਣਾ–ਆਸਰਾ।ਹਸਤ–ਹੱਥ।ਭਰਣ–ਪੇਟ ਭਰਨ ਵਾਲਾ।ਪੋਖਣ–ਰੱਖਿਆ ਕਰਨ ਵਾਲਾ।ਤੁਧੁ–ਤੈਨੂੰ।੨੦।

ਸਭੁ ਤਿਸੈ ਕਰਣਾ = ਸਭ ਉਪਰ ਉਸੇ ਦੀ ਕ੍ਰਿਪਾ ਹੈ (ਸੰ.ਸ.; ਫ.ਸ.); ਸਾਰੀ ਜਗਤ ਰਚਨਾ ਉਸੇ ਦਾ ਕੰਮ ਹੈ।

ਸਲੋਕ ਮਃ ੫ ॥ ਤਿੰਨਾ ਭੁਖ ਨ ਕਾ ਰਹੀ, ਜਿਸ ਦਾ ਪ੍ਰਭੁ ਹੈ ਸੋਇ ॥ ਨਾਨਕ ਚਰਣੀ ਲਗਿਆ, ਉਧਰੈ ਸਭੋ ਕੋਇ ॥੧॥ ਉਨ੍ਹਾਂ ਨੂੰ ਕੋਈ (ਕਿਸੇ ਚੀਜ ਦੀ) ਭੁੱਖ ਨਹੀਂ ਰਹੀ, ਜਿਸ (ਮਨੁੱਖ) ਦਾ ਉਹ ਪ੍ਰਭੂ ਅਪਣਾ ਬਣ ਗਿਆ ਹੈ।ਹੇ ਨਾਨਕ! ਉਸ ਪ੍ਰਭੂ ਦੇ ਚਰਣੀਂ ਲੱਗਿਆਂ, ਸਭ ਕੋਈ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ।੧।

ਪਦਾਰਥ = ਤਿਨਾ–ਉਨ੍ਹਾਂ ਮਨੁੱਖਾਂ ਨੂੰ।ਕਾ–ਕੋਈ; ਕਿਸੇ ਕਿਸਮ ਦੀ।ਸਭੋ ਕੋਇ–ਹਰੇਕ ਜੀਵ।੧।

ਮਃ ੫ ॥ ਜਾਚਿਕੁ ਮੰਗੈ ਨਿਤ ਨਾਮੁ ,ਸਾਹਿਬੁ ਕਰੇ ਕਬੂਲੁ ॥ ਨਾਨਕ ਪਰਮੇਸਰੁ ਜਜਮਾਨੁ ,ਤਿਸਹਿ ਭੁਖ ਨ ਮੂਲਿ ॥੨॥ (ਹਰੀ ਤੋਂ ਜਿਹੜਾ ਮਨੁੱਖ) ਮੰਗਤਾ ਬਣ ਕੇ ਨਿਤ ਨਾਮ ਮੰਗਦਾ ਹੈ, ਮਾਲਕ ਹਰੀ (ਉਸ ਦੀ ਮੰਗ ਨੂੰ) ਪ੍ਰਵਾਨ ਕਰ ਲੈਂਦਾ ਹੈ।ਹੇ ਨਾਨਕ! (ਮਾਲਕ) ਪ੍ਰਮੇਸਰ ਦੇਣ ਵਾਲਾ ਜਜਮਾਨ ਹੈ, (ਪਰ ਆਪ) ਉਸ ਨੂੰ ਮੂਲੋਂ ਹੀ ਕੋਈ ਭੁੱਖ ਨਹੀਂ (ਸ਼ਬਦਾਰਥ; ਟਕਸਾਲ; ਸੰ.ਪੋ.) ਜਿਸ ਦਾ ਜਜਮਾਨ ਪ੍ਰਮੇਸਰ ਹੋਵੇ, ਉਸ (ਮੰਗਤੇ) ਨੂੰ ਭੁੱਖ ਬਿਲਕੁਲ ਨਹੀਂ ਰਹਿੰਦੀ (ਸੰ.ਸ.; ਫ.ਸ.; ਦਰਪਣ)।

ਪਦਾਰਥ = ਜਾਚਿਕੁ–ਮੰਗਤਾ।ਸਾਹਿਬੁ–ਮਾਲਕ ਹਰੀ।ਕਬੂਲੁ–ਪ੍ਰਵਾਨ।ਤਿਸਹਿ–ਉਸ ਨੂੰ।ਨ ਮੂਲਿ–ਬਿਲਕੁਲ ਨਹੀਂ।੨।

ਜਜਮਾਨ = ਉਹ ਮਨੁੱਖ, ਜਿਸ ਤੋਂ ਪਰੋਹਤ ਜੱਗ ਹਵਨ ਆਦਿ ਕਰਮ ਕਰਵਾ ਕੇ ਦੱਛਣਾ ਆਦਿ ਦਾਨ ਲੈਂਦਾ ਹੈ।ਜਜਮਾਨ ਇਥੇ ਹਰੀ ਨੂੰ ਕਿਹਾ ਹੈ, ਜਿਸ ਤੋਂ ਸਾਰੇ ਕੰਮ ਰਾਸ ਹੁੰਦੇ ਹਨ ਤੇ ਸਭ ਕੋਈ ਮੰਗ ਖਾਂਦਾ ਹੈ।ਇੱਥੇ ਜਾਚਕ ਰੂਪ ਪ੍ਰੋਹਤ ਹਰੀ ਤੋਂ ਨਾਮ ਮੰਗਦਾ ਹੈ।

ਪਉੜੀ ॥ ਮਨੁ ਰਤਾ ਗੋਵਿੰਦ ਸੰਗਿ, ਸਚੁ ਭੋਜਨੁ ਜੋੜੇ ॥ ਪ੍ਰੀਤਿ ਲਗੀ ਹਰਿ ਨਾਮ ਸਿਉ ,ਏ ਹਸਤੀ ਘੋੜੇ ॥ ਰਾਜ ਮਿਲਖ ਖੁਸੀਆ ਘਣੀ, ਧਿਆਇ ਮੁਖੁ ਨ ਮੋੜੇ ॥ ਢਾਢੀ ਦਰਿ ਪ੍ਰਭ ਮੰਗਣਾ, ਦਰੁ ਕਦੇ ਨ ਛੋੜੇ ॥ ਨਾਨਕ ਮਨਿ ਤਨਿ ਚਾਉ ਏਹੁ ,ਨਿਤ ਪ੍ਰਭ ਕਉ ਲੋੜੇ ॥੨੧॥੧॥ ਸੁਧੁ ਕੀਚੇ ॥ (ਜਿਹੜਾ) ਗੋਵਿੰਦ ਦੇ ਨਾਮ ਨਾਲ ਮਨ ਰੰਗਿਆ ਜਾਣਾ ਹੈ, ਏਹੋ ਹੀ ਸੱਚਾ ਭੋਜਨ ਤੇ ਪੁਸ਼ਾਕਾਂ ਹਨ। ਹਰੀ ਦੇ ਨਾਮ ਨਾਲ (ਜਿਹੜੀ) ਪ੍ਰੀਤ ਲਗੀ ਹੈ, ਏਹ (ਪ੍ਰੀਤ ਹੀ) ਹਾਥੀ ਤੇ ਘੋੜੇ ਹਨ।(ਪ੍ਰਭੂ ਦਾ ਨਾਮ) ਧਿਆ ਕੇ (ਉਸ ਤੋਂ) ਮੂੰਹ ਨਾ ਮੋੜਨਾ ਭਾਵ ਬੇ ਮੁਖ ਨ ਹੋਣਾ, (ਏਹੋ ਹੀ) ਰਾਜ ਤੇ ਜਾਇਦਾਦ ਦੀਆਂ ਬੇਅੰਤ ਖੁਸ਼ੀਆਂ ਹਨ।(ਮੈਂ) ਢਾਡੀ ਨੇ ਸਦਾ ਪ੍ਰਭੂ ਦੇ ਦਰ ਤੋਂ ਮੰਗਣਾ ਹੈ ਅਤੇ (ਹੇ ਪ੍ਰਭੂ! ਮੇਹਰ ਕਰ, ਤੇਰਾ) ਦਰ ਕਦੇ ਨਾ ਛਡੀਏ।ਨਾਨਕ ਦੇ ਮਨ ਵਿਚ ਤੇ ਤਨ ਵਿਚ ਏਹੋ ਚਾਉ ਹੈ (ਕਿ ਮੇਰਾ ਮਨ) ਸਦਾ ਪ੍ਰਭੂ ਨੂੰ ਚਾਹੁੰਦਾ ਰਹੇ।੨੧।

ਪਦਾਰਥ = ਰਤਾ–ਰੰਗਿਆ ਹੈ।ਜੋੜੇ–ਪੁਸ਼ਾਕਾਂ–ਇਹ।ਹਸਤੀ–ਹਾਥੀ।ਮਿਲਖ–ਜਾਇਦਾਦ।ਘਣੀ–ਬਹੁਤ; ਬੇਅੰਤ।ਢਾਢੀ–ਰੱਬ ਦੀ ਸਿਫਤ ਸਲਾਹ ਕਰਨ ਵਾਲਾ।ਦਰਿ–ਰੱਬ ਦੇ ਦਰ ਤੋਂ।ਨ ਛੋੜੇ–ਨਹੀਂ ਛਡਦਾ।ਲੋੜੇ–ਚਾਹੁੰਦਾ ਰਹੇ।੨੧।

ਸੁਧੁ ਕੀਚੇ = ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਆਗਿਆ ਕੀਤੀ ਕਿ ਕਿਸੇ ਸਲੋਕ ਅੱਗੇ ਮਹੱਲਾ ਲਿਖਣਾ ਰਹਿ ਗਿਆ ਹੋਵੇ ਜਾਂ ਪਉੜੀ ਲਿਖਣੀ ਰਹਿ ਗਈ ਹੋਵੇ ਜਾਂ ਕੋਈ ਲਗ ਮਾਤ੍ਰ ਦੀ ਭੁੱਲ ਰਹਿ ਗਈ ਹੋਵੇ, ਤਾਂ ਸੋਧ ਕਰ ਲਈ ਜਾਵੇ।

ਹੇ ਗੁਰੂ ਮਹਾਰਾਜ ਜੀ! ਅਰਥ ਲਿਖਦਿਆਂ ਬੇਅੰਤ ਭੁੱਲਾਂ ਹੋਈਆਂ ਹੋਣਗੀਆਂ, ਆਪ ਅਣਜਾਣ ਜਾਣ ਕੇ ਖਿਮਾ ਕਰ ਦੇਣਾ ਜੀ।

॥ ਹਰਜਿੰਦਰ ਸਿੰਘ ਗਿਆਨੀ ॥

All Rights Reserved by Harjinder Singh Gyani | www.GuruGranthVakhyaan.org